ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 213| 4 to 10 Feb., 2026 | Ph.: (510) 240-5949 | Email: asrtimes@gmail.com




## ਦੋਵਾਂ ਦੇਸ਼ਾਂ ਦੇ ਬਾਜ਼ਾਰ ਨੂੰ ਨਵੀਂਆਂ ਉਚਾਈਆਂ ਦੇਵੇਗਾ ਇਹ ਸਮਝੌਤਾ

## ਦੋਵੇਂ ਦੇਸ਼ਾਂ ਦੀਆਂ ਅਰਥ ਵਿਵਸਥਾਵਾਂ ਹੋਣਗੀਆਂ ਹੋਰ ਮਜ਼ਬੂਤ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਵਿਸ਼ਵ ਦੇ ਦੋ ਸਭ ਤੋਂ ਵੱਡੇ ਲੋਕਤੰਤਰਾਂ ਭਾਰਤ ਅਤੇ ਅਮਰੀਕਾ ਵਿਚਾਲੇ ਨਵੇਂ ਵਪਾਰ ਸਮਝੌਤੇ ਨੂੰ ਦੋਵਾਂ ਦੇਸ਼ਾਂ ਵਿਚਕਾਰ ਆਰਥਿਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਇਹ ਸਮਝੌਤਾ ਅਜਿਹੇ ਸਮੇਂ ਆਇਆ ਹੈ ਜਦੋਂ ਵਿਸ਼ਵ ਪੱਧਰ 'ਤੇ ਭਰੋਸੇਯੋਗ ਵਪਾਰਕ ਭਾਈਵਾਲਾਂ ਦੀ ਜ਼ਰੂਰਤ ਤੇਜ਼ੀ ਨਾਲ ਵਧ ਰਹੀ ਹੈ। ਮਾਹਿਰਾਂ ਦੇ ਅਨੁਸਾਰ, ਇਹ ਸਮਝੌਤਾ ਵਿਸ਼ਵ ਅਰਥਵਿਵਸਥਾ ਵਿੱਚ ਭਾਰਤ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰੇਗਾ।

ਇਹ ਸਮਝੌਤਾ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਵਧਾਏਗਾ ਅਤੇ ਦੇਸ਼ ਵਿੱਚ ਨਿਵੇਸ਼ ਲਈ ਨਵੇਂ ਰਸਤੇ ਖੋਲ੍ਹੇਗਾ। ਸਟਾਰਟਅੱਪਸ ਅਤੇ ਨਿਰਮਾਣ ਖੇਤਰ ਨੂੰ ਖਾਸ ਤੌਰ 'ਤੇ ਸਿੱਧੇ ਤੌਰ 'ਤੇ ਲਾਭ ਹੋਣ ਦੀ ਉਮੀਦ ਹੈ, ਜਿਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।

ਇਹ ਸਮਝੌਤਾ ਕਈ ਮੁੱਖ ਖੇਤਰਾਂ ਜਿਵੇਂ ਕਿ ਇਲੈਕਟ੍ਰਾਨਿਕਸ, ਰੱਖਿਆ ਉਤਪਾਦਨ, ਫ਼ਾਰਮਾਸਿਊਟੀਕਲ, ਟੈਕਸਟਾਈਲ, ਰਤਨ ਅਤੇ ਗਹਿਣੇ, ਖੇਤੀਬਾੜੀ ਉਤਪਾਦ, ਨਵਿਆਉਣਯੋਗ ਊਰਜਾ ਅਤੇ ਡਿਜੀਟਲ ਸੇਵਾਵਾਂ ਵਿੱਚ ਕਾਰਜਾਂ ਦੀ ਸਹੂਲਤ ਦੇਵੇਗਾ। ਵਪਾਰਕ ਰੁਕਾਵਟਾਂ ਨੂੰ ਘਟਾਉਣ ਅਤੇ ਬਿਹਤਰ ਬਾਜ਼ਾਰ ਪਹੁੰਚ ਪ੍ਰਦਾਨ ਕਰਨ ਨਾਲ ਭਾਰਤੀ ਨਿਰਯਾਤਕਾਂ ਅਤੇ ਕਾਰੋਬਾਰਾਂ ਨੂੰ ਰਾਹਤ ਮਿਲਣ ਦੀ ਉਮੀਦ ਹੈ।

ਟਰੰਪ ਅਨੁਸਾਰ ਇਸ ਸਮਝੌਤੇ ਨਾਲ ਭਾਰਤ ਵੱਲੋਂ ਅਮਰੀਕੀ ਊਰਜਾ, ਕੋਲਾ, ਤਕਨਾਲੋਜੀ ਅਤੇ ਖੇਤੀਬਾੜੀ ਉਤਪਾਦਾਂ ਦੀ ਖਰੀਦ ਵਧੇਗੀ, ਜੋ ਕਿ ਇੱਕ ਵਿਆਪਕ ਸਮਝੌਤੇ ਦਾ ਪਹਿਲਾ ਪੜਾਅ ਹੈ। ਇਸ ਡੀਲ ਤਹਿਤ ਭਾਰਤ ਪੈਟਰੋਲੀਅਮ, ਰੱਖਿਆ ਉਪਕਰਣ, ਇਲੈਕਟ੍ਰੋਨਿਕਸ ਅਤੇ ਫ਼ਾਰਮਾਸਿਊਟੀਕਲ ਦੀ ਖਰੀਦ ਵਧਾਏਗਾ, ਜਿਸ ਨਾਲ ਭਾਰਤੀ ਨਿਰਯਾਤਕਾਂ, ਖਾਸ ਕਰਕੇ ਟੈਕਸਟਾਈਲ, ਗਹਿਣੇ ਅਤੇ ਕੈਮੀਕਲ ਖੇਤਰ ਨੂੰ ਵੱਡਾ ਲਾਭ ਮਿਲੇਗਾ ਅਤੇ ਉਹ ਵੀਅਤਨਾਮ ਤੇ ਬੰਗਲਾਦੇਸ਼ ਵਰਗੇ ਦੇਸ਼ਾਂ ਦਾ ਮੁਕਾਬਲਾ ਕਰ ਸਕਣਗੇ।

ਭਾਰਤ ਅਤੇ ਅਮਰੀਕਾ ਵਿਚਕਾਰ ਹੋਇਆ ਤਾਜ਼ਾ ਵਪਾਰਕ ਸਮਝੌਤਾ ਭਾਰਤੀ ਆਰਥਿਕਤਾ, ਖਾਸ ਕਰਕੇ ਲੇਬਰ-ਇੰਟੈਂਸਿਵ (ਵੱਧ ਮਜ਼ਦੂਰੀ ਵਾਲੇ) ਅਤੇ ਐੱਮ ਐੱਸ ਐੱਮ ਈ ਖੇਤਰਾਂ ਲਈ ਇੱਕ ਵੱਡੀ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ। ਇਸ ਸਮਝੌਤੇ ਤਹਿਤ ਵਾਸ਼ਿੰਗਟਨ ਭਾਰਤੀ ਘਰੇਲੂ ਵਸਤੂਆਂ 'ਤੇ ਟੈਰਿਫ਼ (ਟੈਕਸ) ਘਟਾ ਕੇ 18 ਫ਼ੀਸਦੀ ਕਰਨ ਲਈ ਸਹਿਮਤ ਹੋ ਗਿਆ ਹੈ, ਜੋ ਕਿ ਪਹਿਲਾਂ ਕਾਫ਼ੀ ਜ਼ਿਆਦਾ ਸਨ ਮਾਹਿਰਾਂ ਅਨੁਸਾਰ, ਇਸ ਫ਼ੈਸਲੇ ਨਾਲ ਭਾਰਤੀ ਉਤਪਾਦਾਂ ਦੀਆਂ ਕੀਮਤਾਂ ਵਿੱਚ ਸੁਧਾਰ ਹੋਵੇਗਾ ਅਤੇ ਅਮਰੀਕੀ ਖਰੀਦਦਾਰਾਂ ਦਾ ਭਾਰਤੀ ਸਪਲਾਇਰਾਂ 'ਤੇ ਭਰੋਸਾ ਵਧੇਗਾ, ਜਿਸ ਨਾਲ ਆਉਣ ਵਾਲੇ ਮਹੀਨਿਆਂ ਵਿੱਚ ਨਿਰਯਾਤ ਵਿੱਚ ਤੇਜ਼ੀ ਨਾਲ ਵਾਧਾ ਹੋਣ ਦੀ ਉਮੀਦ ਹੈ। ਇਹ ਵਿਕਾਸ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਆਪਣੀ ਸਪਲਾਈ ਚੇਨ ਨੂੰ ਚੀਨ ਤੋਂ ਹਟਾ ਕੇ ਦੂਜੇ ਦੇਸ਼ਾਂ ਵੱਲ ਮੋੜਨ ਦੀ ਰਣਨੀਤੀ 'ਤੇ ਕੰਮ ਕਰ ਰਿਹਾ ਹੈ। ਇਸ ਸਮਝੌਤੇ ਨਾਲ ਭਾਰਤ ਦੀ ਨਿਰਯਾਤ ਪ੍ਰਤੀਯੋਗਤਾ ਵਧੇਗੀ ਅਤੇ ਭਾਰਤ ਇੱਕ ਭਰੋਸੇਯੋਗ ਗਲੋਬਲ ਸੋਰਸਿੰਗ ਹੱਬ ਵਜੋਂ ਆਪਣੀ ਸਥਿਤੀ ਮਜ਼ਬੂਤ ਕਰੇਗਾ।

## ਭਾਰਤੀ ਨਿਰਯਾਤਕਾਂ ਅਤੇ ਕਾਰੋਬਾਰਾਂ ਨੂੰ ਮਿਲੇਗੀ ਰਾਹਤ



## ‘ਮੇਕ ਇਨ ਇੰਡੀਆ’ ਨੂੰ ਮਿਲੇਗਾ ਵੱਡਾ ਹੁਲਾਰਾ : ਜੈਸ਼ੰਕਰ

ਵਾਸ਼ਿੰਗਟਨ/ਏ.ਟੀ.ਨਿਊਜ਼: ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਦੋਵਾਂ ਅਰਥਵਿਵਸਥਾਵਾਂ ਵਿੱਚ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਅਤੇ ਦੇਸ਼ ਦੇ ‘ਮੇਕ ਇਨ ਇੰਡੀਆ’ ਯਤਨਾਂ ਨੂੰ ਮਜ਼ਬੂਤ ਕਰੇਗਾ।

ਅਮਰੀਕਾ ਦੇ ਤਿੰਨ ਦਿਨਾ ਦੌਰੇ 'ਤੇ ਆਏ ਜੈਸ਼ੰਕਰ ਨੇ ਕਿਹਾ ਕਿ ਉਹ ਦੁਵੱਲੇ ਵਪਾਰ ਸਬੰਧੀ ਕੀਤੇ ਐਲਾਨਾਂ ਦਾ ਸਵਾਗਤ ਕਰਦੇ ਹਨ।

ਜੈਸ਼ੰਕਰ ਨੇ ਐਕਸ 'ਤੇ ਇੱਕ ਪੋਸਟ ਪਾ ਕੇ ਕਿਹਾ, ‘ਇਸ ਸਮਝੌਤੇ ਨਾਲ ਨੌਕਰੀਆਂ ਵਧਣਗੀਆਂ ਤੇ ਇਹ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਅਤੇ ਦੋਵਾਂ ਅਰਥਵਿਵਸਥਾਵਾਂ ਵਿੱਚ ਨਵੇਂ ਕੰਮ ਹੋਣਗੇ।

ਇਹ ਮੇਕ ਇਨ ਇੰਡੀਆ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰੇਗਾ ਅਤੇ ਤਕਨਾਲੋਜੀ ਬਾਰੇ ਸਬੰਧਾਂ ਨੂੰ ਉਤਸ਼ਾਹਿਤ ਕਰੇਗਾ।

## ਵਿਸ਼ਵ ਸੰਤੁਲਨ ਵਿੱਚ ਭਾਰਤ ਦੀ ਭੂਮਿਕਾ ਮਹੱਤਵਪੂਰਨ : ਮੋਦੀ

ਨਵੀਂ ਦਿੱਲੀ/ਏ.ਟੀ.ਨਿਊਜ਼: ਐਨ.ਡੀ.ਏ. ਸੰਸਦੀ ਪਾਰਟੀ ਦੀ ਇੱਕ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਮੋਦੀ ਨੂੰ ਸਨਮਾਨਿਤ ਕੀਤਾ ਗਿਆ। ਸੰਸਦੀ ਪਾਰਟੀ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਸੰਯੁਕਤ ਰਾਜ ਅਮਰੀਕਾ ਨਾਲ ਵਪਾਰ ਸਮਝੌਤੇ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਭਾਰਤ ਦਾ ਕੇਂਦਰ ਪੱਧਰ 'ਤੇ ਉਭਾਰ ਇਸ ਸਦੀ ਦਾ ਸਭ ਤੋਂ ਵੱਡਾ ਵਿਕਾਸ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਐਨ.ਡੀ.ਏ. ਸੰਸਦੀ ਪਾਰਟੀ ਦੀ ਮੀਟਿੰਗ ਵਿੱਚ ਕਿਹਾ, ‘ਭਾਰਤ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿੱਤੀ ਜਾ ਰਹੀ ਹੈ। ਵਿਸ਼ਵ ਸੰਤੁਲਨ ਵਿੱਚ ਭਾਰਤ ਦੀ ਭੂਮਿਕਾ ਮਹੱਤਵਪੂਰਨ ਹੈ। ਭਾਰਤ ਦੁਨੀਆ ਦੇ ਕੇਂਦਰ ਪੱਧਰ 'ਤੇ ਹੈ, ਅਤੇ ਇਹ ਇਸ ਸਦੀ ਦਾ ਸਭ ਤੋਂ ਵੱਡਾ ਵਿਕਾਸ ਹੈ।’ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ‘ਕੁਝ ਲੋਕ ਟੈਰਿਫ਼ ਫ਼ੈਸਲੇ ਤੋਂ ਨਾਰਾਜ਼ ਸਨ। ਜਦੋਂ ਭਾਰਤ 'ਤੇ ਟੈਰਿਫ਼ ਲਗਾਏ ਗਏ ਸਨ, ਤਾਂ ਵਿਰੋਧੀ ਧਿਰ ਨੇ ਸਾਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਈ ਤਰ੍ਹਾਂ ਦੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ।’

ਸੰਸਦੀ ਪਾਰਟੀ ਦੀ ਮੀਟਿੰਗ ਵਿੱਚ, ਪ੍ਰਧਾਨ ਮੰਤਰੀ ਨੇ ਸੰਸਦ ਮੈਂਬਰਾਂ ਨੂੰ ਨਿਰਮਾਤਾਵਾਂ ਨਾਲ ਕਾਨਫ਼ਰੰਸ ਕਰਨ ਲਈ ਕਿਹਾ। ਪ੍ਰਧਾਨ ਮੰਤਰੀ ਨੇ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਨਿਰਯਾਤ ਸੰਭਾਵਨਾਵਾਂ ਦੀ ਪੜਚੋਲ ਕਰਨ, ਨਿਰਯਾਤ ਲਈ ਅਨੁਕੂਲ ਵਾਤਾਵਰਣ ਬਣਾਉਣ ਅਤੇ ਗੁਣਵੱਤਾ 'ਤੇ ਧਿਆਨ ਕੇਂਦਰਿਤ ਕਰਨ। ਪ੍ਰਧਾਨ ਮੰਤਰੀ ਨੇ ਸੰਸਦੀ ਪਾਰਟੀ ਦੀ ਮੀਟਿੰਗ ਵਿੱਚ ਕਿਹਾ ਕਿ ਸਾਨੂੰ ਪੱਥਰ ਵਿੱਚ ਰੇਖਾਵਾਂ ਖਿੱਚਣ ਦੀ ਆਦਤ ਨਹੀਂ ਛੱਡਣੀ ਚਾਹੀਦੀ।

## ਭਾਰਤ ਲਈ ਸਮਝੌਤੇ ਦੇ ਮੁੱਖ ਲਾਭ

**ਰੁਜ਼ਗਾਰ ਦੇ ਮੌਕੇ:** ਇਹ ਸਮਝੌਤਾ ਖਾਸ ਕਰਕੇ ਔਰਤਾਂ ਲਈ ਅਤੇ ਲੇਬਰ-ਇੰਟੈਂਸਿਵ ਸੈਕਟਰਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕਰੇਗਾ।

**ਵੱਡੇ ਖੇਤਰਾਂ ਨੂੰ ਲਾਭ:** ਟੈਕਸਟਾਈਲ, ਪਹਿਰਾਵਾ , ਰਤਨ ਅਤੇ ਗਹਿਣੇ, ਚਮੜਾ ਅਤੇ ਜੁੱਤੀਆਂ, ਇੰਜੀਨੀਅਰਿੰਗ ਸਾਮਾਨ ਅਤੇ ਆਟੋ ਪਾਰਟਸ ਵਰਗੇ ਖੇਤਰਾਂ ਨੂੰ ਇਸਦਾ ਸਭ ਤੋਂ ਵੱਧ ਫ਼ਾਇਦਾ ਹੋਵੇਗਾ।

**ਵਿਦੇਸ਼ੀ ਮੁਕਾਬਲੇਬਾਜ਼ੀ:** ਭਾਰਤੀ ਨਿਰਯਾਤਕ ਹੁਣ ਅਮਰੀਕੀ ਬਾਜ਼ਾਰ ਵਿੱਚ ਵੀਅਤਨਾਮ ਅਤੇ ਬੰਗਲਾਦੇਸ਼ ਵਰਗੇ ਦੇਸ਼ਾਂ ਨਾਲ ਸਿੱਧਾ ਮੁਕਾਬਲਾ ਕਰ ਸਕਣਗੇ।

**ਰੁਕੇ ਹੋਏ ਆਰਡਰਾਂ ਦੀ ਬਹਾਲੀ:** ਦਸੰਬਰ ਤੱਕ ਰੁਕੇ ਹੋਏ ਗਰਮੀਆਂ ਦੇ ਸੀਜ਼ਨ ਦੇ ਆਰਡਰ ਹੁਣ ਤੁਰੰਤ ਜਾਰੀ ਹੋਣ ਦੀ ਉਮੀਦ ਹੈ, ਜਿਸ ਨਾਲ ਬਰਾਮਦ ਵਿੱਚ ਤੁਰੰਤ ਉਛਾਲ ਆਵੇਗਾ।

**ਨਿਵੇਸ਼ ਵਿੱਚ ਵਾਧਾ:** ਬਿਹਤਰ ਵਪਾਰਕ ਸ਼ਰਤਾਂ ਕਾਰਨ ਪੂਰੀ ਵੈਲਯੂ ਚੇਨ ਵਿੱਚ ਨਵੇਂ ਨਿਵੇਸ਼ ਆਉਣ ਦੀ ਸੰਭਾਵਨਾ ਹੈ।

## ਚੁਣੌਤੀਆਂ ਅਤੇ ਸੰਭਾਵਿਤ ਨੁਕਸਾਨ

**ਤੇਲ ਦੀ ਸਪਲਾਈ ਵਿੱਚ ਤਬਦੀਲੀ:** ਰੂਸੀ ਤੇਲ ਦੇ ਇਕਰਾਰਨਾਮਿਆਂ ਨੂੰ ਪੂਰੀ ਤਰ੍ਹਾਂ ਖਤਮ ਕਰਕੇ ਨਵੇਂ ਸਪਲਾਇਰਾਂ ਵੱਲ ਮੁੜਨ ਲਈ ਭਾਰਤੀ ਰਿਫ਼ਾਇਨਰੀਆਂ ਨੂੰ ਕੁਝ ਸਮਾਂ ਲੱਗੇਗਾ ਅਤੇ ਇਸ ਨਾਲ ਸੰਚਾਲਨ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ।

**ਭਾਰਤੀ ਟੈਰਿਫ਼ਾਂ ਵਿੱਚ ਕਟੌਤੀ:** ਭਾਰਤ ਵੱਲੋਂ ਅਮਰੀਕੀ ਵਸਤੂਆਂ 'ਤੇ ਟੈਰਿਫ਼ ਜ਼ੀਰੋ ਕਰਨ ਦੇ ਵਾਅਦੇ ਨਾਲ ਘਰੇਲੂ ਉਦਯੋਗਾਂ ਨੂੰ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਵਪਾਰਕ ਘਾਟੇ ਦਾ ਦਬਾਅ:** ਅਮਰੀਕਾ ਨੇ ਇਹ ਡਿਊਟੀਆਂ ਇਸ ਲਈ ਲਗਾਈਆਂ ਸਨ ਕਿਉਂਕਿ ਉਸ ਨੂੰ ਭਾਰਤ ਨਾਲ ਵੱਡਾ ਵਪਾਰਕ ਘਾਟਾ ਮਹਿਸੂਸ ਹੋ ਰਿਹਾ ਸੀ। 2024-25 ਵਿੱਚ ਭਾਰਤ ਦਾ ਅਮਰੀਕਾ ਨਾਲ ਕੁੱਲ ਵਪਾਰਕ ਸਰਪਲੱਸ ਲਗਭਗ 44.4 ਬਿਲੀਅਨ ਡਾਲਰ ਸੀ।

**ਖਾਸ ਖੇਤਰਾਂ 'ਤੇ ਉੱਚ ਡਿਊਟੀ:** ਅਮਰੀਕਾ ਅਜੇ ਵੀ ਕੁਝ ਖਾਸ ਵਸਤੂਆਂ ਜਿਵੇਂ ਡੇਅਰੀ ਉਤਪਾਦ (188%), ਅਨਾਜ (193%) ਅਤੇ ਫ਼ਲਾਂ-ਸਬਜ਼ੀਆਂ (132%) 'ਤੇ ਬਹੁਤ ਜ਼ਿਆਦਾ ਡਿਊਟੀ ਲਗਾਉਂਦਾ ਹੈ, ਜਿਨ੍ਹਾਂ 'ਤੇ ਸਪਸ਼ਟਤਾ ਆਉਣੀ ਅਜੇ ਬਾਕੀ ਹੈ।

# ਸੰਤ ਬਾਬਾ ਅਤਰ ਸਿੰਘ ਜੀ ਦੀ ਯਾਦ 'ਚ 'ਮਿਸਲ ਸਤਲੁਜ' ਵੱਲੋਂ ਮੁਫ਼ਤ ਕਾਨੂੰਨੀ ਸਲਾਹ ਕੈਂਪ ਦਾ ਆਯੋਜਨ

ਮਸਤੂਆਣਾ ਸਾਹਿਬ/ ਏ.ਟੀ.ਨਿਊਜ਼: ਪੰਥਕ ਤੇ ਲੋਕ-ਹਿਤੈਸ਼ੀ ਜਥੇਬੰਦੀ ਮਿਸਲ ਸਤਲੁਜ ਵੱਲੋਂ ਮਹਾਨ ਸੰਤ, ਸਮਾਜ ਸੁਧਾਰਕ ਅਤੇ ਵਿਦਿਆ ਦੇ ਪ੍ਰਚਾਰਕ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਮੁਫ਼ਤ ਕਾਨੂੰਨੀ ਸਲਾਹ ਕੈਂਪ ਦਾ ਆਯੋਜਨ ਕੀਤਾ ਗਿਆ।

ਇਸ ਕੈਂਪ ਦਾ ਮੁੱਖ ਉਦੇਸ਼ ਆਮ ਲੋਕਾਂ, ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਅਤੇ ਪੀੜਤ ਵਰਗਾਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਮੁਫ਼ਤ ਕਾਨੂੰਨੀ ਮਾਰਗਦਰਸ਼ਨ ਪ੍ਰਦਾਨ ਕਰਨਾ ਸੀ। ਕੈਂਪ ਦੌਰਾਨ ਅਨੁਭਵੀ ਵਕੀਲਾਂ ਵੱਲੋਂ ਜ਼ਮੀਨ-ਜਾਇਦਾਦ, ਪਰਿਵਾਰਕ ਵਿਵਾਦ, ਮਜ਼ਦੂਰੀ ਕਾਨੂੰਨ, ਫੌਜਦਾਰੀ ਮਾਮਲੇ, ਨਾਗਰਿਕ ਹੱਕਾਂ ਸਮੇਤ ਹੋਰ ਕਾਨੂੰਨੀ ਮਸਲਿਆਂ ਬਾਰੇ ਸਲਾਹ ਦਿੱਤੀ




ਗਈ ਅਤੇ ਲੋੜਬੰਦ ਸੰਗਤਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਦਾ ਵਾਅਦਾ ਕੀਤਾ।

ਇਸ ਮੌਕੇ ਜਥੇਬੰਦੀ ਦੇ ਪ੍ਰਧਾਨ ਅਜੇਪਾਲ ਸਿੰਘ ਬਰਾੜ ਨੇ ਕਿਹਾ ਕਿ ਸੰਤ ਬਾਬਾ ਅਤਰ ਸਿੰਘ ਜੀ ਦਾ ਵਿੱਦਿਆ ਦੇ ਖੇਤਰ ਵਿੱਚ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਦੀ ਯਾਦ ਵਿੱਚ ਲਗਾਇਆ ਜਾ ਰਿਹਾ ਇਹ ਕੈਂਪ ਮਿਸਲ ਸਤਲੁਜ ਵੱਲੋਂ ਲੋਕ ਸੇਵਾ ਵੱਲ ਇੱਕ ਨਿਮਾਣਾ ਪਰ ਸੰਕਲਪਬੱਧ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਕਾਨੂੰਨੀ ਜਾਣਕਾਰੀ ਦੀ ਘਾਟ ਕਾਰਨ ਆਮ ਨਾਗਰਿਕ ਅਕਸਰ ਆਪਣੇ ਹੱਕਾਂ ਤੋਂ ਵਾਂਝੇ ਰਹਿ ਜਾਂਦੇ ਹਨ,ਜਥੇਬੰਦੀ ਦਾ ਮਕਸਦ ਨਿਆਂ ਨੂੰ ਹਰ ਵਿਅਕਤੀ ਤੱਕ ਪਹੁੰਚਾਉਣਾ ਹੈ। ਹਰਪ੍ਰੀਤ ਸਿੰਘ ਸੰਧੂ, ਸਤਵੀਰ ਸਿੰਘ, ਅਰਸ਼ਦੀਪ ਸਿੰਘ, ਤਨਮੇ ਗੋਇਲ,ਮਨਸਪ੍ਰੀਤ ਸਿੰਘ ਵਕੀਲ ਸਾਹਿਬ ਨੇ ਸੰਗਤਾਂ ਨੂੰ ਕਾਨੂੰਨੀ ਸੇਵਾਵਾਂ ਦਿੱਤੀਆਂ। ਉੱਥੇ ਹੀ ਮਿਸਲ ਸਤਲੁਜ ਦੇ ਯੂਥ ਆਗੂ ਯਾਦਵਿੰਦਰ ਸਿੰਘ ਯਾਦੂ ਅਲਾਲ ਨੇ ਕਿਹਾ ਕਿ ਨੌਜਵਾਨ ਵਰਗ ਨੂੰ ਕਾਨੂੰਨੀ ਜਾਗਰੂਕਤਾ ਨਾਲ ਜੋੜਨਾ ਸਮੇਂ ਦੀ ਅਹਿਮ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਮੁਫ਼ਤ ਕਾਨੂੰਨੀ ਸਲਾਹ ਕੈਂਪ ਗਰੀਬ, ਮਜ਼ਦੂਰ, ਕਿਸਾਨ ਅਤੇ ਵਿਦਿਆਰਥੀ ਵਰਗ ਲਈ ਵੱਡਾ ਸਹਾਰਾ ਸਾਬਤ ਹੋਵੇਗਾ।ਯਾਦੂ ਨੇ ਕਿਹਾ ਕਿ ਸੰਤ ਬਾਬਾ ਅਤਰ ਸਿੰਘ ਜੀ ਦੀ ਸੋਚ ਸਾਨੂੰ ਸੇਵਾ, ਸੱਚਾਈ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਪਾਠ ਪੜ੍ਹਾਉਂਦੀ ਹੈ, ਜਿਸ ਨੂੰ ਅੱਗੇ ਵਧਾਉਣਾ ਹਰ ਨੌਜਵਾਨ ਦਾ ਫਰਜ਼ ਹੈ। ਉਹਨਾਂ ਨੇ ਕਿਹਾ ਕਿ ਭਵਿੱਖ ਵਿੱਚ ਵੀ ਲੋਕ-ਹਿਤੈਸ਼ੀ ਕਾਰਜ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਅਮਰਿੰਦਰ ਸਿੰਘ ਤੁੜ, ਹਰਜੀਤ ਸਿੰਘ ਖਿਜ਼ਰਾਬਾਦ, ਅਮਰਿੰਦਰ ਸਿੰਘ, ਜਗਸੀਰ ਸਿੰਘ ,ਸਿਮਰਨਜੀਤ ਸਿੰਘ ਆਦਿ ਵੱਡੀ ਗਿਣਤੀ ਵਿੱਚ ਮਿਸਲ ਸਤਲੁਜ ਦੇ ਆਗੂ ਹਾਜ਼ਰ ਸਨ।

### ਸਾਕਾ ਨਕੋਦਰ ਮਾਮਲਾ

# 'ਮਿਸਲ ਸਤਲੁਜ' ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕਰਨ ਦੀ ਮੰਗ ਕੀਤੀ

## ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੁੱਖ ਗੇਟ ਅੱਗੇ ਪ੍ਰਦਰਸ਼ਨ






ਪਟਿਆਲਾ/ਏ.ਟੀ.ਨਿਊਜ਼: ਪਿਛਲੇ ਦਿਨੀਂ ਇਥੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੁੱਖ ਗੇਟ ਅੱਗੇ ਜਥੇਬੰਦੀ ਮਿਸਲ ਸਤਲੁਜ ਵੱਲੋਂ ਸਾਕਾ ਨਕੋਦਰ ਵਿੱਚ ਸ਼ਹੀਦ ਕੀਤੇ ਗਏ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਨਸਾਫ਼ ਲਈ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ 4 ਫਰਵਰੀ 1986 ਨੂੰ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਇਕੱਠੀ ਹੋਈ ਨਿਹੱਥੀ ਸਿੱਖ ਸੰਗਤ 'ਤੇ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ। ਇਸ ਦਰਦਨਾਕ ਸਾਕੇ ਦੀ ਜਾਂਚ ਲਈ ਵੇਲੇ ਦੀ ਪੰਜਾਬ ਸਰਕਾਰ ਵੱਲੋਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਗਿਆ ਸੀ, ਜਿਸ ਦੀ ਰਿਪੋਰਟ ਦਾ ਇੱਕ ਹਿੱਸਾ ਬੀਤੇ ਸਾਲ ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ ਸਾਹਮਣੇ ਆਇਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਿਸਲ ਸਤਲੁਜ ਦੇ ਯੂਥ ਆਗੂ ਯਾਦਵਿੰਦਰ ਸਿੰਘ ਯਾਦੂ ਅਲਾਲ ਨੇ ਕਿਹਾ ਕਿ 40 ਸਾਲ ਬੀਤ ਜਾਣ ਦੇ ਬਾਵਜੂਦ ਵੀ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ ਅਤੇ ਸ਼ਹੀਦਾਂ ਦੇ ਪਰਿਵਾਰ ਅਜੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਸਾਕਾ ਨਕੋਦਰ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਸਰਕਾਰ ਵੱਲੋਂ ਅਜੇ ਤੱਕ ਇਸ ਮਾਮਲੇ ਸਬੰਧੀ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

ਯਾਦੂ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਹਾਲ ਹੀ ਵਿੱਚ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਨਾਲ ਮੁਲਾਕਾਤ ਕੀਤੀ ਗਈ ਸੀ, ਪਰ ਇਸ ਦੇ ਬਾਵਜੂਦ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਪੂਰੀ ਰਿਪੋਰਟ ਤੁਰੰਤ ਜਨਤਕ ਕੀਤੀ ਜਾਵੇ ਅਤੇ ਨਿਹੱਥੀ ਸੰਗਤ 'ਤੇ ਗੋਲੀਆਂ ਚਲਾ ਕੇ ਚਾਰ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਦੇ ਕਾਰੇ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਅਤੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਆਗੂਆਂ ਨੇ ਕਿਹਾ ਕਿ ਜੇ ਸਰਕਾਰ ਵੱਲੋਂ ਜਲਦ ਇਨਸਾਫ਼ ਨਹੀਂ ਦਿੱਤਾ ਗਿਆ ਤਾਂ ਮਿਸਲ ਸਤਲੁਜ ਵੱਲੋਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਪੰਥਕ ਕੌਂਸਲ ਦੀ ਇਕੱਤਰਤਾ ਵਿੱਚ ਵੱਖ-ਵੱਖ ਪੰਥਕ ਮੁੱਦਿਆਂ 'ਤੇ ਚਰਚਾ

## ਪੰਥਕ ਕੌਂਸਲ ਵੱਲੋਂ ਲੀਗਲ ਸੈੱਲ ਸਥਾਪਿਤ ਕੀਤਾ ਜਾਵੇਗਾ : ਬੀਬਾ ਸਤਵੰਤ ਕੌਰ

ਪਿਛਲੇ ਦਿਨੀਂ ਪੰਥਕ ਇਕਸੁਰਤਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਤਮਸਤਕ ਹੋਣ ਉਪਰੰਤ ਕਾਰਜਸ਼ੀਲ ਹੋਈ ਪੰਥਕ ਕੌਂਸਲ ਦੀ ਪੰਜ ਮੈਂਬਰੀ ਕਮੇਟੀ ਦੀ ਮੁੱਖ ਸੇਵਾਦਾਰ ਬੀਬਾ ਸਤਵੰਤ ਕੌਰ ਜੀ ਦੀ ਅਗਵਾਈ ਵਿੱਚ ਅਹਿਮ ਮੀਟਿੰਗ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਥਕ ਕੌਂਸਲ ਦੇ ਬੁਲਾਰੇ ਨੇ ਦੱਸਿਆ ਕਿ ਪੰਥਕ ਕੌਂਸਲ ਦੇ ਕਾਰਜ ਖੇਤਰ ਨੂੰ, ਜਿਸ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਸ਼ਾਮਿਲ ਕਰਦਿਆਂ, ਤਿੰਨ ਤਿੰਨ ਜ਼ਿਲ੍ਹਿਆਂ ਦੇ ਆਧਾਰ 'ਤੇ ਕੁੱਲ ਅੱਠ ਜ਼ੋਨ ਬਣਾਏ ਗਏ। ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਜਲਦੀ ਹੀ ਇਹਨਾਂ ਅੱਠਾਂ ਜ਼ੋਨਾਂ ਦੇ ਜ਼ੋਨਲ ਇੰਚਾਰਜ਼ਾਂ ਅਤੇ ਉਹਨਾਂ ਦੀ



ਅਗਵਾਈ ਵਿੱਚ ਬਣੀਆਂ ਜ਼ਿਲ੍ਹਾ ਪੱਧਰੀ ਕਮੇਟੀਆਂ ਦਾ ਐਲਾਨ ਵੀ ਕੀਤਾ ਜਾਵੇਗਾ। ਜਿਸ ਵਿੱਚ ਬੀਬੀਆਂ ਨੂੰ ਵੀ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰ ਤੋਂ ਬਲਾਕ ਅਤੇ ਪਿੰਡ ਪੱਧਰ ਦੀਆਂ ਦਰਜਾ ਬ ਦਰਜਾ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ। ਇਸ ਤਰ੍ਹਾਂ ਪੰਥਕ ਕੌਂਸਲ, ਪੰਥਕ ਇਕਸੁਰਤਾ, ਸੰਗਠਨਾਤਮਕ ਏਕਤਾ ਅਤੇ ਪੰਥਕ ਮਕਸਦਾਂ ਦੀ ਪ੍ਰਾਪਤੀ ਲਈ ਕਾਰਜਸ਼ੀਲ ਹੋਵੇਗੀ। ਇਸ ਦੇ ਨਾਲ ਦੁਨੀਆਂ ਭਰ ਦੇ ਸਿੱਖਾਂ ਨੂੰ ਪੰਥਕ ਕੌਂਸਲ ਦਾ ਹਿੱਸਾ ਬਣਾਉਣ ਵਾਸਤੇ ਆਉਣ ਵਾਲੇ ਦਿਨਾਂ ਵਿੱਚ ਵਿਸ਼ਵ ਵਿਆਪੀ ਕਮੇਟੀਆਂ ਦਾ ਐਲਾਨ ਵੀ ਕੀਤਾ ਜਾਵੇਗਾ। ਪੰਥਕ ਕੌਂਸਲ ਵੱਲੋਂ ਜਲਦੀ ਹੀ ਆਪਣਾ ਇੱਕ ਲੀਗਲ ਸੈੱਲ ਵੀ ਸਥਾਪਿਤ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਸ਼ਾਮਲ ਮੈਂਬਰਾਂ ਨੇ ਇਸ ਗੱਲ 'ਤੇ ਜ਼ੋਰ ਦਿੰਦਿਆ ਕਿਹਾ ਕਿ ਮੌਜੂਦਾ ਸਮੇਂ ਵਿੱਚ ਸਿੱਖ ਪੰਥ ਨੂੰ ਦਰਪੇਸ਼ ਸਮੱਸਿਆਵਾਂ ਤੇ ਚੁਣੌਤੀਆਂ ਦੇ ਹੱਲ ਵਾਸਤੇ ਅੱਜ ਸਮੁੱਚੇ ਪੰਥ ਨੂੰ ਨਿੱਜ ਤੋਂ ਉਪਰ ਉਠ ਕੇ ਪੰਥ ਦੀ ਤਾਕਤ ਨੂੰ ਇੱਕਜੁਟ ਕਰਨਾ ਬਹੁਤ ਜ਼ਰੂਰੀ ਹੈ ਅਤੇ ਪੰਥਕ ਕੌਂਸਲ ਇਸ ਦਿਸ਼ਾ ਵਿੱਚ ਲਗਾਤਾਰ ਕਦਮ ਚੁੱਕਦੀ ਰਹੇਗੀ। ਕੌਂਸਲ ਨੇ ਸਪਸ਼ਟ ਕੀਤਾ ਕਿ ਪੰਥ ਦੀ ਚੜ੍ਹਦੀਕਲਾ ਅਤੇ ਇਕਸੁਰਤਾ ਉਸ ਦੀ ਪ੍ਰਾਥਮਿਕਤਾ ਰਹੇਗੀ। ਇਸ ਮੀਟਿੰਗ ਵਿੱਚ ਮੈਂਬਰ ਡਾ. ਜਸਪਾਲ ਸਿੰਘ, ਭਾਈ ਬਲਦੀਪ ਸਿੰਘ ਰਾਮੂੰਵਾਲੀਆ, ਐਡਵੋਕੇਟ ਬਲਵੰਤ ਸਿੰਘ ਅਤੇ ਐਡਵੋਕੇਟ ਪਰਮਜੀਤ ਸਿੰਘ ਭੰਗੂ ਸ਼ਾਮਲ ਸਨ।

# ਪੰਜਾਬ ਦੀਆਂ ਫ਼ਿਜ਼ਾਵਾਂ 'ਚ ਹੁਣ ਗੂੰਜਣ ਲੱਗੇ ਨੇ ਤਬਦੀਲੀਆਂ ਦੇ ਨਾਅਰੇ

## .....ਪਹਿਰਾ ਦਿਆਂਗੇ ਠੋਕ ਕੇ

ਬਲਰਾਜ ਪੰਨੂੰ

ਆਉਣ ਵਾਲੇ ਦਿਨਾਂ ਦੇ ਵਿੱਚ ਪੰਜਾਬ ਦੀ ਰਾਜਨੀਤੀ ਹੋਰ ਵੀ ਦਿਲਚਸਪ ਹੋਣ ਵਾਲੀ ਹੈ ਕਿਉਂਕਿ ਬਿਆਨੋ ਬਿਆਨੀ ਅਤੇ ਮਿਹਣਿਓ ਮਿਹਣੀ ਹੁੰਦੇ ਮੰਤਰੀ ਤੇ ਮੁੱਖ ਮੰਤਰੀ ਗੁੱਥਮ ਗੁੱਥਾ ਹੋਏ ਪਏ ਨੇ। ਕਿਧਰੇ ਰਾਧਾ ਸਵਾਮੀ ਜਾਦੂ ਦੀ ਜੱਫ਼ੀ ਤੋਂ ਬਾਅਦ ਪ੍ਰੈਸ ਨੂੰ ਸੰਬੋਧਿਤ ਹੁੰਦੇ ਨੇ, ਕਿਧਰੇ ਭਗਵੰਤ ਮਾਨ ਟਵੀਟ ਕਰ ਦਿੰਦੇ ਨੇ ਕਿ "ਕੱਲ੍ਹ ਬਣ ਜਾਣ ਭਾਵੇਂ ਅੱਜ ਬਣ ਜਾਣ ਅਦਾਲਤਾਂ ਦਾ ਉਥੇ ਰੱਬ ਰਾਖਾ, ਜਿਥੇ ਮੁਲਾਕਾਤੀ ਹੀ ਜੱਜ ਬਣ ਜਾਣ"। ਮੁੱਖ ਮੰਤਰੀ ਦੇ ਸਿਆਸੀ ਤੰਜ ਦੇ ਨਾਲ ਕਾਫ਼ੀ ਹਲਚਲ ਹੋਈ। ਇਹਨਾਂ ਦਿਨਾਂ ਦੇ ਵਿੱਚ ਭਾਜਪਾ ਵੀ ਡੇਰਿਆਂ ਦੀ ਪਰਿਕਰਮਾ ਕਰਦੀ ਨਜ਼ਰ ਆਈ। ਇਹ ਤਾਂ ਸਾਰੇ ਹੀ ਜਾਣਦੇ ਨੇ ਕਿ ਭਾਜਪਾ ਦਾ ਡੇਰੇ 'ਤੇ ਜਾਣਾ ਇਕੱਲਾ ਚੋਣਾਂ ਦਾ ਮਿਸ਼ਨ ਹੀ ਨਹੀਂ ਸਗੋਂ ਮਿਸ਼ਨ ਦੇ ਪਿੱਛੇ ਵੀ ਕਈ ਮਿਸ਼ਨ ਹਨ। 'ਡੇਰਾ ਬੱਲਾਂ' ਵਾਲੇ ਨੂੰ ਪਹਿਲਾਂ ਪਦਮ ਸ੍ਰੀ ਦੇ ਨਾਲ ਨਿਵਾਜਨਾ ਅਤੇ ਫੇਰ ਡੇਰੇ 'ਤੇ ਆ ਕੇ 'ਬੱਲਾਂ' ਵਾਲੇ ਦੇ ਪੈਰਾਂ ਨੂੰ ਹੱਥ ਲਾ ਕੇ ਆਸ਼ੀਰਵਾਦ ਲੈਣਾ ਪੰਜਾਬ ਦੇ ਵਿੱਚ ਪੈਰ ਜਮਾਉਣ ਦੀ ਕੋਸ਼ਿਸ਼ ਨਹੀਂ ਤਾਂ ਹੋਰ ਕੀ ਹੈ ? ਵੈਸੇ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬ ਦੀ ਜਨਤਾ ਇੱਕ ਵੱਖਰਾ ਸੁਭਾਅ ਰੱਖਦੀ ਹੈ ਤੇ ਸੁਚੇਤ ਵਰਗ ਡੇਰਿਆਂ ਦੀ ਸਿਆਸਤ ਤੋਂ ਬਹੁਤ ਖੁਸ਼ ਵੀ ਨਹੀਂ ਹੈ। ਇਹਨਾਂ ਦਿਨਾਂ ਦੇ ਵਿੱਚ ਹੀ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਫਿਰ ਇੱਕ ਵਾਰੀ ਉੱਠਿਆ ਹਾਲਾਂਕਿ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਚਿੱਠੀ ਲਿਖ ਕੇ ਵੱਡੀ ਗਿਣਤੀ ਵਿੱਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੰਘਾਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ ਹੈ। ਕਈ ਵਾਰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਕਿਧਰੇ ਬਰਗਾੜੀ ਕਾਂਡ ਵਾਂਗ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਵੀ ਚੋਣਾਵੀਂ ਮੁੱਦਾ ਨਾ ਬਣ ਕੇ ਰਹਿ ਜਾਵੇ। ਜਦੋਂ ਕੋਈ ਬਹੁਤ ਬੋਲਦਾ ਹੈ ਤਾਂ ਸਿਆਣੇ ਕਹਿੰਦੇ ਨੇ ਭਾਈ ਫਲਾਣੇ ਦਾ ਤਾਂ ਕੰਨਾਂ ਤੱਕ ਮੂੰਹ ਪਾਟਾ ਹੈ। ਇਸ ਗੱਲ ਤੋਂ ਯਾਦ ਆਇਆ ਕਿ ਮੈਡਮ ਸਿੱਧੂ ਵੀ ਹਰ ਇੱਕ ਸਿਆਸਤਦਾਨ ਨੂੰ ਰੱਜ ਕੇ ਤਾਨੇ ਮਿਹਣੇ ਸੁਣਾ ਕੇ ਤੇ ਗਊ ਮੂਤਰ ਦੇ ਫਾਇਦੇ ਗਿਣਾ ਕੇ ਭਾਜਪਾ ਵੱਲ ਪਾਸਾ ਪਲਟ ਗਈ ਹੈ। ਖੈਰ ਇੱਕ ਗੱਲ ਹੋਰ, ਐਸ. ਵਾਈ. ਐਲ. ਦੇ ਮੁੱਦੇ ਨੂੰ ਇਸ ਵਾਰੀ ਫਿਰ ਚਾਟੀ ਵਿੱਚ ਪਾਇਆ ਗਿਆ, ਰਿੜਕਿਆ ਪਰ ਨਿਕਲਿਆ ਫੇਰ ਕੁਝ ਨਹੀਂ। ਇਹ ਤਾਂ ਹੋ ਗਈਆਂ ਸਰਕਾਰਾਂ ਦੀਆਂ ਸ਼ੋਸ਼ੇਬਾਜ਼ੀਆਂ ਦੀਆਂ ਗੱਲਾਂ। ਇਤਿਹਾਸਿਕ ਪੱਖ ਤੋਂ ਵੇਖੀਏ ਤਾਂ ਨਾਭੇ ਦੀ ਰਿਆਸਤ ਕਾਫ਼ੀ ਚਰਚਾ ਦੇ ਵਿੱਚ ਰਹੀ ਹੈ ਤੇ ਉਸ ਨੂੰ ਹਰ ਪੱਖ ਤੋਂ ਭਰਵਾਂ ਹੁੰਗਾਰਾ ਵੀ ਮਿਲਿਆ ਹੈ। ਦੂਜੇ ਪਾਸੇ ਪੰਜਾਬ ਦੇ ਵਿੱਚ ਲੋਕ ਹਥਿਆਰ ਖਿਡੌਣਿਆਂ ਵਾਂਗੂੰ ਲਈ ਫਿਰਦੇ ਹਨ। ਰੋਜ ਚਾਰ ਪੰਜ ਥਾਵਾਂ 'ਤੇ ਜਾਂ ਤਾਂ ਇਹ ਚੱਲ ਜਾਂਦੇ ਨੇ ਜਾਂ ਫਿਰ ਇਸ ਦੇ ਡਰ ਦੇ ਨਾਲ ਬਹੁਤ ਕੁਝ ਦਿਨ ਦਿਹਾੜੇ ਲੁੱਟਿਆ ਜਾਂਦਾ ਹੈ। ਨੌਜਵਾਨ ਸੜਕਾਂ 'ਤੇ ਨੇ, ਪੁਲਿਸ ਵਾਲੇ ਭੀੜ ਖ਼ਿੰਡਾਉਣ ਦੇ ਲਈ ਹੱਥ ਵਿੱਚ ਡਾਂਗ ਫੜ ਕੇ ਕਾਹਲੇ ਪਏ ਰਹਿੰਦੇ ਹਨ ਤੇ ਵਰਾਉਣ ਦੇ ਲਈ ਆਰਡਰ ਦੀ ਉਡੀਕ ਵਿੱਚ ਰਹਿੰਦੇ ਨੇ। ਉਦਘਾਟਨਾਂ ਦੇ ਉੱਤੇ ਉਦਘਾਟਨ ਹੋ ਰਹੇ ਨੇ। ਕਿਸਾਨ ਮਹਿੰਗਾਈ ਦੇ ਨਾਲ ਗੁੱਥਮ ਗੁੱਥਾ ਹੋਇਆ ਪਿਆ ਹੈ ਪਰ ਸਰਕਾਰ ਅਖ਼ਬਾਰਾਂ ਦੇ ਪੰਨਿਆਂ ਦੇ ਉੱਤੇ ਮਸ਼ਹੂਰੀਆਂ ਦੇ ਰਾਹੀਂ ਦਿਖਾਅ ਰਹੀ ਹੈ ਕਿ ਪੰਜਾਬ ਤਰੱਕੀ ਦੇ ਰਾਹ 'ਤੇ ਦੌੜਦਾ ਜਾ ਰਿਹਾ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਨਸ਼ਾ ਸਰਕਾਰ ਦੀ ਸਪੀਡ ਤੋਂ ਪੰਜਾਬ ਵਿੱਚ ਵੱਧ ਦੌੜ ਰਿਹਾ ਹੈ। ਇਹ ਠੀਕ ਹੈ ਕਿ ਸਰਕਾਰ ਇੱਕ ਦਮ ਕੰਟਰੋਲ ਨਹੀਂ ਕਰ ਸਕਦੀ ਪਰ ਹੁਣ ਤਾਂ ਸੁੱਖ ਨਾਲ ਚਾਰ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਤੇ ਵੱਡੀ ਗੱਲ ਇਹ ਹੈ ਕਿ ਮਜੀਠੀਆ ਤਾਂ ਜੇਲ੍ਹ ਵਿੱਚ ਸੀ ਤੇ ਨਸ਼ਾ ਫੇਰ ਵੀ ਫੈਲਦਾ ਰਿਹਾ। ਸਵਾਲ ਪੁੱਛੇ ਤਾਂ ਕੀਹਨੂੰ ਪੁੱਛੇ ? ਸਰਕਾਰਾਂ ਦੀ ਤਾਂ ਉਹ



ਗੱਲ ਹੋ ਗਈ ਕਿ 'ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ।' ਵੈਸੇ ਇੱਕ ਗੱਲ ਇਹ ਵੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ਤੁਹਾਨੂੰ ਹਰ ਜਗ੍ਹਾ ਉਸ ਦੀ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ। ਫੇਰ ਉਹ ਭਾਵੇਂ ਸਰਕਾਰੀ ਅਦਾਰੇ ਹੋਣ, ਸਕੂਲ ਹੋਣ, ਕਾਲਜ ਹੋਣ ਤੇ ਭਾਵੇਂ ਧਾਰਮਿਕ ਸਥਾਨਾਂ ਦੇ ਪੋਸਟਰ। ਵੈਸੇ ਧਾਰਮਿਕ ਸਥਾਨਾਂ ਵਾਲੇ ਪੋਸਟਰਾਂ 'ਤੇ ਭਗਵੰਤ ਮਾਨ ਦੀ ਅੱਖਾਂ ਬੰਦ ਕਰੀ ਹੱਥ ਬੰਨੀ ਫੋਟੋ ਨਿਰਾ ਨਿਮਰਤਾ ਦਾ ਮੁਜੱਸਮਾ ਲੱਗਦਾ ਹੈ। ਤੇ ਸਰਕਾਰੀ ਅਦਾਰੇ ਦੇ ਵਿੱਚ ਲੱਗੀ ਫੋਟੋ ਇਸ ਤਰ੍ਹਾਂ ਖਿੜੀ ਲੱਗਦੀ ਹੈ ਜਿਵੇਂ ਹੁਣੇ ਹੀ ਨਿਯੁਕਤੀ ਪੱਤਰ ਤੁਹਾਡੇ ਹੱਥ ਫੜਾ ਦੇਵੇਗਾ।

ਮਜੀਠੀਏ ਤੋਂ ਯਾਦ ਆਇਆ ਕਿ ਕਦੇ ਉਹ ਸਮਾਂ ਸੀ ਜਦੋਂ ਕਹਿੰਦੇ ਸੀ ਕਿ ਜਿਹੜਾ ਅਕਾਲੀ ਜੇਲ੍ਹ ਨਹੀਂ ਗਿਆ, ਉਹ ਲੀਡਰ, ਲੀਡਰ ਹੀ ਨਹੀਂ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਜੇਲ੍ਹ ਵਿੱਚ ਜਾ ਕੇ ਬੰਦਾ ਬਹੁਤ ਬਦਲ ਕੇ ਆਉਂਦਾ ਹੈ ਪਰ ਮਜੀਠੀਏ ਦੀ ਤਾਂ ਉਹੀ ਚਾਲ ਢਾਲ, ਉਹੀ ਚਿਹਨ ਚੱਕਰ, ਉਹੀ ਬੜਕ ਤੇ ਮੁੱਛਾਂ ਨੂੰ ਤਾਅ ਪਹਿਲਾਂ ਵਾਲਾ ਹੀ ਹੈ। ਹਾਂ, ਇੱਕ ਗੱਲ ਦਾ ਫ਼ਰਕ ਜ਼ਰੂਰ ਹੈ ਕਿ ਉਹਨਾਂ ਨੇ ਕੈਪਟਨ, ਜਾਖੜ, ਚੁੱਘ, ਬਿੱਟੂ, ਬਾਜਵੇ ਤੇ ਇੱਥੋਂ ਤੱਕ ਕਿ ਚੰਨੀ ਦਾ ਜੇਲ੍ਹੋਂ ਬਾਹਰ ਆਉਣ 'ਤੇ ਧੰਨਵਾਦ ਕੀਤਾ। ਤੇ ਹੈਰਾਨੀ ਦੀ ਗੱਲ ਇਹ ਹੈ ਕਿ ਇਹਨਾਂ ਸਾਰੇ ਲੀਡਰਾਂ ਨੇ ਹੀ ਮਜੀਠੀਆ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਿਕਰਮ ਸਿੰਘ ਮਜੀਠੀਆ ਪੰਜਾਬ ਦੀ ਇੱਕ ਪ੍ਰਮੁੱਖ ਹਸਤੀ ਹੈ ਜੋ ਕਿ ਆਪਣੀ ਮਜ਼ਬੂਤ ਮੌਜੂਦਗੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਇਮਾਨਦਾਰੀ ਵਾਲੇ ਸਬੰਧਾਂ ਕਰਕੇ ਜਾਣੀ ਜਾਂਦੀ ਹੈ। ਆਪਣੇ ਸਪਸ਼ਟ ਅੰਦਾਜ਼ ਤੇ ਹਮਲਾਵਰ ਰਾਜਨੀਤਿਕ ਰੁੱਖ ਲਈ ਉਹ ਲੋਕਾਂ ਦੀਆਂ ਨਜ਼ਰਾਂ ਵਿੱਚ ਹਮੇਸ਼ਾ ਛਾਇਆ ਰਿਹਾ। ਉਹ ਟਕਰਾਅ ਦੀ ਰਾਜਨੀਤੀ ਤੋਂ ਕਦੇ ਵੀ ਪਿੱਛੇ ਨਹੀਂ ਹੱਟਦਾ। ਜਿਵੇਂ ਕਿ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿੱਧਾ ਵੰਗਾਰਿਆ ਹੈ।

ਇੱਕ ਗੱਲ ਤਾਂ ਮੰਨਣੀ ਪਵੇਗੀ ਕਿ 790 ਕਰੋੜ ਦਾ ਕੇਸ ਹੋਵੇ, 295 ਗਵਾਹ ਹੋਣ ਤੇ ਸੁਪਰੀਮ ਕੋਰਟ ਜ਼ਮਾਨਤ ਦੇ ਦੇਵੇ। ਕੋਈ ਤਾਂ ਗੈਬੀ ਸ਼ਕਤੀ ਹੈ। ਦੂਜੇ ਪਾਸੇ ਗੱਲ ਕਰਦੇ ਹਾਂ ਉਹਨਾਂ ਲੋਕਾਂ ਦੀ ਜਿਹੜੇ ਮਜੀਠੀਆ ਦਾ ਸਵਾਗਤ ਕਰਨ ਦੇ ਲਈ ਪਹੁੰਚੇ ਸਨ। ਕਹਿੰਦੇ ਸੁਣੇ ਗਏ "ਅਖੇ ਇਹ ਇਨਸਾਫ਼ ਦੀ ਜਿੱਤ ਹੈ।" ਪੁੱਛਣ ਵਾਲਾ ਹੋਵੇ ਕਿਹੜਾ ਮੋਰਚਾ ਫਤਹਿ ਕੀਤਾ ਹੈ। ਪਹਿਲਾਂ ਅਕਾਲੀ ਲੋਕ ਹਿੱਤਾਂ ਦੇ ਲਈ ਜੇਲ੍ਹ ਜਾਂਦੇ ਸਨ ਤੇ ਇਹ ਭਾਊ ਕਿਹੜੇ ਲੋਕ ਮੁੱਦਿਆਂ ਕਰਕੇ ਜੇਲ੍ਹ ਗਿਆ ਸੀ, ਜਿਹੜਾ ਇਨਸਾਫ਼ ਹੋਇਆ। ਅਗਲੇ ਦਾ ਕਰੋੜਾਂ ਦੀ ਪ੍ਰਾਪਰਟੀ ਦਾ ਗਬਨ ਦੱਸਿਆ ਜਾ ਰਿਹਾ ਹੈ, ਤੁਸੀਂ ਕਹਿ ਰਹੇ ਹੋ ਕਿ ਸੱਚ ਦੀ ਜਿੱਤ ਹੋਈ ਹੈ। ਸਮਝ ਨਹੀਂ ਆਉਂਦੀ ਇਹ ਪੰਜਾਬ ਦੇ ਕਿਹੜੇ ਹਿੱਸੇ ਦੇ ਲੋਕ ਨੇ। ਚਲੋ ਬੀਜੇਪੀ ਦੇ ਚੇਲਿਆਂ ਨੂੰ ਤਾਂ ਅੰਧਭਗਤ ਕਹਿ ਲਈਦਾ, ਹੁਣ ਇਹਨਾਂ ਨੂੰ ਕੀ ਆਖੀਏ ? ਨਹੀਂ ਨਹੀਂ ਸ਼ਰਧਾਵਾਨ ਲੋਕਾਂ ਨੂੰ ਇੰਝ ਨਹੀਂ ਆਖੀਦਾ। ਇਹ ਉਹੀ ਲੋਕ ਨੇ ਜਿਹਨਾਂ ਨੇ ਸੁੱਚਾ ਸਿੰਘ ਲੰਗਾਹ ਦੀ ਵੀਡੀਓ ਲੀਕ ਹੋਣ 'ਤੇ ਜੇਲ੍ਹੋਂ ਛੁੱਟੇ ਨੂੰ ਕਿਹਾ ਸੀ ਕਿ **'ਲੰਗਾਹ ਤੇਰੀ ਸੋਚ 'ਤੇ ਪਹਿਰਾ ਦੇਵਾਂਗੇ ਠੋਕ ਕੇ।'** ਉਦੋਂ ਮੀਡੀਆ ਦੇ ਵਿੱਚ ਬੜਾ ਹਾਸਾ ਵੀ ਪਿਆ ਸੀ। ਇਹੋ ਜਿਹੇ ਲੋਕਾਂ ਦੀ ਮਾਨਸਿਕਤਾ ਹੀ ਇਹਨਾਂ ਲੀਡਰਾਂ ਨੂੰ ਬੇਬਾਕ ਅਤੇ ਬੇਰਹਿਮ ਬਣਾ ਦਿੰਦੀ ਹੈ। ਇੱਕ ਗੱਲ ਹੋਰ ਬੜੀ ਚਰਚਾ ਦੇ ਵਿੱਚ ਰਹੀ ਕਿ ਮਜੀਠੀਆ ਦੇ ਸਵਾਗਤ ਦੇ ਲਈ ਸੁਖਬੀਰ ਬਾਦਲ ਨਜ਼ਰ ਨਹੀਂ ਆਏ, ਇਹ ਵੀ ਗੱਲ ਚਰਚਾ ਦਾ ਵਿਸ਼ਾ ਰਹੀ ਹੈ। ਚਰਚਾ ਦਾ ਵਿਸ਼ਾ ਤਾਂ ਇਹ ਵੀ ਰਿਹਾ ਕਿ ਜੀ ਮੈਂ ਤਿੰਨ ਸਰਾਣੇ ਰੱਖ ਕੇ ਸੌਂਦਾ ਸੀ। ਗਿੱਟਿਆਂ 'ਚ ਦਿੱਲੀ ਵਾਲੇ, ਗੋਡਿਆਂ 'ਚ ਭਗਵੰਤ ਮਾਨ ਤੇ ਸਿਰ ਵਾਲੇ ਸਿਰਹਾਣੇ ਦੀ ਗੱਲ ਸ਼ਾਇਦ ਉਹਨਾਂ ਨੇ ਆਪਣੀ ਪਤਨੀ ਦੀ ਕੀਤੀ ਸੀ। ਵੈਸੇ ਚੰਗਾ ਹੁੰਦਾ ਜੇ ਉਹ ਸੁਪਰੀਮ ਕੋਰਟ ਦਾ ਧੰਨਵਾਦ ਕਰਕੇ ਬਿਨਾਂ ਕੁਝ ਜੁਬਾਨੀ ਕਲਾਮੀ ਕਹੇ ਪ੍ਰੈਸ ਅੱਗੋਂ ਚਲੇ ਜਾਂਦੇ ਤਾਂ ਚੰਗੀ ਗੱਲ ਸੀ। ਅਸਲ ਵਿੱਚ ਇਹ ਜ਼ਮਾਨਤ ਹੋਈ ਹੈ ਕੇਸ ਨਹੀਂ ਨਿਬੜਿਆ। ਮੁਕਦੀ ਗੱਲ, ਆਉਣ ਵਾਲੇ ਦਿਨਾਂ ਦੇ ਵਿੱਚ ਮਜੀਠੀਏ ਦੀ ਸਿਆਸਤ ਕਿਸ ਪਾਸੇ ਕਰਵਟ ਲਵੇਗੀ,ਇਹ ਵੀ ਵੇਖਣ ਵਾਲੀ ਗੱਲ ਹੋਵੇਗੀ। ਜਿਸ ਤਰੀਕੇ ਦੇ ਨਾਲ ਉਹਨਾਂ ਨੇ ਗਿਣਵੇਂ ਚੁਣਵੇਂ ਲੀਡਰਾਂ ਦਾ ਧੰਨਵਾਦ ਕੀਤਾ ਹੈ, ਉਹ ਕਈ ਕਿਆਸਅਰਾਈਆਂ ਨੂੰ ਜਨਮ ਦੇ ਰਿਹਾ ਹੈ। ਹੋ ਸਕਦਾ ਹੈ ਕਿ ਮਜੀਠੀਆ ਆਪਣੀ ਸਿਆਸਤ ਨਵੇਂ ਸਿਰੇ ਤੋਂ ਲਿਖੇ ਜਾਂ ਅਕਾਲੀ ਦਲ ਨੂੰ ਹੀ ਜੋਸ਼ ਦੇ ਨਾਲ ਅੱਗੇ ਵਧਾਏ। ਵੈਸੇ ਬੀਜੇਪੀ ਤਾਂ ਹੱਥਾਂ 'ਤੇ ਚੁੱਕ ਸਕਦੀ ਹੈ। ਇਹ ਗੱਲ ਠੀਕ ਹੈ ਕਿ ਦਰਿਆ ਰੁੱਖ ਬਦਲਦੇ ਨੇ, ਇਹ ਤਾਂ ਆਖ਼ਰ ਇਨਸਾਨ ਹੈ। ਬਦਲ ਵੀ ਸਕਦਾ ਹੈ। ਅਕਾਲੀ ਦਲ ਪ੍ਰਤੀ ਬੇਹੱਦ ਇਮਾਨਦਾਰੀ ਦੇ ਬਾਵਜੂਦ ਵੀ ਲੋਕ ਉਸ ਨੂੰ ਮਾਝੇ ਦਾ ਜਰਨੈਲ ਕਹਿੰਦੇ ਨੇ ਤੇ ਜਰਨੈਲਾਂ ਨੂੰ ਕਈ ਵਾਰੀ ਵੱਖਰੇ ਫੈਸਲੇ ਲੈਣੇ ਪੈ ਜਾਂਦੇ ਨੇ। ਚੱਲੋ ਉਡੀਕੋ, ਦੋ ਚਾਰ ਦਿਨਾਂ ਦੀ ਗੱਲ ਹੈ ਬਜ਼ੁਰਗ ਕਹਿੰਦੇ ਹੁੰਦੇ ਹਨ ਕਿ "ਆਹ ਗੋਹ ਤੇ ਆ ਗੋਹ ਦਾ ਮੈਦਾਨ।"

# ਕੀ ਬਿਕਰਮ ਮਜੀਠੀਆ ਦੀ ਜ਼ਮਾਨਤ 'ਚ ਭਾਜਪਾ ਤੇ ਰਾਧਾ ਸਵਾਮੀ ਬਾਬੇ ਦੀ ਭੂਮਿਕਾ ਸੀ ?

## ਕੀ ਮਜੀਠੀਆ ਕਾਰਨ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਆਉਣ ਦੀ ਸੰਭਾਵਨਾ ਹੈ ?

## ਕੀ ਮਜੀਠਿਆ ਕਾਰਨ ਅਕਾਲੀ ਦਲ ਵਿੱਚ ਆਵੇਗੀ ਤਬਦੀਲੀ ?

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੀ ਸਿਆਸਤ ਵਿੱਚ ਇੱਕ ਵੱਡਾ ਮੋੜ ਆਇਆ ਹੈ ਜਦੋਂ ਸੁਪਰੀਮ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ। ਇਹ ਘਟਨਾ ਨਾ ਸਿਰਫ਼ ਅਕਾਲੀ ਦਲ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੀ ਹੈ ਬਲਕਿ ਪੰਜਾਬ ਦੇ ਸਿਆਸੀ ਹਾਲਾਤ ਨੂੰ ਵੀ ਬਦਲਣ ਦੀ ਸੰਭਾਵਨਾ ਰੱਖਦੀ ਹੈ। ਮਜੀਠੀਆ, ਜਿਨ੍ਹਾਂ ਨੂੰ ਜੂਨ 2025 ਤੋਂ ਨਾਭਾ ਜੇਲ੍ਹ ਵਿੱਚ ਰੱਖਿਆ ਗਿਆ ਸੀ, ਨੂੰ 2 ਫਰਵਰੀ ਨੂੰ ਰਿਹਾਅ ਕੀਤਾ ਗਿਆ ਸੀ। ਇਸ ਮਾਮਲੇ ਵਿੱਚ 540 ਕਰੋੜ ਰੁਪਏ ਦੀ ਜਾਇਦਾਦ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਨਾਲ ਜੁੜੇ ਦੋਸ਼ ਸਨ, ਪਰ ਅਦਾਲਤ ਨੇ ਹਾਲਾਤਾਂ ਨੂੰ ਵੇਖਦਿਆਂ ਜ਼ਮਾਨਤ ਮਨਜ਼ੂਰ ਕੀਤੀ ਅਤੇ ਟ੍ਰਾਇਲ ਅਦਾਲਤ ਨੂੰ ਸਖ਼ਤ ਸ਼ਰਤਾਂ ਲਾਉਣ ਦੀ ਆਗਿਆ ਦਿੱਤੀ।





ਜੇਲ੍ਹ ਤੋਂ ਬਾਹਰ ਆਉਂਦਿਆਂ ਮਜੀਠੀਆ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਸਰਕਾਰਾਂ ਚਾਹੁੰਦੀਆਂ ਸਨ ਕਿ ਮੈਂ ਜਿਊਂਦਾ ਬਾਹਰ ਨਾ ਆਵਾਂ। ਪਰ ਵਾਹਿਗੁਰੂ ਨੇ ਬਲ ਬਖ਼ਸ਼ਿਆ ਅਤੇ ਅੱਜ ਮੈਂ ਤੁਹਾਡੇ ਵਿੱਚ ਹਾਂ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੈਲਿੰਜ ਕੀਤਾ ਕਿ ਮੈਂ ਜੇਲ੍ਹ ਵਿੱਚ ਬੈਂਗਣ ਖਾ ਕੇ ਗੁਜ਼ਾਰਾ ਕੀਤਾ ਹੈ, ਤੇਰਾ ਕੀ ਬਣੂਗਾ ?' ਮਜੀਠੀਆ ਨੇ ਸੁਨੀਲ ਜਾਖੜ (ਪੰਜਾਬ ਭਾਜਪਾ ਪ੍ਰਧਾਨ), ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ, ਚਰਨਜੀਤ ਸਿੰਘ ਚੰਨੀ ਅਤੇ ਹੋਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਮਾੜੇ ਸਮੇਂ ਵਿੱਚ ਸਹਿਯੋਗ ਦਿੱਤਾ। ਇਸ ਰਿਹਾਈ ਨਾਲ ਅਕਾਲੀ ਦਲ (ਬਾਦਲ) ਵਿੱਚ ਉਤਸ਼ਾਹ ਦੀ ਲਹਿਰ ਦੌੜ ਗਈ ਹੈ। ਪਾਰਟੀ ਆਗੂ ਕਹਿ ਰਹੇ ਹਨ ਕਿ ਮਜੀਠੀਆ ਦੀ ਵਾਪਸੀ ਨਾਲ ਪਾਰਟੀ ਨੂੰ ਨਵੀਂ ਊਰਜਾ ਮਿਲੇਗੀ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਮਜ਼ਬੂਤੀ ਮਿਲੇਗੀ।

ਅਕਾਲੀ ਆਗੂ ਅਰਸ਼ਦੀਪ ਕਲੇਰ ਨੇ ਕਿਹਾ, 'ਆਪ ਨੇ ਮਜੀਠਿਆ ਉਪਰ ਝੂਠੇ ਕੇਸ ਬਣਾਏ ਸਨ ਅਤੇ ਅਦਾਲਤ ਵਿੱਚ ਉਹ ਟਿਕ ਨਹੀਂ ਸਕੇ।' ਪਾਰਟੀ ਨੂੰ ਲੱਗਦਾ ਹੈ ਕਿ ਇਹ ਰਿਹਾਈ ਆਪ ਨੂੰ ਝਟਕਾ ਦੇਵੇਗੀ ਅਤੇ ਅਕਾਲੀ ਨੂੰ ਬੂਸਟ ਮਿਲੇਗਾ।

### ਕੀ ਭਾਜਪਾ ਤੇ ਅਕਾਲੀ ਗੱਠਜੋੜ ਹੋਵੇਗਾ ?

ਪੰਜਾਬ ਵਿੱਚ ਅਕਾਲੀ ਦਲ ਅਤੇ ਭਾਜਪਾ ਦਾ ਪੁਰਾਣਾ ਗਠਜੋੜ ਰਿਹਾ ਹੈ, ਜੋ 2020 ਵਿੱਚ ਖੇਤੀ ਕਾਨੂੰਨਾਂ ਕਾਰਨ ਟੁੱਟ ਗਿਆ ਸੀ, ਪਰ ਹੁਣ ਮੁੜ ਜੁੜਨ ਦੀਆਂ ਅਟਕਲਾਂ ਹਨ। ਸਿਆਸੀ ਮਾਹਿਰਾਂ ਅਨੁਸਾਰ, ਮਜੀਠੀਆ ਦੀ ਜ਼ਮਾਨਤ ਵਿੱਚ ਭਾਜਪਾ ਦੀ ਭੂਮਿਕਾ ਬਾਰੇ ਚਰਚਾ ਗਰਮ ਹੈ। ਹਾਲਾਂ ਕਿ ਸੁਪਰੀਮ ਕੋਰਟ ਨੇ ਜ਼ਮਾਨਤ ਦਿੱਤੀ ਹੈ, ਪਰ ਸਿਆਸੀ ਹਲਕਿਆਂ ਵਿੱਚ ਅਟਕਲਾਂ ਹਨ ਕਿ ਭਾਜਪਾ ਨੇ ਪਿੱਠ ਪਿੱਛੇ ਮਦਦ ਕੀਤੀ ਹੈ। ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਮਜੀਠੀਆ ਦੀ ਰਿਹਾਈ ਦਾ ਸਵਾਗਤ ਕੀਤਾ ਅਤੇ ਇਸ ਨੂੰ ਨਿਆਂ ਦੀ ਜਿੱਤ ਦੱਸਿਆ। ਸੂਤਰਾਂ ਅਨੁਸਾਰ, ਭਾਜਪਾ ਨੇ ਕੇਂਦਰੀ ਪੱਧਰ ਉੱਤੇ ਅਸਿੱਧੇ ਤੌਰ ਉੱਤੇ ਪ੍ਰਭਾਵ ਪਾਇਆ ਹੋ ਸਕਦਾ ਹੈ, ਕਿਉਂਕਿ ਇਸ ਨਾਲ 'ਆਪ' ਨੂੰ ਝਟਕਾ ਲੱਗੇਗਾ ਅਤੇ ਅਕਾਲੀ ਨੂੰ ਫਾਇਦਾ ਹੋਵੇਗਾ। ਭਾਜਪਾ ਨੂੰ ਪੰਜਾਬ ਵਿੱਚ ਆਪਣੀ ਜ਼ਮੀਨ ਮਜ਼ਬੂਤ ਕਰਨ ਲਈ ਅਕਾਲੀ ਨਾਲ ਮੁੜ ਗਠਜੋੜ ਦੀ ਲੋੜ ਹੈ, ਅਤੇ ਮਜੀਠੀਆ ਦੀ ਰਿਹਾਈ ਇਸ ਵੱਲ ਇੱਕ ਕਦਮ ਵਜੋਂ ਵੇਖੀ ਜਾ ਰਹੀ ਹੈ। ਹਾਲਾਂ ਕਿ, ਭਾਜਪਾ ਆਗੂ ਰਵਨੀਤ ਬਿੱਟੂ ਨੇ ਅਕਾਲੀ ਨਾਲ ਗਠਜੋੜ ਦਾ ਵਿਰੋਧ ਕੀਤਾ ਹੈ, ਕਹਿੰਦੇ ਹੋਏ ਕਿ ਨਸ਼ਾ ਤਸਕਰੀ ਵਾਲਿਆਂ ਨਾਲ ਗਠਜੋੜ ਨਾਲ ਪਾਰਟੀ ਦੇ ਭ੍ਰਿਸ਼ਟਾਚਾਰ ਵਿਰੋਧੀ ਸਟੈਂਡ ਨੂੰ ਨੁਕਸਾਨ ਪਹੁੰਚੇਗਾ।

(ਬਾਕੀ ਸਫ਼ਾ 26 'ਤੇ)

# ਅਮਰੀਕਾ ਜਾਣ ਵਾਲੇ ਭਾਰਤੀਆਂ ਲਈ ਐਚ- 1ਬੀ ਵੀਜ਼ਾ ਲੈਣਾ ਹੋਇਆ ਹੋਰ ਮੁਸ਼ਕਿਲ

ਨਿਊਯਾਰਕ/ਏ.ਟੀ.ਨਿਊਜ਼: ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਨੇ 2027 ਐਚ-1ਬੀ ਕੈਪ ਲਈ ਸ਼ੁਰੂਆਤੀ ਰਜਿਸਟ੍ਰੇਸ਼ਨ ਪੀਰੀਅਡ ਦੀ ਘੋਸ਼ਣਾ ਕੀਤੀ ਹੈ। ਐਚ-1ਬੀ ਵੀਜ਼ਾ ਲਈ ਇੰਟਰਵਿਊ ਪ੍ਰਕਿਰਿਆ ਇਸ ਸਾਲ 2026 ਵਿੱਚ 4 ਮਾਰਚ ਦੀ ਦੁਪਹਿਰ 12 ਵਜੇ ਤੋਂ ਸ਼ੁਰੂ ਹੋਵੇਗੀ ਅਤੇ 19 ਮਾਰਚ ਤੱਕ ਚੱਲੇਗੀ।

ਇਹ ਵੀ ਪੜ੍ਹੋ




ਏਜੰਸੀ ਨੇ ਐਲਾਨ ਕੀਤਾ ਕਿ ਇਸ ਦੌਰਾਨ, ਸੰਭਾਵੀ ਐਚ-1ਬੀ ਕੈਪ-ਸਬਜੈਕਟ ਪਟੀਸ਼ਨਰਾਂ ਅਤੇ ਪ੍ਰਤੀਨਿਧੀਆਂ ਨੂੰ ਚੋਣ ਪ੍ਰਕਿਰਿਆ ਲਈ ਹਰ ਲਾਭਪਾਤਰੀ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਰਜਿਸਟਰ ਕਰਨਾ ਹੋਵੇਗਾ। ਹਰ ਰਜਿਸਟ੍ਰੇਸ਼ਨ ਲਈ 215 ਡਾਲਰ ਦੀ ਫੀਸ ਅਦਾ ਕਰਨੀ ਪਵੇਗੀ, ਜੋ ਕਿ ਯੂ.ਐਸ.ਸੀ.ਆਈ.ਐਸ.ਦੇ ਆਨਲਾਈਨ ਖਾਤੇ ਰਾਹੀਂ ਭਰੀ ਜਾਵੇਗੀ। ਇਹ ਰਕਮ ਭਾਰਤੀ ਕਰੰਸੀ ਮੁਤਾਬਕ ਲਗਭਗ 20 ਹਜ਼ਾਰ ਰੁਪਏ ਦੇ ਕਰੀਬ ਬਣਦੀ ਹੈ।

ਐਚ-1ਬੀ ਵੀਜ਼ਾ 2027: ਨਵੇਂ ਨਿਯਮ ਅਤੇ ਰਜਿਸਟ੍ਰੇਸ਼ਨ ਸ਼ਡਿਊਲ

ਐਚ-1ਬੀ ਵੀਜ਼ਾ ਪ੍ਰੋਗਰਾਮ ਕਈ ਕਾਰਨਾਂ ਕਰਕੇ ਸੁਰਖੀਆਂ ਵਿੱਚ ਹੈ। ਪ੍ਰਸ਼ਾਸਨ ਨੇ ਵੀਜ਼ਾ ਪ੍ਰੋਗਰਾਮ ਵਿੱਚ ਵੱਡੇ ਬਦਲਾਅ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਹੈ, ਜੋ ਕੰਪਨੀਆਂ ਨੂੰ ਵਿਦੇਸ਼ਾਂ ਤੋਂ ਹੁਨਰਮੰਦ ਕਰਮਚਾਰੀਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ।

ਅਮਰੀਕਾ ਦੇ ਦੋ ਰਿਪਬਲਿਕਨ ਰਾਜਾਂ, ਫਲੋਰੀਡਾ ਅਤੇ ਟੈਕਸਾਸ ਨੇ ਰਾਜ ਦੀਆਂ ਨੌਕਰੀਆਂ ਵਿੱਚ ਐਚ-1ਬੀ ਹਾਇਰਿੰਗ ’ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਹੈ।

ਯੂ.ਐਸ.ਸੀ.ਆਈ.ਐਸ. ਨੇ ਕਿਹਾ ਹੈ, ‘ਜੇਕਰ ਤੁਸੀਂ ਐਚ-1ਬੀ ਪਟੀਸ਼ਨ ਦਾਇਰ ਕਰਨ ਵਾਲੇ ਅਜਿਹੇ ਮਾਲਕ ਹੋ ਜਿਨ੍ਹਾਂ ਦਾ ਯੂ.ਐਸ.ਸੀ.ਆਈ.ਐਸ. ਆਨਲਾਈਨ ਖਾਤਾ ਨਹੀਂ ਹੈ, ਤਾਂ ਤੁਹਾਨੂੰ ਇੱਕ ਆਰਗੇਨਾਈਜ਼ੇਸ਼ਨਲ ਅਕਾਊਂਟ (ਸੰਗਠਨਾਤਮਕ ਖਾਤਾ) ਬਣਾਉਣਾ ਹੋਵੇਗਾ।’

ਪ੍ਰਤੀਨਿਧੀ ਕਿਸੇ ਵੀ ਸਮੇਂ ਆਪਣੇ ਖਾਤੇ ਵਿੱਚ ਕੰਪਨੀ ਕਲਾਇੰਟਸ ਨੂੰ ਜੋੜ ਸਕਦੇ ਹਨ, ਪਰ ਪ੍ਰਤੀਨਿਧੀ ਅਤੇ ਮਾਲਕ ਦੋਵਾਂ ਨੂੰ ਲਾਭਪਾਤਰੀ ਦੀ ਜਾਣਕਾਰੀ ਪਾਉਣ ਅਤੇ ਰਜਿਸਟ੍ਰੇਸ਼ਨ ਅਤੇ ਉਸ ਨਾਲ ਸਬੰਧਿਤ 215 ਡਾਲਰ ਦੀ ਫੀਸ ਜਮ੍ਹਾਂ ਕਰਨ ਲਈ 4 ਮਾਰਚ ਤੱਕ ਇੰਤਜ਼ਾਰ ਕਰਨਾ ਹੋਵੇਗਾ। ਸ਼ੁਰੂਆਤੀ ਰਜਿਸਟ੍ਰੇਸ਼ਨ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਚੋਣ ਪ੍ਰਕਿਰਿਆ ਸ਼ੁਰੂ ਹੋਵੇਗੀ। ਯੂ.ਐਸ.ਸੀ.ਆਈ.ਐਸ. ਨੇ ਕਿਹਾ, ‘ਸਾਡਾ ਇਰਾਦਾ ਹੈ ਕਿ ਅਸੀਂ 31 ਮਾਰਚ, 2026 ਤੱਕ ਯੂਜ਼ਰਸ ਦੇ ਯੂ.ਐਸ.ਸੀ.ਆਈ.ਐਸ. ਆਨਲਾਈਨ ਖਾਤਿਆਂ ਰਾਹੀਂ ਉਨ੍ਹਾਂ ਸੰਭਾਵੀ ਪਟੀਸ਼ਨਰਾਂ ਅਤੇ ਪ੍ਰਤੀਨਿਧੀਆਂ ਨੂੰ ਚੋਣ ਨੋਟੀਫਿਕੇਸ਼ਨ ) ਭੇਜ ਦੇਵਾਂਗੇ, ਜਿਨ੍ਹਾਂ ਦੀ ਘੱਟੋ-ਘੱਟ ਇੱਕ ਰਜਿਸਟ੍ਰੇਸ਼ਨ ਚੁਣੀ ਗਈ ਹੈ।’

## ਸਿੱਖ ਵਕੀਲ ਨਵਰਾਜ ਰਾਏ ਨੇ ਜੱਜ ਵਜੋਂ ਚੁੱਕੀ ਸਹੁੰ



ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: 32 ਸਾਲਾ ਸਿੱਖ ਵਕੀਲ ਨਵਰਾਜ ਰਾਏ ਨੇ ਕੇਰਨ ਕਾਊਂਟੀ ਵਿੱਚ ਅਸਥਾਈ ਜੱਜ ਵਜੋਂ ਸਹੁੰ ਚੁੱਕੀ।

ਉਨ੍ਹਾਂ ਦੀ ਨਿਯੁਕਤੀ ਕੇਸਾਂ ਦੀ ਗਿਣਤੀ ਵਧਣ ਕਾਰਨ ਵਿਸ਼ੇਸ਼ ਕੇਸਾਂ ਦੀ ਸੁਣਵਾਈ ਲਈ ਕੀਤੀ ਗਈ ਹੈ।

ਰਾਏ ਤੋਂ ਪਹਿਲਾਂ 23 ਵਕੀਲ ਆਰਜ਼ੀ ਜੱਜ ਵਜੋਂ ਆਪਣੀਆਂ ਸੇਵਾਵਾਂ ਦੇ ਰਹੇ ਹਨ। ਰਾਏ ਭਾਰਤੀ ਮਾਪਿਆਂ ਦਾ ਪੁੱਤਰ ਹੈ ਜੋ ਲਾਸ ਏਂਜਲਸ ਵਿੱਚ ਪੈਦਾ ਹੋਇਆ ਸੀ। ਉਸ ਨੇ ਗਰੈਜੂਏਸ਼ਨ ਸਟਾਕਡੇਲ ਹਾਈ ਸਕੂਲ ਤੋਂ ਕੀਤੀ ਸੀ ਤੇ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ ਡੇਵਿਸ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ । ਰਾਏ ਨੇ ਕਿਹਾ ਕਿ ਮੇਰੀ ਨਿਯੁਕਤੀ ਨਾ ਕੇਵਲ ਸਿੱਖ ਤੇ ਪੰਜਾਬੀ ਭਾਈਚਾਰੇ ਲਈ ਬਲਕਿ ਕੇਰਨ ਕਾਊਂਟੀ ਦੇ ਹਰ ਵਿਅਕਤੀ ਲਈ ਸੁਨੇਹਾ ਹੈ ਕਿ ਇਹ ਧਰਤੀ ਹਰ ਇੱਕ ਨੂੰ ਵਿਕਾਸ ਦਾ ਮੌਕਾ ਦਿੰਦੀ ਹੈ ਤੇ ਇਥੇ ਕੁਝ ਵੀ ਅਸੰਭਵ ਨਹੀਂ ਹੈ।

# ਯੂ.ਐੱਸ.-ਚਾਈਨਾ ‘ਇਕਨਾਮਿਕ ਐਂਡ ਸਕਿਓਰਿਟੀ ਰਿਵਿਊ’ ਕਮਿਸ਼ਨ ਦੀ ਪਹਿਲੀ ਸੁਣਵਾਈ 17 ਫਰਵਰੀ ਨੂੰ

ਵਾਸ਼ਿੰਗਟਨ/ਏ.ਟੀ.ਨਿਊਜ਼: ਚੀਨ ਨੂੰ ਲੈ ਕੇ ਅਮਰੀਕਾ ਬੇਚੈਨ ਹੈ ਅਤੇ ਭਾਰਤ ਤੋਂ ਉਮੀਦਾਂ ਲਗਾਈ ਬੈਠਾ ਹੈ। ਦਰਅਸਲ, ਯੂ.ਐੱਸ.-ਚਾਈਨਾ ਇਕਨਾਮਿਕ ਐਂਡ ਸਕਿਓਰਿਟੀ ਰਿਵਿਊ ਕਮਿਸ਼ਨ 17 ਫਰਵਰੀ ਨੂੰ ਆਪਣੀ ਪਹਿਲੀ ਜਨਤਕ ਸੁਣਵਾਈ ਕਰਨ ਜਾ ਰਿਹਾ ਹੈ, ਜਿਸ ਵਿੱਚ ਭਾਰਤ ’ਤੇ ਖ਼ਾਸ ਫੋਕਸ ਰਹੇਗਾ।ਇਸ ਸੰਸਥਾ ਨੇ ਕਿਹਾ ਕਿ ਮੀਟਿੰਗ ਦਾ ਮੁੱਖ ਕੇਂਦਰ ਵਾਸ਼ਿੰਗਟਨ ਦੇ ਨਵੀਂ ਦਿੱਲੀ ਅਤੇ ਬੀਜਿੰਗ ਨਾਲ ਸਬੰਧਾਂ ਅਤੇ ਇੰਡੋ-ਪੈਸੀਫਿਕ (ਹਿੰਦ-ਪ੍ਰਸ਼ਾਂਤ ਖੇਤਰ) ਵਿੱਚ ਪਾਵਰ ਬੈਲੇਂਸ ’ਤੇ ਹੋਵੇਗਾ। ਕਾਂਗਰਸਨਲ ਕਮੇਟੀ ਨੇ 17 ਫਰਵਰੀ ਨੂੰ ਹੋਣ ਵਾਲੀ ਮੀਟਿੰਗ ਬਾਰੇ ਦੱਸਿਆ ਕਿ ਇਸ ਸੁਣਵਾਈ ਵਿੱਚ ਭਾਰਤ ਦੇ ਚੀਨ ਅਤੇ ਅਮਰੀਕਾ ਦੋਵਾਂ ਨਾਲ ਸਬੰਧਾਂ ਨਾਲ ਜੁੜੇ ਜਿਓਪੋਲੀਟਿਕਲ (ਭੂ-ਰਾਜਨੀਤਿਕ) ਅਤੇ ਫੌਜੀ ਮੁੱਦਿਆਂ ਦੀ ਜਾਂਚ ਕੀਤੀ ਜਾਵੇਗੀ। ਇਸ ਵਿੱਚ ਸਰਹੱਦੀ ਵਿਵਾਦਾਂ ’ਤੇ ਤਣਾਅ, ਹਿੰਦ ਮਹਾਸਾਗਰ ਵਿੱਚ ਸਮੁੰਦਰੀ ਪਹੁੰਚ ਅਤੇ ਇੰਡੋ-ਪੈਸੀਫਿਕ ਸ਼ਕਤੀ ਵਜੋਂ ਭਾਰਤ ਦੀ ਭੂਮਿਕਾ



ਸ਼ਾਮਲ ਹੈ।ਇਸ ਵਿੱਚ ਭਾਰਤ-ਚੀਨ ਸਬੰਧਾਂ ਦੇ ਆਰਥਿਕ ਅਤੇ ਟੈਕਨਾਲੋਜੀ ਪਹਿਲੂਆਂ ’ਤੇ ਵੀ ਚਰਚਾ ਹੋਵੇਗੀ, ਜਿਸ ਵਿੱਚ ਵਪਾਰ ਅਤੇ ਨਿਵੇਸ਼ ਸਬੰਧ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ, ਸੈਮੀਕੰਡਕਟਰ ਅਤੇ ਫਾਰਮਾਸਿਊਟੀਕਲ ਸਪਲਾਈ ਚੇਨ ਵਰਗੇ ਮਹੱਤਵਪੂਰਨ ਅਤੇ ਉੱਭਰ ਰਹੇ ਟੈਕਨਾਲੋਜੀ ਖੇਤਰਾਂ ਵਿੱਚ ਆਤਮ-ਨਿਰਭਰ ਬਣਨ ਦੇ ਭਾਰਤ ਦੇ ਯਤਨ ਸ਼ਾਮਲ ਹਨ ਭਾਰਤ-ਚੀਨ ਸਬੰਧਾਂ ਤੋਂ ਇਲਾਵਾ, ਇਸ ਸੁਣਵਾਈ ਵਿੱਚ ਭਾਰਤ ਨਾਲ ਰਣਨੀਤਕ ਸਾਂਝੇਦਾਰੀ ਨੂੰ ਵਧਾਉਣ ਲਈ ਅਮਰੀਕੀ ਨੀਤੀ ਦੀਆਂ ਕੋਸ਼ਿਸ਼ਾਂ ਅਤੇ ਭਵਿੱਖ ਵਿੱਚ ਅਮਰੀਕੀ ਆਰਥਿਕ ਅਤੇ ਸੁਰੱਖਿਆ ਹਿਤਾਂ ’ਤੇ ਬੀਜਿੰਗ ਦੇ ਨਾਲ ਨਵੀਂ ਦਿੱਲੀ ਦੇ ਸਬੰਧਾਂ ਦੇ ਪ੍ਰਭਾਵ ਦੀ ਵੀ ਸਮੀਖਿਆ ਕੀਤੀ ਜਾਵੇਗੀ।ਇਹ ਸੁਣਵਾਈ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਨਵੀਂ ਦਿੱਲੀ ਚੀਨ ਲਈ ਭਾਰਤੀ ਅਰਥਵਿਵਸਥਾ ਨੂੰ ਹੌਲੀ-ਹੌਲੀ ਖੋਲ੍ਹਣ ’ਤੇ ਵਿਚਾਰ ਕਰ ਰਿਹਾ ਹੈ, ਜਿਸ ਵਿੱਚ ਕੋਈ ਵੀ ਢਿੱਲ ਬੀਜਿੰਗ ਦੁਆਰਾ ਸੋਚੇ-ਸਮਝੇ ਲੈਣ-ਦੇਣ ’ਤੇ ਨਿਰਭਰ ਹੋਵੇਗੀ।

**(ਬਾਕੀ ਸਫ਼ਾ 27 ’ਤੇ)**

## ਚੋਰੀ ਦੇ ਮਾਲ ਸਮੇਤ ਤਿੰਨ ਪੰਜਾਬੀ ਗ੍ਰਿਫ਼ਤਾਰ

ਕੈਲੀਫ਼ੋਰਨੀਆਂ ਦੇ ਪੰਜਾਬੀ ਮੂਲ ਦੇ ਤਿੰਨ ਨੌਜਵਾਨ ਅਰਸ਼ਦੀਪ ਸਿੰਘ (21 ਫਰੈਮੋਂਟ) ਦੀਪਿੰਦਰ ਸਿੰਘ (26, ਮੈਂਟੇਕਾ) ਅਤੇ ਹਰਮਨਪਾਲ ਸਿੰਘ (25, ਲੋਡੀ) ਨੂੰ ਨੇਵਾਡਾ ਵਿੱਚ ਸਟੋਰੇਅ ਕਾਉਂਟੀ ਸ਼ੈਰਿਫ਼ ਆਫ਼ਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ। ਜ਼ਿਕਰਯੋਗ ਹੈ ਕਿ 29 ਜਨਵਰੀ ਨੂੰ ਟਾਹੋਏ ਰੇਨੂੰ ਇੰਡਸਟਰੀਅਲ ਸੈਂਟਰ ਤੋਂ ਦੋ ਸੈਮੀ ਟਰੱਕ ਟ੍ਰੇਲਰ ਚੋਰੀ ਹੋਏ ਸਨ, ਜਿਹਨਾਂ ਵਿੱਚ ਕਰੀਬ 500,000 ਡਾਲਰ ਦਾ ਮਾਲ ਸੀ। ਪੁਲਿਸ ਨੇ ਟਰੱਕ ਅਤੇ ਕਾਰ ਨੂੰ ਟ੍ਰੈਕ ਕਰਕੇ ਸਪਾਰਕਸ ਵਿੱਚ ਟ੍ਰੈਫ਼ਿਕ ਸਟਾਪ ਦੌਰਾਨ ਤਿੰਨਾਂ



ਨੂੰ ਕਾਬੂ ਕੀਤਾ ਅਤੇ ਮਾਲ ਬਰਾਮਦ ਕਰ ਲਿਆ। ਤਿੰਨਾਂ ’ਤੇ ਚੋਰੀ ਦੀ ਜਾਇਦਾਦ ਰੱਖਣ ਅਤੇ ਹਾਸਲ ਕਰਨ ਦੀ ਕੋਸ਼ਿਸ਼ ਦੇ ਗੰਭੀਰ ਦੋਸ਼ ਲੱਗੇ ਹਨ। ਉਹਨਾਂ ਨੂੰ ਵਾਸ਼ੋਏ ਕਾਊਂਟੀ ਡੀਟੇਂਸ਼ਨ ਫੈਸਿਲਟੀ ਵਿੱਚ ਰੱਖਿਆ ਗਿਆ ਹੈ।

## ਅਮਰੀਕਾ ਨੂੰ ਹੁੰਦੇ ਗ਼ੈਰ ਕਾਨੂੰਨੀ ਪਰਵਾਸ ਨੂੰ ਪਈ ਠੱਲ੍ਹ

ਵਾਸ਼ਿੰਗਟਨ/ਏ.ਟੀ.ਨਿਊਜ਼: ਡੰਕੀ ਰੂਟ ਰਾਹੀਂ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਘੁਸਪੈਠ ਦੀ ਗਿਣਤੀ ਵਿੱਚ ਕਮੀ ਆਈ ਹੈ। ਭਾਵੇਂ ਮਾਮਲਿਆਂ ਦੀ ਗਿਣਤੀ ਘਟੀ ਹੈ, ਪਰ ਇਹ ਪੂਰੀ ਤਰ੍ਹਾਂ ਨਹੀਂ ਰੁਕੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਦੇ ਪਹਿਲੇ ਸਾਲ ਦੌਰਾਨ, ਹਰ ਰੋਜ਼ 65 ਭਾਰਤੀ ਗ਼ੈਰ-ਕਾਨੂੰਨੀ ਤੌਰ ’ਤੇ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਸਨ।

ਜਨਵਰੀ ਤੋਂ ਦਸੰਬਰ 2025 ਤੱਕ ਦੇ ਅੰਕੜਿਆਂ ਅਨੁਸਾਰ, ਯੂ.ਐਸ. ਬਾਰਡਰ ਪੈਟਰੋਲ ਅਤੇ ਕਸਟਮਜ਼ ਨੇ ਕੁੱਲ 23,830 ਭਾਰਤੀਆਂ ਨੂੰ ਫੜਿਆ। ਇਸ ਦੌਰਾਨ, 2024 ਵਿੱਚ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਕਾਰਜਕਾਲ ਦੌਰਾਨ, ਕੁੱਲ 85,119 ਭਾਰਤੀਆਂ ਨੂੰ ਫੜਿਆ ਗਿਆ ਸੀ। ਇਸ ਵਾਰ, ਇੱਕ ਨਵਾਂ ਰੁਝਾਨ ਵੀ ਸਾਹਮਣੇ ਆਇਆ ਹੈ।

ਕਿਹੜਾ ਰੁਝਾਨ ਉੱਭਰਿਆ ?

ਅਮਰੀਕਾ ਵਿੱਚ ਦਾਖਲ ਹੋਣ ਵਾਲੇ ਫੜੇ ਗਏ ਸਾਰੇ ਭਾਰਤੀ ਇਕੱਲੇ ਸਨ। ਕੋਈ ਵੀ ਭਾਰਤੀ ਪਰਿਵਾਰ ਨਾਲ ਨਹੀਂ ਫੜਿਆ ਗਿਆ। ਹਾਲਾਂਕਿ, 2024 ਵਿੱਚ ਫੜੇ ਗਏ ਭਾਰਤੀਆਂ ਵਿੱਚੋਂ, ਲਗਪਗ 20,000 ਆਪਣੇ ਭਰਾਵਾਂ, ਪਤਨੀਆਂ ਜਾਂ ਬੱਚਿਆਂ ਨਾਲ ਗ਼ੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿੱਚ ਦਾਖਲ ਹੋ ਰਹੇ ਸਨ।

ਹੁਣ ਅਮਰੀਕਾ ਵਿੱਚ ਪ੍ਰਵੇਸ਼ ਇਸ ਰਸਤੇ ਰਾਹੀਂ ਹੋ ਰਿਹਾ ਹੈ

ਅਮਰੀਕਾ ਵਿੱਚ ਦਾਖਲ ਹੋਣ ਦੇ ਰਸਤੇ ਵਿੱਚ ਬਦਲਾਅ ਆਇਆ ਹੈ। ਹੁਣ, ਕੈਨੇਡਾ ਅਤੇ ਮੈਕਸੀਕੋ ਦੀ ਬਜਾਏ, ਤੁਰਕੀ-ਦੁਬਈ ਰੂਟ ਰਾਹੀਂ ਗ਼ੈਰ-ਕਾਨੂੰਨੀ ਪ੍ਰਵੇਸ਼ ਦੇ ਮਾਮਲੇ ਸਾਹਮਣੇ ਆ ਰਹੇ ਹਨ। 2025 ਵਿੱਚ, 6,968 ਭਾਰਤੀਆਂ ਨੂੰ ਕੈਨੇਡੀਅਨ ਸਰਹੱਦ ’ਤੇ ਫੜਿਆ ਗਿਆ ਸੀ, ਜਦੋਂ ਕਿ 1,543 ਨੂੰ ਮੈਕਸੀਕਨ ਸਰਹੱਦ ’ਤੇ ਫੜਿਆ ਗਿਆ ਸੀ। ਸਭ ਤੋਂ ਵੱਧ ਗ੍ਰਿਫ਼ਤਾਰੀਆਂ, 15,319, ਵੱਖ-ਵੱਖ ਅਮਰੀਕੀ ਸ਼ਹਿਰਾਂ ਵਿੱਚ ਕੀਤੀਆਂ ਗਈਆਂ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਕੌਟਿਸ਼ ਚੈਂਬਰਜ਼ ਆਫ਼ ਕਾਮਰਸ ਦੇ ਪਹਿਲੇ ਸਿੱਖ ਸੀ.ਈ.ਓ. ਚਰਨਦੀਪ ਸਿੰਘ ਬੀ.ਈ.ਐਮ. ਦੀ ਹੋਈ ਨਿਯੁਕਤੀ

## ਸਕੌਟਲੈਂਡ ਦੇ ਕਾਰੋਬਾਰੀ ਜਗਤ ਵਿੱਚ ਨਵਾਂ ਅਧਿਆਏ, ਡਾ. ਲਿਜ਼ ਤੋਂ ਬਾਅਦ ਸੰਭਾਲਣਗੇ ਕਮਾਨ

ਗਲਾਸਗੋ/ਏ.ਟੀ.ਨਿਊਜ਼: ਬੀਤੇ ਦਿਨੀਂ ਸਕੌਟਲੈਂਡ ਦੇ ਕਾਰੋਬਾਰੀ ਭਾਈਚਾਰੇ ਲਈ ਇਹ ਇੱਕ ਇਤਿਹਾਸਕ ਪਲ ਹੈ ਜਦੋਂ ਸਕੌਟਿਸ਼ ਚੈਂਬਰਜ਼ ਆਫ਼ ਕਾਮਰਸ ਨੇ ਚਰਨਦੀਪ ਸਿੰਘ ਬੀਈਐੱਮ ਨੂੰ ਆਪਣਾ ਨਵਾਂ ਮੁੱਖ ਕਾਰਜਕਾਰੀ ਅਧਿਕਾਰੀ ਨਿਯੁਕਤ ਕੀਤਾ ਸੀ। ਪੂਰੇ ਯੂਨਾਈਟਿਡ ਕਿੰਗਡਮ ਵਿੱਚ ਚੱਲੀ ਇੱਕ ਸਖ਼ਤ ਭਰਤੀ ਪ੍ਰਕਿਰਿਆ ਤੋਂ ਬਾਅਦ ਇਹ ਨਿਯੁਕਤੀ ਸਰਬਸੰਮਤੀ ਨਾਲ ਕੀਤੀ ਗਈ ਹੈ, ਜਿਸ ਨਾਲ ਸਕੌਟਲੈਂਡ ਦੇ ਸਿੱਖ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ। ਚਰਨਦੀਪ ਸਿੰਘ ਡਾ. ਲਿਜ਼ ਕੈਮਰੂਨ ਦੀ ਜਗ੍ਹਾ ਲੈਣਗੇ, ਜੋ ਪਿਛਲੇ 21 ਸਾਲਾਂ ਤੋਂ ਇਸ ਅਹੁਦੇ 'ਤੇ ਸੇਵਾਵਾਂ ਨਿਭਾਉਣ ਤੋਂ ਬਾਅਦ ਸੇਵਾਮੁਕਤ ਹੋ ਰਹੇ ਹਨ।

ਸਕੌਟਿਸ਼ ਚੈਂਬਰਜ਼ ਆਫ਼ ਕਾਮਰਸ ਸਕੌਟਲੈਂਡ ਦੀਆਂ ਸਭ ਤੋਂ ਵੱਡੀਆਂ ਅਤੇ ਪ੍ਰਭਾਵਸ਼ਾਲੀ ਕਾਰੋਬਾਰੀ ਸੰਸਥਾਵਾਂ ਵਿੱਚੋਂ ਇੱਕ ਹੈ, ਜਿਸ ਦੇ ਲਗਭਗ 12,000 ਮੈਂਬਰ ਹਨ। ਇਹ ਸੰਸਥਾ ਸਕੌਟਲੈਂਡ ਭਰ ਦੇ ਵੱਖ-ਵੱਖ ਚੈਂਬਰਾਂ ਨਾਲ ਜੁੜੀ ਹੋਈ ਹੈ ਅਤੇ ਕਾਰੋਬਾਰੀਆਂ ਦੀ ਆਵਾਜ਼ ਨੂੰ ਸਰਕਾਰ ਅਤੇ ਨੀਤੀ ਨਿਰਮਾਤਾਵਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਦਾ ਮੁੱਖ ਉਦੇਸ਼ ਸਕੌਟਲੈਂਡ ਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ, ਨਵੇਂ ਨਿਵੇਸ਼ ਖਿੱਚਣਾ ਅਤੇ ਅੰਤਰਰਾਸ਼ਟਰੀ ਵਪਾਰ ਨੂੰ ਉਤਸ਼ਾਹਿਤ ਕਰਨਾ ਹੈ।



ਸੰਸਥਾ ਦੇ ਪ੍ਰਧਾਨ ਰੌਡਨੀ ਆਇਰ ਨੇ ਚਰਨਦੀਪ ਸਿੰਘ ਦੀ ਨਿਯੁਕਤੀ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ, 'ਮੈਂ ਚਰਨਦੀਪ ਸਿੰਘ ਦੀ ਨਿਯੁਕਤੀ ਦਾ ਐਲਾਨ ਕਰਦਿਆਂ ਬਹੁਤ ਖੁਸ਼ ਹਾਂ। ਉਨ੍ਹਾਂ ਕੋਲ ਸਕੌਟਲੈਂਡ ਦੇ ਕਾਰੋਬਾਰੀ ਭਾਈਚਾਰੇ ਨੂੰ ਵਿਸ਼ਵ ਪੱਧਰ 'ਤੇ ਲਿਜਾਣ ਦਾ ਤਜਰਬਾ ਅਤੇ ਜਜ਼ਬਾ ਹੈ। ਉਨ੍ਹਾਂ ਦੇ ਦੂਰਅੰਦੇਸ਼ੀ ਵਿਚਾਰਾਂ ਅਤੇ ਰਣਨੀਤਕ ਸੋਚ ਨੇ ਸਾਨੂੰ ਪ੍ਰਭਾਵਿਤ ਕੀਤਾ ਹੈ। ਇਹ ਨਿਯੁਕਤੀ ਸਕੌਟਲੈਂਡ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ, ਖਾਸ ਕਰਕੇ ਜਦੋਂ ਅਸੀਂ ਆਉਣ ਵਾਲੀਆਂ ਸਕੌਟਿਸ਼ ਪਾਰਲੀਮੈਂਟ ਚੋਣਾਂ ਵੱਲ ਵਧ ਰਹੇ ਹਾਂ।'

ਆਪਣੀ ਨਿਯੁਕਤੀ 'ਤੇ ਚਰਨਦੀਪ ਸਿੰਘ ਨੇ ਕਿਹਾ, 'ਮੈਨੂੰ ਇਸ ਮਹੱਤਵਪੂਰਨ ਸਮੇਂ 'ਤੇ ਇਹ ਜ਼ਿੰਮੇਵਾਰੀ ਮਿਲਣ 'ਤੇ ਮਾਣ ਮਹਿਸੂਸ ਹੋ ਰਿਹਾ ਹੈ। ਮੇਰੀ ਸਭ ਤੋਂ ਵੱਡੀ ਤਰਜੀਹ ਆਪਣੇ ਮੈਂਬਰਾਂ ਦੀ ਪ੍ਰਤੀਨਿਧਤਾ ਕਰਨਾ ਅਤੇ ਆਰਥਿਕ ਵਿਕਾਸ ਦੇ ਨਵੇਂ ਮੌਕੇ ਪੈਦਾ ਕਰਨਾ ਹੈ। ਮੈਂ ਚਾਹੁੰਦਾ ਹਾਂ ਕਿ ਸਕੌਟਲੈਂਡ ਵਿਸ਼ਵ ਵਪਾਰ ਵਿੱਚ ਮੋਹਰੀ ਬਣੇ। ਅਸੀਂ ਆਉਣ ਵਾਲੀਆਂ ਚੋਣਾਂ ਦੌਰਾਨ ਕਾਰੋਬਾਰੀਆਂ ਦੇ ਮੁੱਦਿਆਂ ਨੂੰ ਬੁਲੰਦ ਕਰਾਂਗੇ ਅਤੇ ਅਮਰੀਕਾ ਤੇ ਭਾਰਤ ਵਰਗੇ ਦੇਸ਼ਾਂ ਨਾਲ ਅੰਤਰਰਾਸ਼ਟਰੀ ਵਪਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਾਂਗੇ।'

ਚਰਨਦੀਪ ਸਿੰਘ ਨੇ ਆਪਣੇ ਕੈਰੀਅਰ ਦੌਰਾਨ ਕਈ ਅਹਿਮ ਅਹੁਦਿਆਂ 'ਤੇ ਕੰਮ ਕੀਤਾ ਹੈ ਅਤੇ ਉਨ੍ਹਾਂ ਨੂੰ 'ਬ੍ਰਿਟਿਸ਼ ਐਂਪਾਇਰ ਮੈਡਲ' ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕੋਲ ਗਲੋਬਲ ਵਪਾਰ ਅਤੇ ਨੀਤੀ ਨਿਰਮਾਣ ਦਾ ਡੂੰਘਾ ਤਜਰਬਾ ਹੈ। ਉਨ੍ਹਾਂ ਨੇ ਬ੍ਰੈਗਜ਼ਿਟ ਅਤੇ ਕੋਵਿਡ-19 ਵਰਗੇ ਚੁਣੌਤੀਪੂਰਨ ਸਮਿਆਂ ਵਿੱਚ ਵੀ ਕਾਰੋਬਾਰਾਂ ਦੀ ਵੱਡੀ ਮਦਦ ਕੀਤੀ ਸੀ। ਡਾ. ਲਿਜ਼ ਕੈਮਰੂਨ ਨੇ ਉਨ੍ਹਾਂ ਨੂੰ ਇਸ ਅਹੁਦੇ ਲਈ 'ਬਿਲਕੁਲ ਸਹੀ ਇਨਸਾਨ' ਦੱਸਦਿਆਂ ਉਨ੍ਹਾਂ ਦੀ ਪੇਸ਼ੇਵਰਤਾ ਦੀ ਸ਼ਲਾਘਾ ਕੀਤੀ ਹੈ।

ਅੰਤਰਰਾਸ਼ਟਰੀ ਚੈਂਬਰ ਆਫ਼ ਕਾਮਰਸ ਦੇ ਸਕੱਤਰ ਜਨਰਲ ਜੌਨ ਡਬਲਯੂ.ਐੱਚ. ਡੈਂਟਨ ਨੇ ਵੀ ਉਮੀਦ ਪ੍ਰਗਟਾਈ ਕਿ ਚਰਨਦੀਪ ਸਿੰਘ ਦਾ ਗਲੋਬਲ ਵਪਾਰਕ ਗਿਆਨ ਸਕੌਟਿਸ਼ ਕਾਰੋਬਾਰਾਂ ਲਈ ਦੁਨੀਆ ਭਰ ਵਿੱਚ ਨਵੇਂ ਰਾਹ ਖੋਲ੍ਹੇਗਾ। ਉਨ੍ਹਾਂ ਦੇ ਭਾਰਤੀ ਮੂਲ ਦੇ ਹੋਣ ਕਾਰਨ ਭਾਰਤ ਅਤੇ ਸਕੌਟਲੈਂਡ ਵਿਚਕਾਰ ਵਪਾਰਕ ਸਬੰਧਾਂ ਨੂੰ ਇੱਕ ਨਵੀਂ ਗਤੀ ਮਿਲਣ ਦੀ ਸੰਭਾਵਨਾ ਹੈ।

ਸਕੌਟਲੈਂਡ ਦੇ ਸਿੱਖ ਭਾਈਚਾਰੇ ਲਈ ਇਹ ਨਿਯੁਕਤੀ ਮਾਣ ਵਾਲੀ ਗੱਲ ਹੈ। ਇਹ ਨਿਯੁਕਤੀ ਨੌਜਵਾਨਾਂ ਲਈ ਇੱਕ ਪ੍ਰੇਰਨਾ ਸਰੋਤ ਬਣੇਗੀ ਕਿ ਮਿਹਨਤ ਅਤੇ ਯੋਗਤਾ ਨਾਲ ਕਿਸੇ ਵੀ ਮੁਕਾਮ ਨੂੰ ਹਾਸਲ ਕੀਤਾ ਜਾ ਸਕਦਾ ਹੈ।

# ਟਰੰਪ ਵੱਲੋਂ ਕੈਨੇਡੀ ਸੈਂਟਰ ਨੂੰ 2 ਸਾਲਾਂ ਲਈ ਤਾਲਾ ਲਗਾਉਣ ਦਾ ਐਲਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਦਿਨੀਂ ਕਿਹਾ ਕਿ ਉਹ ਉਸਾਰੀ (ਕੰਸਟ੍ਰਕਸ਼ਨ) ਦੇ ਕੰਮ ਲਈ ਵਾਸ਼ਿੰਗਟਨ ਦੇ ਕੈਨੇਡੀ ਸੈਂਟਰ ਪਰਫਾਰਮਿੰਗ ਆਰਟਸ ਸੈਂਟਰ ਨੂੰ ਦੋ ਸਾਲਾਂ ਲਈ ਬੰਦ ਕਰ ਦੇਣਗੇ। ਵ੍ਹਾਈਟ ਹਾਊਸ ਪਰਤਣ ਤੋਂ ਬਾਅਦ ਇਸ ਮਸ਼ਹੂਰ ਜਗ੍ਹਾ ਨੂੰ ਬਦਲਣ ਦੀ ਦਿਸ਼ਾ ਵਿੱਚ ਇਹ ਉਨ੍ਹਾਂ ਦਾ ਤਾਜ਼ਾ ਕਦਮ ਹੈ। ਇਸ ਗੱਲ ਦਾ ਐਲਾਨ ਉਨ੍ਹਾਂ ਸੋਸ਼ਲ ਮੀਡੀਆ 'ਤੇ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪ੍ਰਸਤਾਵ ਨੂੰ ਫਰਸਟ ਲੇਡੀ 'ਤੇ ਬਣੀ ਡਾਕੂਮੈਂਟਰੀ 'ਮੇਲਾਨੀਆ' ਦੇ ਪ੍ਰੀਮੀਅਰ ਦੇ ਕੁਝ ਦਿਨਾਂ ਬਾਅਦ ਕੈਨੇਡੀ ਸੈਂਟਰ ਦੇ ਬੋਰਡ ਤੋਂ ਮਨਜ਼ੂਰੀ ਮਿਲਣੀ ਸੀ, ਜਿਸ ਵਿੱਚ ਉਨ੍ਹਾਂ ਦੇ ਚੁਣੇ ਹੋਏ ਸਹਿਯੋਗੀ ਭਰੇ ਹੋਏ ਹਨ। ਟਰੰਪ ਖੁਦ ਸੈਂਟਰ ਦੇ ਬੋਰਡ ਆਫ ਟਰੱਸਟੀਜ਼ ਦੇ ਚੇਅਰਮੈਨ ਹਨ।



ਟਰੰਪ ਨੇ ਆਪਣੀ ਪੋਸਟ ਵਿੱਚ ਲਿਖਿਆ, 'ਕਈ ਬਹੁਤ ਸਤਿਕਾਰਤ ਮਾਹਿਰਾਂ ਤੋਂ ਮਿਲੇ ਇਨਪੁਟ ਦੇ ਆਧਾਰ 'ਤੇ ਇਹ ਮਹੱਤਵਪੂਰਨ ਫੈਸਲਾ ਲਿਆ ਗਿਆ। ਇੱਕ ਥੱਕੇ ਹੋਏ, ਟੁੱਟੇ-ਫੁੱਟੇ ਅਤੇ ਖਸਤਾਹਾਲ ਸੈਂਟਰ ਨੂੰ, ਜੋ ਕਈ ਸਾਲਾਂ ਤੋਂ ਆਰਥਿਕ ਅਤੇ ਢਾਂਚਾਗਤ ਦੋਵਾਂ ਤਰ੍ਹਾਂ ਨਾਲ ਖਰਾਬ ਹਾਲਤ 'ਚ ਸੀ, ਨੂੰ ਕਲਾ, ਸੰਗੀਤ ਅਤੇ ਮਨੋਰੰਜਨ ਦਾ ਵਿਸ਼ਵ ਪੱਧਰੀ ਗੜ੍ਹ ਬਣਾ ਦੇਵੇਗਾ।'

ਹਾਲਾਂਕਿ, ਨਾ ਤਾਂ ਟਰੰਪ ਅਤੇ ਨਾ ਹੀ ਟਰੰਪ ਦੇ ਸਹਿਯੋਗੀ ਕੈਨੇਡੀ ਸੈਂਟਰ ਦੇ ਪ੍ਰੈਜ਼ੀਡੈਂਟ ਰਿਕ ਗ੍ਰੇਨੇਲ ਨੇ ਬਿਲਡਿੰਗ ਦੇ ਖਰਾਬ ਹਾਲਤ 'ਚ ਹੋਣ ਦੇ ਆਪਣੇ ਦਾਅਵਿਆਂ ਨੂੰ ਸਾਬਤ ਕਰਨ ਲਈ ਕੋਈ ਸਬੂਤ ਦਿੱਤਾ ਹੈ।

**ਟਰੰਪ ਦੇ ਫੈਸਲੇ ਦਾ ਹੋਵੇਗਾ ਵਿਰੋਧ ?**

ਇਸ ਅਚਾਨਕ ਫੈਸਲੇ ਦਾ ਯਕੀਨੀ ਤੌਰ 'ਤੇ ਵਿਰੋਧ ਹੋਵੇਗਾ ਕਿਉਂਕਿ ਟਰੰਪ ਇਸ ਪ੍ਰਸਿੱਧ ਜਗ੍ਹਾ ਨੂੰ ਬਦਲ ਰਹੇ ਹਨ। ਇਹ ਇੱਕ ਨੈਸ਼ਨਲ ਕਲਚਰਲ ਸੈਂਟਰ ਵਜੋਂ ਸ਼ੁਰੂ ਹੋਇਆ ਸੀ, ਪਰ 1964 'ਚ ਰਾਸ਼ਟਰਪਤੀ ਜੌਨ ਐੱਫ. ਕੈਨੇਡੀ ਦੀ ਮੌਤ ਤੋਂ ਬਾਅਦ ਕਾਂਗਰਸ ਨੇ ਇਸਦਾ ਨਾਂਅ ਬਦਲ ਕੇ ਉਨ੍ਹਾਂ ਲਈ ਇੱਕ 'ਜੀਵਤ ਸਮਾਰਕ' ਕਰ ਦਿੱਤਾ ਸੀ। 1971 ਵਿੱਚ ਖੁੱਲ੍ਹਿਆ ਇਹ ਸੈਂਟਰ, ਨੈਸ਼ਨਲ ਸਿੰਫਨੀ ਆਰਕੈਸਟਰਾ ਸਮੇਤ ਕਲਾਵਾਂ ਦੇ ਪ੍ਰਦਰਸ਼ਨ ਲਈ ਪੂਰਾ ਸਾਲ ਖੁੱਲ੍ਹਾ ਰਹਿੰਦਾ ਹੈ।

# ਦਲਾਈ ਲਾਮਾ ਨੂੰ ਮਿਲਿਆ ਗ੍ਰੈਮੀ ਪੁਰਸਕਾਰ

ਲਾਸ ਏਂਜਲਸ/ਏ.ਟੀ.ਨਿਊਜ਼: ਦਲਾਈ ਲਾਮਾ ਤੇਨਜ਼ਿਨ ਗਿਯਾਤਸੋ ਨੇ ਆਡੀਓ ਬੁੱਕ, ਕਥਾ ਅਤੇ ਕਹਾਣੀ ਸੁਣਾਉਣ ਦੀ ਰਿਕਾਰਡਿੰਗ 'ਮੈਡੀਟੇਸ਼ਨਜ਼: ਦਿ ਰਿਫਲੈਕਸ਼ਨਜ਼ ਆਫ਼ ਹਿਜ਼ ਹੋਲੀਨੈੱਸ ਦਿ ਦਲਾਈ ਲਾਮਾ' ਲਈ ਆਪਣਾ ਪਹਿਲਾ ਗ੍ਰੈਮੀ ਪੁਰਸਕਾਰ ਜਿੱਤਿਆ ਹੈ। ਪੁਰਸਕਾਰ ਦੀ ਇਸ ਦੌੜ ਵਿੱਚ ਦਲਾਈ ਲਾਮਾ ਨੇ ਸੁਪਰੀਮ ਕੋਰਟ ਦੇ ਜਸਟਿਸ ਕੇਤਨਜੀ ਬ੍ਰਾਊਨ ਜੈਕਸਨ ਨੂੰ ਪਛਾੜਿਆ। ਰੁਫੁਸਵ ਵੇਨਰਾਈਟ ਨੇ ਪੁਰਸਕਾਰ ਹਾਸਲ ਕਰਨ ਮੌਕੇ ਆਪਣੀ ਤਕਰੀਰ ਦੌਰਾਨ ਮਜ਼ਾਹੀਆ ਲਹਿਜੇ 'ਚ ਕਿਹਾ, "ਮੈਂ ਦਲਾਈ ਲਾਮਾ ਨਹੀਂ ਹਾਂ। ਇਸ ਪ੍ਰਾਜੈਕਟ ਵਿੱਚ ਸ਼ਮੂਲੀਅਤ ਹੀ ਮਾਣ ਵਾਲੀ ਗੱਲ ਸੀ।"'ਕੇ-ਪੌਪ ਡੈਮਨ ਹੰਟਰਸ' ਦੇ ਗੀਤ 'ਗੋਲਡਨ' ਨੇ ਪ੍ਰੀਮੀਅਰ ਸਮਾਰੋਹ ਵਿੱਚ ਵਿਜ਼ੂਅਲ ਮੀਡੀਆ ਲਈ ਲਿਖੇ ਗੀਤ ਲਈ ਐਵਾਰਡ ਜਿੱਤਿਆ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਕੇ-ਪੌਪ ਐਕਟ ਨੇ ਗ੍ਰੈਮੀ ਜਿੱਤਿਆ ਹੈ। ਗੀਤਕਾਰਾਂ ਨੇ ਅੰਗਰੇਜ਼ੀ ਅਤੇ ਕੋਰਿਆਈ ਦੋਵਾਂ ਭਾਸ਼ਾਵਾਂ ਵਿੱਚ ਆਪਣੀ ਤਕਰੀਰ ਦਿੱਤੀ। ਸੰਗੀਤਕ ਫਿਲਮ ਵਰਗ ਵਿੱਚ 'ਮਿਊਜ਼ਿਕ ਫਾਰ ਜੌਹਨ ਵਿਲੀਅਮਜ਼' ਦੀ ਝੋਲੀ ਪਿਆ, ਜੋ ਫਿਲਮਸਾਜ਼ ਸਟੀਵਨ ਸਪੀਲਬਰਗ ਦਾ ਅਧਿਕਾਰਤ ਤੌਰ 'ਤੇ ਪਹਿਲਾ ਗ੍ਰੈਮੀ ਹੈ। ਇਸ ਜਿੱਤ ਨਾਲ ਸਪੀਲਬਰਗ ਪਹਿਲਾ ਈਗੌਟ (ਈ ਜੀ ਓ ਟੀ) ਜੇਤੂ ਬਣ ਗਿਆ, ਜਿਸ ਕੋਲ ਐਮੀ, ਗਰੈਮੀ, ਟੋਨੀ ਤੇ ਆਸਕਰ ਐਵਾਰਡਜ਼ ਹਨ। ਪੁਰਸਕਾਰਾਂ ਦੀ ਵੰਡ ਲਈ ਸਮਾਗਮ ਪੀਕੌਕ ਥੀਏਟਰ ਵਿੱਚ ਹੋਇਆ।



**ਚੀਨ ਵੱਲੋਂ ਦਲਾਈ ਲਾਮਾ ਨੂੰ ਗ੍ਰੈਮੀ ਦੇਣ ਦੀ ਆਲੋਚਨਾ :** ਚੀਨ ਨੇ ਦਲਾਈ ਲਾਮਾ ਨੂੰ ਦਿੱਤੇ ਗਏ ਗ੍ਰੈਮੀ ਪੁਰਸਕਾਰ ਦੀ ਨਿੰਦਾ ਕਰਦੇ ਹੋਏ ਕਿਹਾ ਕਿ **(ਬਾਕੀ ਸਫ਼ਾ 27 'ਤੇ)**

# ਦਿਨੋਂ ਦਿਨ ਮਜ਼ਬੂਤ ਹੋ ਰਿਹੈ ਕੈਨੇਡੀਅਨ ਡਾਲਰ

ਵੈਨਕੂਵਰ/ਏ.ਟੀ.ਨਿਊਜ਼: ਲੰਮਾ ਸਮਾਂ ਹੇਠਲੇ ਪੱਧਰ 'ਤੇ ਟਿਕੇ ਰਹਿਣ ਮਗਰੋਂ ਕੈਨੇਡੀਅਨ ਡਾਲਰ ਦਿਨੋ ਦਿਨ ਮਜ਼ਬੂਤੀ ਫੜਨ ਲੱਗਾ ਹੈ। ਕਰੰਸੀ ਐਕਸਚੇਂਜ ਐਪ ਮੁਤਾਬਕ ਇੱਕ ਕੈਨੇਡੀਅਨ ਡਾਲਰ ਦਾ ਮੁੱਲ 68 ਭਾਰਤੀ ਰੁਪਏ ਹੋ ਗਿਆ ਹੈ। ਅਮਰੀਕੀ ਡਾਲਰ ਦੇ ਮੁਕਾਬਲੇ ਵੀ ਕੈਨੇਡਿਆਈ ਡਾਲਰ ਮਜ਼ਬੂਤ ਹੋਇਆ ਹੈ ਤੇ 74 ਸੈਂਟ ਤੋਂ ਥੋੜ੍ਹਾ ਉਪਰ ਹੋ ਗਿਆ ਹੈ, ਜਦ ਕਿ ਤਿੰਨ ਕੁ ਮਹੀਨੇ ਇਹ 68 ਅਮਰਕੀਨ ਸੈਂਟਾਂ ਦੇ ਨੇੜੇ ਤੇੜੇ ਸੀ।



ਆਰਥਿਕ ਮਾਹਰ ਕੈਨੇਡੀਅਨ ਡਾਲਰ ਦੀ ਮਜ਼ਬੂਤੀ ਨੂੰ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਵਿੱਤੀ ਮੁਹਾਰਤ ਅਤੇ ਸਫਲ ਨੀਤੀਆਂ ਨਾਲ ਜੋੜ ਕੇ ਦੇਖ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਰਿਫ਼ ਸ਼ਰਤਾਂ ਮੂਹਰੇ ਗੋਡੇ ਟੇਕਣ ਦੀ ਥਾਂ ਪ੍ਰਧਾਨ ਮੰਤਰੀ ਵਲੋਂ ਆਲਮੀ ਨਿਰਭਰਤਾ ਘਟਾ ਕੇ ਘਰੇਲੂ ਉਦਯੋਗ ਲਈ ਨਵੀਆਂ ਮੰਡੀਆਂ ਤਲਾਸ਼ੇ ਜਾਣ ਦੇ ਯਤਨਾਂ ਕਾਰਨ ਦੇਸ਼ ਦੇ ਅਰਥਚਾਰੇ ਦਾ ਰੁਝਾਨ ਮਜ਼ਬੂਤੀ ਵੱਲ ਰਿੜ ਪਿਆ ਹੈ।

ਪਿਛਲ ਝਾਤ ਮਾਰੀਏ ਤਾਂ 2013-14 ਵਿੱਚ ਕੈਨੇਡੀਅਨ ਡਾਲਰ ਅਮਰੀਕੀ ਡਾਲਰ ਤੋਂ ਥੋੜਾ ਉੱਚਾ ਹੁੰਦਾ ਸੀ, ਪਰ ਤੱਤਕਾਲੀ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਵਲੋਂ ਆਪਣੀ ਸੱਤਾ ਦੇ ਆਖਰੀ ਸਾਲਾਂ ਵਿੱਚ ਕੁਝ ਗਲਤੀਆਂ ਕਰਕੇ ਡਾਲਰ ਹੇਠਾਂ ਵੱਲ ਰਿੜਨ ਲੱਗਾ। ਇਹ ਰੁਝਾਨ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਵੀ ਨਾ ਸੰਭਲਿਆ ਤੇ ਕੈਨੇਡੀਅਨ ਡਾਲਰ ਡਿਗਦਾ ਡਿਗਦਾ ਅਮਰੀਕਾ ਦੇ 68 ਸੈਂਟਾਂ ਦੇ ਹੇਠਲੇ ਪੱਧਰ ਤੱਕ ਚਲਾ ਗਿਆ ਸੀ। ਪਹਿਲਾਂ ਬੈਂਕ ਆਫ ਕੈਨੇਡਾ ਅਤੇ ਮਗਰੋਂ ਬੈਂਕ ਆਫ ਇੰਗਲੈਂਡ ਦਾ ਗਵਰਨਰ ਰਹਿਣ ਕਰਕੇ ਮਾਰਕ ਕਾਰਨੀ ਦੀ ਵਿੱਤੀ ਮੁਹਾਰਤ ਪ੍ਰਧਾਨ ਮੰਤਰੀ ਬਣ ਕੇ ਹੋਰ ਨਿੱਖਰ ਗਈ ਹੈ।

# ਕੈਨੇਡਾ 'ਚ ਤਿੰਨ ਪੰਜਾਬੀ ਜਬਰਨ ਵਸੂਲੀ ਅਤੇ ਘਰ 'ਤੇ ਗੋਲ਼ੀਆਂ ਚਲਾਉਣ ਦੇ ਇਲਜ਼ਾਮ 'ਚ ਗ੍ਰਿਫ਼ਤਾਰ



ਸਰੀ/ਏ.ਟੀ.ਨਿਊਜ਼: ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿੱਚ ਇੱਕ ਘਰ 'ਤੇ ਗੋਲੀਆਂ ਚਲਾਉਣ ਦੇ ਇਲਜ਼ਾਮ ਹੇਠ ਤਿੰਨ ਪੰਜਾਬੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ 'ਤੇ ਜਬਰਨ ਵਸੂਲੀ ਅਤੇ ਘਰ 'ਤੇ ਗੋਲੀਆਂ ਚਲਾਉਣ ਦੇ ਇਲਜ਼ਾਮ ਹਨ। ਮੁਲਜ਼ਮਾਂ ਦੀ ਪਛਾਣ ਹਰਜੋਤ ਸਿੰਘ ਉਮਰ 21 ਸਾਲ, ਤਰਨਵੀਰ ਸਿੰਘ ਉਮਰ 19 ਸਾਲ ਅਤੇ ਦਯਾਜੀਤ ਸਿੰਘ ਬਿਲਿੰਗ ਉਮਰ 21 ਵਜੋਂ ਹੋਈ ਹੈ। ਤਿੰਨਾਂ ਮੁਲਜ਼ਮਾਂ ਨੂੰ 5 ਫਰਵਰੀ ਤੱਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ।

ਸਰੀ ਪੁਲਿਸ ਅਨੁਸਾਰ ਐਤਵਾਰ ਸਵੇਰੇ ਲਗਭਗ 4 ਵਜੇ ਪੁਲਿਸ ਨੂੰ ਕ੍ਰੈਸੈਂਟ ਬੀਚ ਇਲਾਕੇ ਵਿੱਚ ਕ੍ਰੈਸੈਂਟ ਰੋਡ ਅਤੇ 132 ਸਟ੍ਰੀਟ ਦੇ ਨੇੜੇ ਇੱਕ ਘਰ 'ਤੇ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਪੁਲਿਸ ਨੇ ਦੱਸਿਆ ਕਿ ਫ਼ਾਇਰਫ਼ਾਈਟਰਜ਼ ਨੇ ਘਰ ਦੀ ਫੈਂਸ ਕੋਲ ਲੱਗੀ ਇੱਕ ਅੱਗ ਨੂੰ ਬੁਝਾਇਆ ਸੀ। ਗੋਲੀਆਂ ਘਰ ਦੇ ਅੰਦਰ ਤੱਕ ਲੱਗੀਆਂ ਸਨ ਪਰ ਕੋਈ ਜ਼ਖਮੀ ਨਹੀਂ ਹੋਇਆ ਸੀ।

ਪੁਲਿਸ ਨੇ ਘਰ ਦੇ ਨੇੜੇ ਹੀ ਇੱਕ ਸ਼ੱਕੀ ਵਾਹਨ ਦੀ ਪਛਾਣ ਕੀਤੀ, ਪਰ ਉਸ ਵਿੱਚ ਸਵਾਰ ਸ਼ੱਕੀ ਪੈਦਲ ਫ਼ਰਾਰ ਹੋ ਗਏ। ਬਾਅਦ ਵਿੱਚ ਇਹ ਤਿੰਨੇ ਸ਼ੱਕੀ 28 ਐਵੇਨਿਊ ਅਤੇ 140 ਸਟ੍ਰੀਟ ਦੇ ਨੇੜੇ ਇੱਕ ਰਾਈਡਸ਼ੇਅਰ ਵਾਹਨ ਵਿੱਚ ਸਵਾਰ ਹੋਣ ਮਗਰੋਂ ਗ੍ਰਿਫ਼ਤਾਰ ਕਰ ਲਏ ਗਏ। ਪੁਲਿਸ ਨੇ ਦੱਸਿਆ ਕਿ ਤਿੰਨੇ ਸ਼ੱਕੀਆਂ ਨੂੰ ਰਾਈਡਸ਼ੇਅਰ ਵਾਹਨ ਅੰਦਰੋਂ ਹੀ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮਾਂ ਤੋਂ ਕੋਈ ਵੀ ਹਥਿਆਰ ਬਰਾਮਦ ਨਹੀਂ ਹੋਇਆ।

## ਪੰਜਾਬ ਦੇ ਪਾਣੀਆਂ 'ਚ ਸਿਆਸੀ ਹਲਚਲ

# ਕੀ ਪੰਜਾਬ ਦੇ ਪਾਣੀਆਂ ਦੀ ਰਾਖੀ ਕਰ ਸਕੇਗੀ 'ਆਪ ਸਰਕਾਰ'

### ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਮਜ਼ਬੂਤ ਕਰ ਸਕਦਾ ਹੈ 'ਪਾਣੀਆਂ ਦਾ ਮੁੱਦਾ'

### 'ਆਪ' ਅਤੇ ਭਾਜਪਾ ਵਿਚਾਲੇ 'ਗੁਪਤ ਸਮਝੌਤਾ' ਹੋਣ ਸੰਬੰਧੀ ਕਿਆਸ- ਅਰਾਈਆਂ ਦਾ ਦੌਰ ਜਾਰੀ



**ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਹੋਣ ਵਿੱਚ ਇੱਕ ਸਾਲ ਦਾ ਸਮਾਂ ਰਹਿ ਗਿਆ ਹੈ। ਇਹਨਾਂ ਚੋਣਾਂ ਵਿੱਚ ਪੰਜਾਬ ਦੇ ਪਾਣੀਆਂ ਦਾ ਮਾਮਲਾ ਮੁੱਖ ਮੁੱਦਾ ਬਣਨ ਦੀ ਸੰਭਾਵਨਾ ਹੈ। ਜਿਹੜੀ ਸਿਆਸੀ ਪਾਰਟੀ ਇਸ ਸਮੇਂ ਪੰਜਾਬ ਦੇ ਪਾਣੀਆਂ ਸਬੰਧੀ ਡਟ ਕੇ ਪੰਜਾਬ ਦੇ ਹੱਕ ਵਿੱਚ ਬੋਲੇਗੀ, ਉਸ ਦਾ ਲਾਭ ਉਸ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਲ ਸਕਦਾ ਹੈ।**

**ਜਗਮੋਹਨ ਸਿੰਘ ਲੱਕੀ**

ਪੰਜਾਬ ਦੇ ਪਾਣੀਆਂ ਨੂੰ ਇੱਕ ਵਾਰ ਫੇਰ ਰਿੜਕਿਆ ਗਿਆ ਹੈ ਪਰ ਨਿਕਲਿਆ ਇਸ ਵਿਚੋਂ ਇਸ ਵਾਰ ਵੀ ਕੁਝ ਨਹੀਂ। ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਸਤਲੁਜ ਯਮੁਨਾ ਲਿੰਕ ਨਹਿਰ ਬਾਰੇ ਹੋਈ ਛੇਵੇਂ ਗੇੜ ਦੀ ਗੱਲਬਾਤ ਬੇਸਿੱਟਾ ਰਹੀ ਹੈ। ਇਸ ਵਾਰ ਮੀਟਿੰਗ ਦੌਰਾਨ ਹੈਰਾਨੀਜਨਕ ਗੱਲ ਇਹ ਰਹੀ ਕਿ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੇ ਤੇਵਰ ਬਦਲੇ ਬਦਲੇ ਨਜ਼ਰ ਆਏ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਰਿਆਣਾ ਨੂੰ ਪੰਜਾਬ ਦਾ ਛੋਟਾ ਭਰਾ ਦੱਸਿਆ ਤੇ ਕਿਹਾ ਕਿ ਹਰਿਆਣਾ ਨੂੰ ਉਸ ਦਾ ਹੱਕ ਮਿਲਣਾ ਚਾਹੀਦਾ ਹੈ। ਦੂਜੇ ਪਾਸੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਨੂੰ ਵੱਡਾ ਭਰਾ ਦੱਸਦਿਆਂ ਹਰਿਆਣਾ ਲਈ ਵਧੇਰੇ ਪਾਣੀ ਦੀ ਮੰਗ ਕੀਤੀ। ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਸਾਂਝੀ ਪ੍ਰੈੱਸ ਕਾਨਫ਼ਰੰਸ ਨੂੰ ਵੀ ਸੰਬੋਧਨ ਕੀਤਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਦਲੇ ਸੁਰ ਕਾਰਨ ਪੰਜਾਬ ਵਿੱਚ ਸਿਆਸੀ ਘਮਸਾਣ ਸ਼ੁਰੂ ਹੋ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਪਸ਼ਟ ਕਿਹਾ ਹੈ ਕਿ ਪਹਿਲਾਂ ਪੰਜਾਬ ਦੇ ਪਾਣੀ ਦਾ ਮਸਲਾ ਨਿਬੇੜ ਲਈਏ, ਫੇਰ ਨਹਿਰ ਵੀ ਬਣਾ ਲਵਾਂਗੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਵਾਰ ਵਾਰ ਇਹ ਕਹਿੰਦੇ ਸਨ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ, ਪਰ ਇਸ ਵਾਰ ਉਹਨਾਂ ਦੀ ਇਹ ਸੁਰ ਨਰਮ ਪਈ ਰਹੀ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਪਸ਼ਟ ਕਿਹਾ ਹੈ ਕਿ ਪੰਜਾਬ ਦੇ ਪਾਣੀਆਂ 'ਤੇ ਸਿਆਸਤ ਨਹੀਂ ਕੀਤੀ ਜਾ ਸਕਦੀ ਅਤੇ ਪੰਜਾਬ ਦੇ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੱਕ ਹੈ। ਇਸੇ ਤਰ੍ਹਾਂ ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਸਰਬ ਪਾਰਟੀ ਮੀਟਿੰਗ ਸੱਦੀ ਜਾਣੀ ਚਾਹੀਦੀ ਹੈ।

ਪੰਜਾਬ ਦੇ ਮੁੱਖ ਮੰਤਰੀ ਦੇ ਪੰਜਾਬ ਦੇ ਪਾਣੀਆਂ ਬਾਰੇ ਬਦਲੇ ਸੁਰ ਤੋਂ ਬਾਅਦ ਪੰਜਾਬ ਦੇ ਉੱਚ ਪੱਧਰੀ ਸਿਆਸੀ ਗਲਿਆਰਿਆਂ ਤੇ ਪਿੰਡਾਂ ਦੀਆਂ ਸੱਥਾਂ ਅਤੇ ਸ਼ਹਿਰਾਂ ਦੇ ਪਾਰਕਾਂ ਵਿੱਚ ਬੈਂਚਾਂ 'ਤੇ ਬੈਠ ਕੇ ਧੁੱਪ ਸੇਕਦੇ ਹੋਏ ਬਜ਼ੁਰਗਾਂ ਵਿੱਚ ਇਹ ਚਰਚਾ ਹੋਣ ਲੱਗ ਪਈ ਹੈ ਕਿ ਸ਼ਾਇਦ ਆਮ ਆਦਮੀ ਪਾਰਟੀ ਅਤੇ ਭਾਜਪਾ ਵਿਚਾਲੇ ਆਉਣ ਵਾਲੇ ਦਿਨਾਂ ਦੌਰਾਨ ਕੋਈ ਸਿਆਸੀ ਸਮਝੌਤਾ ਹੋ ਸਕਦਾ ਹੈ, ਜਿਸ ਲਈ ਅੰਦਰਖਾਤੇ ਕੋਈ ਗੱਲਬਾਤ ਚੱਲਦੀ ਹੋ ਸਕਦੀ ਹੈ। ਇਸੇ ਕਾਰਨ ਪੰਜਾਬ ਦੇ ਮੁੱਖ ਮੰਤਰੀ ਨੇ ਹਰਿਆਣਾ ਬਾਰੇ ਆਪਣੀ ਸੁਰ ਬਦਲੀ। ਸਿਆਸਤ ਬਾਰੇ ਕਿਹਾ ਜਾਂਦਾ ਹੈ ਕਿ ਇਸ ਵਿੱਚ ਕਦੇ ਵੀ ਕੁਝ ਵੀ ਹੋ ਸਕਦਾ ਹੈ ਅਤੇ ਦੋ ਦੁਸ਼ਮਣ ਮਿੰਟਾਂ ਵਿੱਚ ਦੋਸਤ ਅਤੇ ਦੋ ਦੋਸਤ ਮਿੰਟਾਂ ਵਿੱਚ ਵੈਰੀ ਬਣ ਜਾਂਦੇ ਹਨ। ਇਸ ਕਾਰਨ ਜੇ ਆਉਣ ਵਾਲੇ ਸਮੇਂ ਦੌਰਾਨ ਆਮ ਆਦਮੀ ਪਾਰਟੀ ਅਤੇ ਭਾਜਪਾ ਵਿਚਾਲੇ ਚੋਣ ਸਮਝੌਤਾ ਹੋ ਜਾਵੇ ਤਾਂ ਅਲੋਕਾਰੀ ਗੱਲ ਨਹੀਂ ਹੋਵੇਗੀ।

ਜਦੋਂ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਦੀ ਗੱਲ ਪੰਜਾਬ ਦੇ ਆਮ ਸਿੱਖਾਂ ਵਿੱਚ ਕੀਤੀ ਜਾਂਦੀ ਹੈ ਤਾਂ ਵੱਡੀ ਗਿਣਤੀ ਸਿੱਖਾਂ ਦਾ ਕਹਿਣਾ ਹੁੰਦਾ ਹੈ ਕਿ ਉਹਨਾਂ ਨੇ ਆਮ ਆਦਮੀ ਪਾਰਟੀ ਉੱਪਰ ਭਰੋਸਾ ਕਰਦਿਆਂ ਇਸ ਨੂੰ ਵੋਟਾਂ ਪਾਈਆਂ ਸਨ ਤਾਂ ਕਿ ਸੱਤਾ ਵਿੱਚ ਆ ਕੇ ਇਹ ਪਾਰਟੀ ਸਿੱਖ ਮੁੱਦਿਆਂ ਅਤੇ



ਮਸਲਿਆਂ ਨੂੰ ਹੱਲ ਕਰੇ ਪਰ ਸੱਤਾ ਪ੍ਰਾਪਤੀ ਤੋਂ ਬਾਅਦ ਇਸ ਪਾਰਟੀ ਵੱਲੋਂ ਸਿੱਖ ਮੁੱਦਿਆਂ ਤੋਂ ਦੂਰੀ ਬਣਾ ਲਈ ਗਈ, ਜਿਸ ਕਾਰਨ ਅਜੇ ਤੱਕ ਨਾ ਤਾਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਹੋਈ ਹੈ, ਨਾ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਹਨ ਤੇ ਨਾ ਹੀ ਸਿੱਖਾਂ ਦੇ ਮੁੱਖ ਮਸਲੇ ਹੱਲ ਹੋਏ ਹਨ। ਇਸੇ ਤਰ੍ਹਾਂ ਪੰਜਾਬ ਦੇ ਪਾਣੀਆਂ ਦਾ ਮਸਲਾ ਵੀ ਅਜੇ ਤੱਕ ਲਮਕ ਰਿਹਾ ਹੈ। ਅਕਾਲੀ ਅਤੇ ਵਿਰੋਧੀ ਦਲਾਂ ਦੇ ਹੋਰ ਆਗੂ ਦੋਸ਼ ਲਗਾ ਰਹੇ ਹਨ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੂੰ ਦਿੱਲੀ ਦੇ ਲੋਕ ਚਲਾ ਰਹੇ ਹਨ, ਜਿਸ ਕਾਰਨ ਇਸ ਸਰਕਾਰ ਨੇ ਸਿੱਖਾਂ ਦੇ ਮਸਲਿਆਂ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਹੈ।

ਕਾਂਗਰਸ ਅਤੇ ਭਾਜਪਾ ਰਾਸ਼ਟਰੀ ਪਾਰਟੀਆਂ ਹਨ। ਦੋਵਾਂ ਸਿਆਸੀ ਪਾਰਟੀਆਂ ਦੀਆਂ ਪੰਜਾਬ ਦੇ ਨਾਲ -ਨਾਲ ਹਰਿਆਣਾ ਵਿੱਚ ਵੀ ਇਕਾਈਆਂ ਹਨ। ਇਸ ਸਮੇਂ ਹਰਿਆਣਾ ਵਿੱਚ ਭਾਜਪਾ ਦੀ ਸਰਕਾਰ ਹੀ ਰਾਜ ਕਰ ਰਹੀ ਹੈ,ਜਦੋਂ ਕਿ ਕਾਂਗਰਸ ਹਰਿਆਣਾ ਵਿੱਚ ਕਈ ਵਾਰ ਰਾਜ ਕਰ ਚੁੱਕੀ ਹੈ। ਇਹੋ ਕਾਰਨ ਹੈ ਕਿ ਪੰਜਾਬ ਦੇ ਪਾਣੀਆਂ ਦੀ ਰਾਖੀ ਦੇ ਮੁੱਦੇ 'ਤੇ ਇਹ ਦੋਵੇਂ ਸਿਆਸੀ ਪਾਰਟੀਆਂ ਬਹੁਤ ਸੰਭਲ- ਸੰਭਲ ਕੇ ਚਲਦੀਆਂ ਹਨ। ਇਹਨਾਂ ਸਿਆਸੀ ਪਾਰਟੀਆਂ ਦੇ ਸੀਨੀਅਰ ਆਗੂਆਂ ਨੂੰ ਪਤਾ ਹੈ ਕਿ ਜੇ ਪੰਜਾਬ ਦੇ ਪਾਣੀਆਂ ਦੇ ਬਾਰੇ ਉਹ ਪੰਜਾਬ ਦਾ ਡਟ ਕੇ ਸਟੈਂਡ ਲੈਣਗੇ ਤਾਂ ਇਸ ਦਾ ਨੁਕਸਾਨ ਉਹਨਾਂ ਦੀ ਪਾਰਟੀ ਨੂੰ ਹਰਿਆਣਾ ਵਿੱਚ ਹੋਵੇਗਾ। ਇਸੇ ਕਾਰਨ ਪੰਜਾਬ ਵਿੱਚ ਕਾਂਗਰਸ ਸਰਕਾਰਾਂ ਦੇ ਰਾਜ ਸਮੇਂ ਪੰਜਾਬ ਦੇ ਪਾਣੀਆਂ ਦਾ ਮਸਲਾ ਹੱਲ ਨਹੀਂ ਹੋਇਆ। ਪੰਜਾਬ ਵਿੱਚ ਜਦੋਂ ਅਕਾਲੀ ਸਰਕਾਰਾਂ ਹੋਂਦ ਵਿੱਚ ਸਨ ਤਾਂ ਉਸ ਸਮੇਂ ਭਾਜਪਾ ਦੀ ਅਕਾਲੀ ਦਲ ਨਾਲ ਸਿਆਸੀ ਸਾਂਝ ਸੀ ਜਿਸ ਕਾਰਨ ਭਾਜਪਾ ਦੇ ਦਬਾਓ ਨੂੰ ਵੇਖਦਿਆਂ ਉਸ ਸਮੇਂ ਵੀ ਪੰਜਾਬ ਦੇ ਪਾਣੀਆਂ ਦਾ ਮਸਲਾ ਅਕਾਲੀ ਸਰਕਾਰ ਹੱਲ ਨਾ ਕਰ ਸਕੀ। ਰਾਸ਼ਟਰੀ ਸਿਆਸੀ ਪਾਰਟੀਆਂ ਹੋਣ ਕਰਕੇ ਕਾਂਗਰਸ ਅਤੇ ਭਾਜਪਾ ਪੰਜਾਬ ਦੇ ਪਾਣੀਆਂ ਬਾਰੇ ਉਸ ਤਰ੍ਹਾਂ ਡਟ ਕੇ ਸਟੈਂਡ ਨਹੀਂ ਲੈ ਰਹੀਆਂ, ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਡਟ ਕੇ ਪੂਰੀ ਤਰ੍ਹਾਂ ਪੰਜਾਬ ਦੇ ਹੱਕ ਵਿੱਚ ਸਟੈਂਡ ਲੈਂਦਾ ਰਿਹਾ ਹੈ।

ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਜਿਸ ਦ੍ਰਿੜ੍ਹਤਾ ਨਾਲ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ



ਸਟੈਂਡ ਲਿਆ ਹੈ, ਉਸ ਨਾਲ ਸਿੱਖ ਹਲਕਿਆਂ ਵਿੱਚ ਇਹ ਆਸ ਬਣ ਗਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਮੁੜ ਪੰਜਾਬ ਦੇ ਅਨਮੋਲ ਖ਼ਜ਼ਾਨੇ ਪਾਣੀ ਅਤੇ ਪੰਥਕ ਵਿਰਾਸਤ ਨੂੰ ਸਾਂਭਣ ਲਈ ਸਰਗਰਮ ਹੋ ਰਿਹਾ ਹੈ। ਸਿਆਸੀ ਗਲਿਆਰਿਆਂ ਵਿੱਚ ਚਰਚਾ ਹੋਣ ਲੱਗੀ ਹੈ ਕਿ ਜੇ ਸੁਖਬੀਰ ਬਾਦਲ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਵੱਡਾ ਸੰਘਰਸ਼ ਕਰਦੇ ਹਨ ਜਾਂ ਮੋਰਚਾ ਲਗਾਉਂਦੇ ਹਨ ਤਾਂ ਹੋ ਸਕਦਾ ਹੈ ਕਿ ਪੰਜਾਬ ਦੇ ਲੋਕ ਉਹਨਾਂ ਨੂੰ ਭਰਪੂਰ ਹੁੰਗਾਰਾ ਦੇਣ।



ਪੰਜਾਬ ਦਾ ਪਾਣੀ ਪੰਜਾਬੀਆਂ ਦੀ ਜਿੰਦ ਜਾਨ ਹੈ। ਇਸੇ ਕਾਰਨ ਪੰਜਾਬੀ ਆਪਣੇ ਪਾਣੀਆਂ ਦੀ ਰਾਖੀ ਕਰਨੀ ਚਾਹੁੰਦੇ ਹਨ। ਉਹ ਇਹ ਵੀ ਚਾਹੁੰਦੇ ਹਨ ਕਿ ਪੰਜਾਬ ਦੇ ਸਿਆਸੀ ਨੇਤਾ ਸਿਆਸੀ ਪੱਧਰ ਤੋਂ ਉਪਰ ਹੋ ਕੇ ਇਕੱਠੇ ਹੋ ਕੇ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨ। ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਪੰਜਾਬ ਦੀ ਇੱਕ ਬੂੰਦ ਪਾਣੀ ਵੀ ਹਰਿਆਣਾ ਨੂੰ ਨਾ ਦੇਣ ਦਾ ਦਾਅਵਾ ਕਰਦੇ ਸਨ ਪਰ ਇਸ ਵਾਰ ਹਰਿਆਣਾ ਦੇ ਮੁੱਖ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਉਹਨਾਂ ਦੀ ਸੁਰ ਬਦਲੀ ਹੋਈ ਜਾਪਦੀ ਹੈ, ਜਿਸ ਕਰਕੇ ਪੰਜਾਬੀਆਂ ਨੂੰ ਤੌਖਲਾ ਪੈਦਾ ਹੋ ਗਿਆ ਹੈ ਕਿ ਕਿਤੇ ਪੰਜਾਬ ਸਰਕਾਰ ਹਰਿਆਣਾ ਨੂੰ ਵਧੇਰੇ ਪਾਣੀ ਦੇਣ ਬਾਰੇ ਮੰਨ ਨਾ ਜਾਵੇ। ਇਹੋ ਕਾਰਨ ਹੈ ਕਿ ਜਦੋਂ ਸੁਖਬੀਰ ਬਾਦਲ ਵੱਲੋਂ ਪੰਜਾਬ ਦੇ ਪਾਣੀਆਂ ਬਾਰੇ ਡੱਟ ਕੇ ਸਟੈਂਡ ਲਿਆ ਗਿਆ ਤਾਂ ਵੱਡੀ ਗਿਣਤੀ ਲੋਕਾਂ ਨੇ ਸੁਖਬੀਰ ਬਾਦਲ ਦੇ ਇਸ ਬਿਆਨ ਦਾ ਸਮਰਥਨ ਕੀਤਾ।

ਸਤਲੁਜ ਯਮੁਨਾ ਲਿੰਕ ਨਹਿਰ ਦਾ ਵਿਵਾਦ ਬਹੁਤ ਪੁਰਾਣਾ ਹੈ। ਜਦੋਂ 1966 ਵਿੱਚ ਪੰਜਾਬ ਦਾ ਪੁਨਰਗਠਨ



ਕਰਕੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵੱਖਰੇ ਸੂਬੇ ਬਣਾਏ ਗਏ ਸਨ ਤਾਂ ਉਦੋਂ ਤੋਂ ਹੀ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਚਲਿਆ ਆ ਰਿਹਾ ਹੈ। ਇਸ ਤੋਂ ਬਾਅਦ 8 ਅਪ੍ਰੈਲ 1982 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਪਿੰਡ ਕਪੂਰੀ ਵਿਖੇ ਸਤਲੁਜ ਯਮੁਨਾ ਲਿੰਕ ਨਹਿਰ (ਐਸ ਵਾਈ ਐਲ ਨਹਿਰ ) ਬਣਾਉਣ ਦੇ ਕੰਮ ਦੀ ਸ਼ੁਰੂਆਤ ਚਾਂਦੀ ਦੀ ਕਹੀ ਨਾਲ ਟੱਕ ਲਗਾ ਕੇ ਕੀਤੀ ਗਈ ਸੀ। ਇੱਕ ਪਾਸੇ 8 ਅਪ੍ਰੈਲ 1982 ਨੂੰ ਜਦੋਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਪਿੰਡ ਕਪੂਰੀ ਵਿਖੇ ਸਤਲੁਜ ਯਮੁਨਾ ਲਿੰਕ ਨਹਿਰ ਦਾ ਚਾਂਦੀ ਦੀ ਕਹੀ ਨਾਲ ਟੱਕ ਲਗਾਇਆ ਜਾ ਰਿਹਾ ਸੀ, ਉਸੇ ਸਮੇਂ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਵਿਰੋਧ ਵਿੱਚ ਮੋਰਚਾ ਲਗਾ ਦਿੱਤਾ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤਕ ਸਤਲੁਜ ਯਮੁਨਾ ਲਿੰਕ ਨਹਿਰ ਦਾ ਮਾਮਲਾ ਪੰਜਾਬ ਲਈ ਬਹੁਤ ਸੰਵੇਦਨਸ਼ੀਲ ਬਣ ਚੁੱਕਿਆ ਹੈ।

ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਐਸ. ਵਾਈ. ਐਲ. ਨਹਿਰ ਵਿਰੁੱਧ ਮੋਰਚਾ ਲਗਾ ਚੁੱਕਿਆ ਹੈ। ਉਂਝ ਵੀ ਇਸ ਪਾਰਟੀ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਭਾਵੇਂ ਕਿ ਅਨੇਕਾਂ ਸਿੱਖ ਆਗੂ ਸੁਖਬੀਰ ਬਾਦਲ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਦੱਸੇ ਜਾਂਦੇ। ਇਹੋ ਕਾਰਨ ਹੈ ਕਿ ਕਈ ਸੀਨੀਅਰ ਟਕਸਾਲੀ ਅਕਾਲੀ ਆਗੂ ਤੇ ਅਕਾਲੀ ਦਲ ਦੀਆਂ ਪੱਕੀਆਂ ਪੰਥਕ ਵੋਟਾਂ ਅਕਾਲੀ ਦਲ ਬਾਦਲ ਤੋਂ ਦੂਰ ਜਾ ਚੁੱਕੇ ਹਨ। ਹੁਣ ਅਕਾਲੀ ਦਲ ਬਾਦਲ ਕੋਲ ਪੰਜਾਬ ਦੇ ਪਾਣੀਆਂ ਦਾ ਵੱਡਾ ਮੁੱਦਾ ਆ ਗਿਆ ਹੈ। ਜੇ ਇਹ ਮੁੱਦਾ ਬਾਦਲ ਦਲ ਸਹੀ ਤਰੀਕੇ ਨਾਲ ਚੁੱਕ ਲੈਂਦਾ ਹੈ ਅਤੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਕੋਈ ਵੱਡਾ ਪ੍ਰੋਗਰਾਮ ਪੰਜਾਬੀਆਂ ਨੂੰ ਦਿੰਦਾ ਹੈ ਤਾਂ ਹੋ ਸਕਦਾ ਹੈ ਕਿ ਪੰਜਾਬ ਦੇ ਲੋਕ ਮੁੜ ਸ਼੍ਰੋਮਣੀ ਅਕਾਲੀ ਦਲ ਨੂੰ ਹੁੰਗਾਰਾ ਭਰ ਦੇਣ, ਜਿਸ ਦਾ ਲਾਭ ਅਕਾਲੀ ਦਲ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਲ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਅਜੇ ਵੀ ਪੰਜਾਬੀਆਂ ਨੂੰ ਬਹੁਤ ਉਮੀਦਾਂ ਹਨ। ਇਸ ਲਈ ਅਕਾਲੀ ਆਗੂਆਂ ਨੂੰ ਵੀ ਪੰਜਾਬੀਆਂ ਦੀ ਕਸੌਟੀ 'ਤੇ ਖਰਾ ਉੱਤਰਨਾ ਚਾਹੀਦਾ ਹੈ।

## 124 ਸਾਲ ਬਾਅਦ ਮੁੜ ਸ਼ੁਰੂ ਹੋਈ ਪੁਰਾਣੀ ਰਾਇਲ ਰਵਾਇਤ

# ਨਾਭਾ ਰਿਆਸਤ ਦੇ ਵਾਰਸ ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਦੀ ਦਸਤਾਰਬੰਦੀ ਹੋਈ







ਨਾਭਾ/ਏ.ਟੀ.ਨਿਊਜ਼: ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਵੰਸ਼ਜ ਅਤੇ 13 ਸਾਲਾ ਕੁੰਵਰ ਅਭੀ ਉਦੈ ਪ੍ਰਤਾਪ ਸਿੰਘ (ਜਿਸ ਨੂੰ ਅਭਿਉਦੈ ਪ੍ਰਤਾਪ ਸਿੰਘ ਵੀ ਕਿਹਾ ਜਾਂਦਾ ਹੈ) ਦੀ ਦਸਤਾਰਬੰਦੀ ਸਮਾਗਮ ਨੇ ਪੰਜਾਬ ਵਿੱਚ ਇੱਕ ਨਵੀਂ ਰੌਣਕ ਭਰ ਦਿੱਤੀ ਹੈ। ਇਹ ਸਮਾਗਮ 2 ਫਰਵਰੀ 2026 ਨੂੰ ਨਾਭਾ ਦੇ ਇਤਿਹਾਸਕ ਹੀਰਾ ਮਹਿਲ ਵਿਖੇ ਹੋਇਆ, ਜਿੱਥੇ 124 ਸਾਲ ਬਾਅਦ ਇੱਕ ਵੱਡੇ ਪੱਧਰ ’ਤੇ ਸਿੱਖ ਰਵਾਇਤ ਅਨੁਸਾਰ ਅਖੰਡ ਪਾਠ ਸਾਹਿਬ ਅਤੇ ਦਸਤਾਰਬੰਦੀ ਦੀ ਰਸਮ ਨਿਭਾਈ ਗਈ। ਇਹ ਘਟਨਾ ਨਾ ਸਿਰਫ਼ ਸਿੱਖ ਪੰਥ ਲਈ ਖ਼ੁਸ਼ੀ ਵਾਲੀ ਹੈ, ਸਗੋਂ ਨਾਭਾ ਰਿਆਸਤ ਦੀ ਪੁਰਾਣੀ ਵਿਰਾਸਤ ਨੂੰ ਮੁੜ ਜਿਉਂਦਾ ਕਰਨ ਵਾਲੀ ਵੀ ਹੈ।

ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਮਹਾਰਾਜਾ ਰਿਪੁਦਮਨ ਸਿੰਘ ਦੇ ਪੜ-ਪੋਤਰੇ ਹਨ। ਉਹ ਰਾਜਾ ਭਾਨੂ ਪ੍ਰਤਾਪ ਸਿੰਘ ਅਤੇ ਰਾਣੀ ਪ੍ਰੀਤੀ ਕੌਰ ਨਾਭਾ ਦੇ ਪੁੱਤਰ ਹਨ। ਪਰਿਵਾਰ ਨੇ ਦੱਸਿਆ ਕਿ ਪਿਛਲੀਆਂ ਦੋ ਪੀੜ੍ਹੀਆਂ ਤੋਂ ਬਾਅਦ ਪਹਿਲੀ ਵਾਰ ਨਾਭਾ ਰਾਇਲ ਪਰਿਵਾਰ ਵਿੱਚ ਕਿਸੇ ਨੇ ਕੇਸ਼ ਰੱਖੇ ਅਤੇ ਦਸਤਾਰਬੰਦੀ ਦੀ ਰਸਮ ਨਿਭਾਈ ਹੈ। ਆਖਰੀ ਵਾਰ ਅਜਿਹਾ ਸਮਾਗਮ ਮਹਾਰਾਜਾ ਹੀਰਾ ਸਿੰਘ ਦੇ ਸਮੇਂ ਵਿੱਚ ਹੋਇਆ ਸੀ, ਜੋ 124 ਸਾਲ ਪਹਿਲਾਂ ਦੀ ਗੱਲ ਹੈ।

ਸਮਾਗਮ ਦੌਰਾਨ ਹੀਰਾ ਮਹਿਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਕੁੰਵਰ ਅਭੀ ਨੇ ਰਾਇਲ ਲਿਬਾਸ ਅਤੇ ਜਵਾਹਰਾਤ ਪਹਿਨੇ, ਹਾਥੀ ’ਤੇ ਸਵਾਰ ਹੋਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਦਸਤਾਰ ਗ੍ਰਹਿਣ ਕੀਤੀ। ਇਹ ਰਸਮ ਸਿੱਖ ਧਰਮ ਵਿੱਚ ਬਹੁਤ ਪਵਿੱਤਰ ਮੰਨੀ ਜਾਂਦੀ ਹੈ ਅਤੇ ਇਸ ਨੂੰ ਵਿਆਹ ਤੋਂ ਵੀ ਵੱਡਾ ਦੱਸਿਆ ਜਾਂਦਾ ਹੈ।

ਸਮਾਗਮ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਧਾਰਮਿਕ ਅਤੇ ਸਿਆਸੀ ਸ਼ਖਸੀਅਤਾਂ ਸ਼ਾਮਲ ਹੋਈਆਂ। ਇਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਰਾਧਾ ਸੁਆਮੀ ਸਤਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਤਰਨਪ੍ਰੀਤ ਸਿੰਘ ਸੌਂਦ, ਤਕਸਾਲੀ ਅਕਾਲੀ ਆਗੂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਸ਼ਾਮਲ ਸਨ। ਅਗਲੇ ਦਿਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਹੀਰਾ ਮਹਿਲ ਪਹੁੰਚੇ ਅਤੇ ਪਰਿਵਾਰ ਨੂੰ ਮਿਲੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਥਕ ਰਵਾਇਤ ਅਨੁਸਾਰ ਦਸਤਾਰ ਭੇਟ ਕੀਤੀ ਅਤੇ ਕਿਹਾ ਕਿ ਮਹਾਰਾਜਾ ਰਿਪੁਦਮਨ ਸਿੰਘ ਨੇ ਸਿੱਖ ਪੰਥ ਅਤੇ ਆਜ਼ਾਦੀ ਦੇ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਦੇ ਵੰਸ਼ਜ ਨੂੰ ਪੰਥ ਨਾਲ ਜੁੜਦੇ ਵੇਖ ਕੇ ਖ਼ੁਸ਼ੀ ਹੋ ਰਹੀ ਹੈ ਅਤੇ ਭਵਿੱਖ ਵਿੱਚ ਅਭੀ ਉਦੈ ਪ੍ਰਤਾਪ ਸਿੰਘ ਪੰਥਕ ਸੋਚ ਨੂੰ ਅੱਗੇ ਵਧਾਉਣਗੇ।

ਕੁੰਵਰ ਅਭੀ ਉਦੈ ਪ੍ਰਤਾਪ ਸਿੰਘ ਨੇ ਆਪਣੀ ਮਾਂ ਰਾਣੀ ਪ੍ਰੀਤੀ ਕੌਰ ਅਤੇ ਦਾਦੀ ਰਾਜਮਾਤਾ ਉਮਾ ਸਿੰਘ ਨਾਭਾ ਤੋਂ ਪੁਰਾਣੀਆਂ ਕਹਾਣੀਆਂ ਸੁਣੀਆਂ ਅਤੇ ਆਪਣੀ ਵੰਸ਼ਾਵਲੀ ਬਾਰੇ ਪੜ੍ਹਿਆ। ਉਹ ਕਹਿੰਦੇ ਹਨ, ‘ਮੈਨੂੰ ਸਿੱਖ ਹੋਣ ’ਤੇ ਮਾਣ ਹੈ। ਅਸੀਂ ਆਪਣਾ ਇਤਿਹਾਸ ਨਹੀਂ ਮਰਨ ਦੇਣਾ ਚਾਹੁੰਦੇ।’ ਉਹ ਪੰਜਾਬ ਪਬਲਿਕ ਸਕੂਲ, ਨਾਭਾ ਵਿੱਚ ਕਲਾਸ 8 ਵਿੱਚ ਪੜ੍ਹਦੇ ਹਨ। ਪਰਿਵਾਰ 2021 ਵਿੱਚ ਦਿੱਲੀ ਤੋਂ ਵਾਪਸ ਹੀਰਾ ਮਹਿਲ ਆ ਗਿਆ ਸੀ ਕਿਉਂਕਿ ਅਭੀ ਨੇ ਆਪਣੇ ਜੜ੍ਹਾਂ ਵੱਲ ਵਾਪਸ ਜਾਣਾ ਚਾਹਿਆ ਸੀ।

ਰਾਣੀ ਪ੍ਰੀਤੀ ਕੌਰ ਨੇ ਕਿਹਾ ਕਿ ਇਹ ਰਸਮ ਜ਼ਿਆਦਾ ਸਿੱਖ ਰੀਤ ਹੈ, ਰਾਜਸੀ ਨਹੀਂ। ਅਸੀਂ ਅੱਜ ਸਾਧਾਰਣ ਲੋਕ ਹਾਂ ਅਤੇ ਰਾਜਾ-ਰਾਣੀ ਵਰਗੇ ਖਿਤਾਬਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ। ਰਾਇਲ ਟੱਚ ਸਿਰਫ਼ ਪ੍ਰਤੀਕਾਤਮਕ ਸੀ।

ਇਸ ਸਮਾਗਮ ਨੇ ਨਾਭਾ ਰਿਆਸਤ ਦੀ ਫੁੱਲਕੀਆਂ ਵੰਸ਼ ਦੀ ਵਿਰਾਸਤ ਨੂੰ ਮੁੜ ਜਿਉਂਦਾ ਕੀਤਾ। ਮਹਾਰਾਜਾ ਰਿਪੁਦਮਨ ਸਿੰਘ ਨੂੰ ਬ੍ਰਿਟਿਸ਼ਾਂ ਨੇ ਅਕਾਲੀ ਲਹਿਰ ਅਤੇ ਰਾਸ਼ਟਰਵਾਦੀ ਵਿਚਾਰਾਂ ਕਰਕੇ ਕੈਦ ਕਰ ਲਿਆ ਸੀ। ਉਨ੍ਹਾਂ ਦੇ ਪੁੱਤਰ ਮਹਾਰਾਜਾ ਪ੍ਰਤਾਪ ਸਿੰਘ ਆਖਰੀ ਰਾਜਾ ਸਨ, ਜਿਨ੍ਹਾਂ ਨੇ 1948 ਵਿੱਚ ਰਿਆਸਤਾਂ ਦੇ ਭਾਰਤ ਵਿੱਚ ਵਿਲੀਨ ਹੋਣ ਤੱਕ ਰਾਜ ਕੀਤਾ।

ਇਹ ਦਸਤਾਰਬੰਦੀ ਨਾ ਸਿਰਫ਼ ਇੱਕ ਪਰਿਵਾਰਕ ਸਮਾਗਮ ਸੀ, ਸਗੋਂ ਸਿੱਖ ਰਵਾਇਤਾਂ ਅਤੇ ਪੰਜਾਬੀ ਵਿਰਾਸਤ ਨੂੰ ਮੁੜ ਸੁਰਜੀਤ ਕਰਨ ਦਾ ਪ੍ਰਤੀਕ ਵੀ ਬਣੀ। ਲੋਕਾਂ ਵਿੱਚ ਇਸ ਨੂੰ ਲੈ ਕੇ ਮਿਸ਼ਰਤ ਪ੍ਰਤੀਕਿਰਿਆਵਾਂ ਵੀ ਆਈਆਂ - ਕੁਝ ਨੇ ਇਸ ਨੂੰ ਵਧਾਈ ਦਿੱਤੀ, ਜਦਕਿ ਕੁਝ ਨੇ ਲੋਕਤੰਤਰ ਵਿੱਚ ਰਾਜਸੀ ਰਸਮਾਂ ਦੀ ਪ੍ਰਸੰਗਿਕਤਾ ’ਤੇ ਸਵਾਲ ਉਠਾਏ। ਪਰ ਇਹ ਘਟਨਾ ਨਿਸ਼ਚਿਤ ਤੌਰ ’ਤੇ ਪੰਜਾਬ ਦੇ ਇਤਿਹਾਸ ਵਿੱਚ ਇੱਕ ਯਾਦਗਾਰੀ ਪੰਨਾ ਜੋੜਦੀ ਹੈ।

# 55 ਦੇਸ਼ਾਂ ’ਚ ਬਿਨਾਂ ਵੀਜ਼ਾ ਯਾਤਰਾ ਕਰ ਸਕਦੇ ਹਨ ਭਾਰਤੀ

## ਪਾਸਪੋਰਟ ਹੋਣਾ ਚਾਹੀਦਾ ਹੈ ਜ਼ਰੂਰੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਹੈਨਲੇ ਪਾਸਪੋਰਟ ਇੰਡੈਕਸ 2026 ਦੀ ਰਿਪੋਰਟ ਅਨੁਸਾਰ ਭਾਰਤੀ ਯਾਤਰੀਆਂ ਲਈ ਖ਼ੁਸ਼ਖਬਰੀ ਹੈ। ਇਸ ਸਾਲ ਭਾਰਤੀ ਪਾਸਪੋਰਟ ਦੀ ਰੈਂਕਿੰਗ ਵਿੱਚ 5 ਅੰਕਾਂ ਦਾ ਸੁਧਾਰ ਹੋਇਆ ਹੈ। ਭਾਰਤ ਹੁਣ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਵਿੱਚ 80ਵੇਂ ਸਥਾਨ ’ਤੇ ਆ ਗਿਆ ਹੈ।

ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ (2026)

ਇਸ ਸੂਚੀ ਵਿੱਚ ਏਸ਼ੀਆਈ ਦੇਸ਼ਾਂ ਦਾ ਦਬਦਬਾ ਬਰਕਰਾਰ ਹੈ।

ਪਹਿਲਾ ਸਥਾਨ: ਸਿੰਗਾਪੁਰ (192 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ)

ਦੂਜਾ ਸਥਾਨ: ਜਾਪਾਨ ਅਤੇ ਦੱਖਣੀ ਕੋਰੀਆ (188 ਦੇਸ਼)

ਤੀਜਾ ਸਥਾਨ: ਡੈਨਮਾਰਕ, ਸਵਿਟਜ਼ਰਲੈਂਡ, ਸਵੀਡਨ, ਸਪੇਨ ਅਤੇ ਲਕਸਮਬਰਗ (186 ਦੇਸ਼)

ਭਾਰਤੀਆਂ ਲਈ ਵੀਜ਼ਾ-ਮੁਕਤ ਤੇ ‘ਵੀਜ਼ਾ-ਆਨ-ਅਰਾਈਵਲ’ ਦੇਸ਼

ਵਰਤਮਾਨ ਵਿੱਚ ਭਾਰਤੀ ਪਾਸਪੋਰਟ ਧਾਰਕ ਦੁਨੀਆ ਦੇ 55 ਦੇਸ਼ਾਂ ਵਿੱਚ ਬਿਨਾਂ ਕਿਸੇ ਪੂਰਵ ਵੀਜ਼ਾ ਦੇ ਯਾਤਰਾ ਕਰ ਸਕਦੇ ਹਨ। ਇਹਨਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ:

**1. ਵੀਜ਼ਾ ਮੁਕਤ ਐਂਟਰੀ**

ਇਹਨਾਂ ਦੇਸ਼ਾਂ ਵਿੱਚ ਜਾਣ ਲਈ ਤੁਹਾਨੂੰ ਕਿਸੇ ਵੀਜ਼ੇ ਦੀ ਲੋੜ ਨਹੀਂ ਹੈ।

ਏਸ਼ੀਆ: ਭੂਟਾਨ, ਨੇਪਾਲ, ਮਕਾਊ, ਕਜ਼ਾਕਿਸਤਾਨ, ਮਲੇਸ਼ੀਆ, ਥਾਈਲੈਂਡ।

ਅਫਰੀਕਾ: ਮਾਰੀਸ਼ਸ, ਸੇਨੇਗਲ, ਅੰਗੋਲਾ, ਰਵਾਂਡਾ।

ਕੈਰੇਬੀਅਨ ਤੇ ਹੋਰ: ਬਾਰਬਾਡੋਸ, ਡੋਮਿਨਿਕਾ, ਫਿਜੀ, ਹੈਤੀ, ਜਮੈਕਾ, ਤ੍ਰਿਨੀਦਾਦ ਅਤੇ ਟੋਬੈਗੋ, ਮਾਈਕ੍ਰੋਨੇਸ਼ੀਆ, ਵਾਨੂਆਟੂ।

**2. ਵੀਜ਼ਾ ਆਨ ਅਰਾਈਵਲ ਤੇ ਈ.ਟੀ.ਏ.**

ਇਹਨਾਂ ਦੇਸ਼ਾਂ ਵਿੱਚ ਪਹੁੰਚਣ ’ਤੇ ਏਅਰਪੋਰਟ



’ਤੇ ਵੀਜ਼ਾ ਮਿਲਦਾ ਹੈ ਜਾਂ ਯਾਤਰਾ ਤੋਂ ਪਹਿਲਾਂ ਆਨਲਾਈਨ ਰਜਿਸਟ੍ਰੇਸ਼ਨ (ਈ.ਟੀ.ਏ.) ਦੀ ਲੋੜ ਹੁੰਦੀ ਹੈ।

ਮੁੱਖ ਦੇਸ਼: ਮਾਲਦੀਵ, ਇੰਡੋਨੇਸ਼ੀਆ, ਸ੍ਰੀਲੰਕਾ, ਕਤਰ, ਜਾਰਡਨ, ਸੇਸ਼ੇਲਸ (ਈ.ਟੀ.ਏ.), ਕੀਨੀਆ (ਈ.ਟੀ.ਏ.), ਕੰਬੋਡੀਆ, ਲਾਓਸ, ਮਿਆਂਮਾਰ, ਮੈਡਾਗਾਸਕਰ, ਤਨਜ਼ਾਨੀਆ, ਜ਼ਿੰਬਾਬਵੇ।

**ਯਾਤਰਾ ਤੋਂ ਪਹਿਲਾਂ ਜ਼ਰੂਰੀ ਸਲਾਹ**

ਪਾਸਪੋਰਟ ਦੀ ਵੈਧਤਾ: ਤੁਹਾਡਾ ਪਾਸਪੋਰਟ ਯਾਤਰਾ ਦੀ ਮਿਤੀ ਤੋਂ ਘੱਟੋ-ਘੱਟ 6 ਮਹੀਨੇ ਲਈ ਵੈਧ ਹੋਣਾ ਚਾਹੀਦਾ ਹੈ।

**ਨਿਯਮਾਂ ਦੀ ਜਾਂਚ:** ਵੀਜ਼ਾ ਨੀਤੀਆਂ ਸਮੇਂ-ਸਮੇਂ ’ਤੇ ਬਦਲਦੀਆਂ ਰਹਿੰਦੀਆਂ ਹਨ। ਟਿਕਟ ਬੁੱਕ ਕਰਨ ਤੋਂ ਪਹਿਲਾਂ ਸਬੰਧਤ ਦੇਸ਼ ਦੇ ਦੂਤਾਵਾਸ ਦੀ ਵੈੱਬਸਾਈਟ ’ਤੇ ਨਵੀਨਤਮ ਜਾਣਕਾਰੀ ਜ਼ਰੂਰ ਚੈੱਕ ਕਰੋ।

**ਜ਼ਰੂਰੀ ਦਸਤਾਵੇਜ਼:** ਭਾਵੇਂ ਵੀਜ਼ਾ ਨਹੀਂ ਚਾਹੀਦਾ, ਪਰ ਵਾਪਸੀ ਦੀ ਟਿਕਟ ਅਤੇ ਹੋਟਲ ਬੁਕਿੰਗ ਦੇ ਸਬੂਤ ਕਈ ਵਾਰ ਮੰਗੇ ਜਾ ਸਕਦੇ ਹਨ।

# ਹੁਣ ਵਿਦੇਸ਼ੀ ਧਰਤੀ ’ਤੇ ਜਨਮ ਲੈਣ ਵਾਲੇ ਭਾਰਤੀ ਵੀ ਭਾਰਤ ’ਚ ਪਾ ਸਕਣਗੇ ਵੋਟਾਂ

## ਅਜਿਹੇ ਮਾਮਲਿਆਂ ਲਈ ਬਣਾਈ ਗਈ ਹੈ ਆਫ਼ਲਾਈਨ ਪ੍ਰਣਾਲੀ

ਲਖਨਊ/ਏ.ਟੀ.ਨਿਊਜ਼: ਅਜਿਹੇ ਭਾਰਤੀ, ਜੋ ਵਿਦੇਸ਼ ’ਚ ਜੰਮੇ ਹਨ, ਉਹ ਵੀ ਹੁਣ ਇਥੇ ਵੋਟਰ ਬਣ ਸਕਦੇ ਹਨ। ਚੋਣ ਕਮਿਸ਼ਨ ਨੇ ਅਜਿਹੇ ਲੋਕਾਂ ਨੂੰ ਫਾਰਮ-6 ਜਾਂ ਫਾਰਮ-6ਏ ਨੂੰ ਭਰਦੇ ਸਮੇਂ ਜਨਮ ਸਥਾਨ ’ਚ ‘ਆਊਟਸਾਈਡ ਇੰਡੀਆ’ ਦਾ ਬਦਲ ਦਿੱਤਾ ਹੈ। ਅਜਿਹੇ ’ਚ ਭਾਰਤ ਦੇ ਬਾਹਰ ਦੂਜੇ ਦੇਸ਼ ’ਚ ਜਨਮ ਲੈਣ ਵਾਲੇ ਲੋਕ ਉਥੋਂ ਦਾ ਨਾਂ ਲਿਖ ਕੇ ਵੋਟਰ ਬਣ ਸਕਣਗੇ ਮੁੱਖ ਚੋਣ ਅਧਿਕਾਰੀ ਨਵਦੀਪ ਰਿਣਵਾ ਨੇ ਦੱਸਿਆ ਕਿ ਹੁਣ ਤੱਕ ਭਾਰਤ ਦੇ ਬਾਹਰ ਜੰਮੇ ਲੋਕ ਵੋਟਰ ਫਾਰਮ ਨਹੀਂ ਭਰ ਪਾਉਂਦੇ ਸਨ ਕਿਉਂਕਿ ਭਾਰਤ ਦੇ ਬਾਹਰ ਜਨਮ ਸਥਾਨ ਨੂੰ ਦਰਜ ਕਰਨ ਦਾ ਕੋਈ ਪ੍ਰਬੰਧ ਨਹੀਂ ਸੀ। ਹੁਣ ਚੋਣ ਕਮਿਸ਼ਨ ਵੱਲੋਂ ਇਸ ਸਮੱਸਿਆ ਦਾ ਹੱਲ ਕਰ ਦਿੱਤਾ ਗਿਆ ਹੈ। ਅਜਿਹੇ



ਮਾਮਲਿਆਂ ਲਈ ਆਫਲਾਈਨ ਪ੍ਰਣਾਲੀ ਬਣਾਈ ਗਈ ਹੈ ਈਆਰਓ ਨੈੱਟ ਤੇ ਬੀਐੱਲਓ ਐਪ ਡਾਟਾ ਐਂਟਰੀ ਮਾਡਿਊਲ ’ਚ ਜਨਮ ਸਥਾਨ ਦੇ ਤੌਰ ’ਤੇ ਆਊਟਸਾਈਡ ਇੰਡੀਆ ਦੀ ਚੋਣ ਕਰਨ ਦਾ ਬਦਲ ਮਿਲੇਗਾ। ਇਹੀ ਨਹੀਂ, ਦੂਜੇ ਦੇਸ਼ ਦਾ ਨਾਂਅ ਦਰਜ ਕਰਨ ਲਈ ਇਕ ਟੈਕਸਟ ਬਾਕਸ ਦਿੱਤਾ ਗਿਆ ਹੈ। ਹੁਣ ਤੱਕ ਵੋਟਰ ਨਾ ਬਣ ਪਾਉਣ ਕਾਰਨ ਅਜਿਹੇ ਤਮਾਮ ਲੋਕ ਵੋਟ ਨਹੀਂ ਪਾਉਂਦੇ ਸਨ।

# ਤਾਮਿਲਨਾਡੂ ਵਿੱਚ ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਲਈ ਨਿਯਮ ਜਾਰੀ

ਚੇਨਈ/ਏ.ਟੀ.ਨਿਊਜ਼: ਤਾਮਿਲਨਾਡੂ ਸਰਕਾਰ ਨੇ ਤਾਮਿਲਨਾਡੂ ਆਨੰਦ ਕਾਰਜ ਰਜਿਸਟ੍ਰੇਸ਼ਨ ਨਿਯਮ, 2026 ਨੂੰ ਸੂਚੀਬੱਧ ਕੀਤਾ ਹੈ, ਜੋ ਕਿ ਰਾਜ ਵਿੱਚ ਆਨੰਦ ਕਾਰਜਾਂ ਦੀ ਰਜਿਸਟ੍ਰੇਸ਼ਨ ਲਈ ਅਪਣਾਈਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਦੀ ਰੂਪਰੇਖਾ ਦਿੰਦੇ ਹਨ।

ਆਨੰਦ ਕਾਰਜ ਸਿੱਖ ਵਿਆਹ ਰਸਮਾਂ ਅਨੁਸਾਰ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਆਮ ਤੌਰ ’ਤੇ ‘ਸਿੱਖ ਆਨੰਦ ਕਾਰਜ’ ਵਜੋਂ ਜਾਣਿਆ ਜਾਂਦਾ ਹੈ।

ਸਬੰਧਿਤ ਜ਼ਿਲ੍ਹਾ ਰਜਿਸਟਰਾਰ ਆਨੰਦ ਕਾਰਜਾਂ ਲਈ ਜ਼ਿਲ੍ਹਾ ਰਜਿਸਟਰਾਰ ਹੋਵੇਗਾ ਅਤੇ ਅਧਿਕਾਰਤ ਸਬ-ਰਜਿਸਟਰਾਰ ਆਪਣੇ ਅਧਿਕਾਰ ਖੇਤਰਾਂ ਵਿੱਚ ਆਨੰਦ ਕਾਰਜਾਂ ਲਈ ਰਜਿਸਟਰਾਰ ਹੋਣਗੇ।




ਇਹ ਵਿਆਹ ਉਸ ਰਜਿਸਟਰਾਰ ਕੋਲ ਰਜਿਸਟਰ ਕੀਤੇ ਜਾਣੇ ਚਾਹੀਦੇ ਹਨ ਜਿਸ ਦੇ ਅਧਿਕਾਰ ਖੇਤਰ ਵਿੱਚ ਉਹ ਹੋਏ ਸਨ। ਵਿਆਹ ਦੀਆਂ ਧਿਰਾਂ ਨੂੰ ਰਜਿਸਟਰਾਰ ਨੂੰ ਇੱਕ ਫਾਰਮ ਜਮ੍ਹਾ ਕਰਨਾ ਚਾਹੀਦਾ ਹੈ, ਜਿਸ ਵਿੱਚ ਵਿਆਹ ਦੀ ਵੈਧਤਾ ਨੂੰ ਪ੍ਰਮਾਣਿਤ ਕਰਨ ਵਾਲੇ ਦਸਤਾਵੇਜ਼ ਅਤੇ ਗਵਾਹਾਂ ਦੇ ਦਸਤਖਤ ਸ਼ਾਮਲ ਹਨ, ਅਤੇ ਵਿਆਹ ਦੇ 30 ਦਿਨਾਂ ਦੇ ਅੰਦਰ ਆਪਣਾ ਵਿਆਹ ਰਜਿਸਟਰ ਕਰਨਾ ਚਾਹੀਦਾ ਹੈ। ਜਿਹੜੇ ਲੋਕਾਂ ਨੇ ਨਿਰਧਾਰਤ ਮਿਆਦ ਦੇ ਅੰਦਰ ਆਪਣਾ ਵਿਆਹ ਰਜਿਸਟਰ ਨਹੀਂ ਕੀਤਾ ਹੈ, ਉਹ ਵੀ ਆਪਣਾ ਵਿਆਹ ਰਜਿਸਟਰ ਕਰ ਸਕਦੇ ਹਨ।

(ਬਾਕੀ ਸਫ਼ਾ 27 ’ਤੇ)

# ਪ੍ਰਧਾਨ ਮੰਤਰੀ ਮੋਦੀ ਦੇ ਡੇਰਾ ਸਚਖੰਡ ਬੱਲਾਂ ਦੌਰੇ ਪਿੱਛੇ ਕੀ ਸੀ ਰਾਜਨੀਤਕ ਮਕਸਦ ?

## ਕੀ ਹੈ ਪੰਜਾਬ ਦੀ ਸਿਆਸੀ ਹਕੀਕਤ ? ਕੀ ਸਿੱਖ ਸਿਆਸਤ ਆਪਣੀ ਹੋਂਦ ਬਰਕਰਾਰ ਰੱਖ ਸਕੇਗੀ ?

## ਕੀ ਪੰਜਾਬ ਵਿੱਚ ਭਾਜਪਾ ਦਾ ਗ਼ੈਰ ਜੱਟ ਸਿਆਸਤ ਦਾ ਏਜੰਡਾ ਚਲ ਸਕੇਗਾ ?

ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਤ ਗੁਰੂ ਰਵਿਦਾਸ ਜੀ ਦੀ 649ਵੀਂ ਜਯੰਤੀ ਮੌਕੇ ਡੇਰਾ ਸਚਖੰਡ ਬੱਲਾਂ ਦਾ ਦੌਰਾ ਕੀਤਾ ਸੀ। ਇਹ ਦੌਰਾ ਨਾ ਸਿਰਫ ਧਾਰਮਿਕ ਸੀ ਬਲਕਿ ਰਾਜਨੀਤਕ ਨਜ਼ਰੀਏ ਤੋਂ ਵੀ ਬਹੁਤ ਅਹਿਮ ਵੇਖਿਆ ਜਾ ਰਿਹਾ ਹੈ। ਪੀ.ਐੱਮ. ਨੇ ਡੇਰੇ ਵਿੱਚ ਮੱਥਾ ਟੇਕਿਆ, ਡੇਰਾ ਮੁਖੀ ਸੰਤ ਨਿਰੰਜਨ ਦਾਸ ਜੀ ਦੇ ਪੈਰ ਛੂਹ ਕੇ ਸਤਿਕਾਰ ਕੀਤਾ ਅਤੇ ਇੱਕ ਵੱਡੀ ਸਭਾ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਸੰਤ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਬਾਰੇ ਗੱਲ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਮਾਨਤਾ ਅਤੇ ਮਨੁੱਖੀ ਇੱਜ਼ਤ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਆਦਮਪੁਰ ਏਅਰਪੋਰਟ ਨੂੰ 'ਸ੍ਰੀ ਗੁਰੂ ਰਵਿਦਾਸ ਜੀ ਏਅਰਪੋਰਟ, ਆਦਮਪੁਰ' ਨਾਂਅ ਦਿੱਤਾ ਅਤੇ ਲੁਧਿਆਣਾ ਦੇ ਹਲਵਾਰਾ ਏਅਰਪੋਰਟ ਦੇ ਨਵੇਂ ਟਰਮੀਨਲ ਦਾ ਵਰਚੁਅਲ ਉਦਘਾਟਨ ਕੀਤਾ। ਇਹ ਕਦਮ ਰਵਿਦਾਸੀਆ ਭਾਈਚਾਰੇ ਲਈ ਵੱਡਾ ਸਨਮਾਨ ਵਜੋਂ ਵੇਖਿਆ ਜਾ ਰਿਹਾ ਹੈ।

ਰਾਜਨੀਤਕ ਮਾਹਿਰਾਂ ਅਨੁਸਾਰ, ਪੀਐੱਮ ਮੋਦੀ ਦਾ ਇਹ ਦੌਰਾ ਮੁੱਖ ਤੌਰ 'ਤੇ ਰਾਜਨੀਤਿਕ ਸੀ। ਪੰਜਾਬ ਵਿੱਚ ਦਲਿਤ ਵੋਟਰਾਂ ਦੀ ਗਿਣਤੀ ਲਗਭਗ 32 ਪ੍ਰਤੀਸ਼ਤ ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ। ਰਵਿਦਾਸੀਆ ਅਤੇ ਆਦਿ-ਧਰਮੀ ਭਾਈਚਾਰਾ ਇਸ ਵਿੱਚ ਸਭ ਤੋਂ ਵੱਡਾ ਹੈ। ਡੇਰਾ ਸਚਖੰਡ ਬੱਲਾਂ ਦੁਆਬੇ ਵਿੱਚ ਇਸ ਭਾਈਚਾਰੇ ਦਾ ਸਭ ਤੋਂ ਵੱਡਾ ਕੇਂਦਰ ਹੈ ਅਤੇ ਇਸ ਦਾ ਅਸਰ ਪੰਜਾਬ ਦੇ ਦੋਆਬਾ ਖੇਤਰ ਵਿੱਚ 19-20 ਵਿਧਾਨ ਸਭਾ ਸੀਟਾਂ 'ਤੇ ਹੈ। ਭਾਰਤੀ ਜਨਤਾ ਪਾਰਟੀ ਚਾਹੁੰਦੀ ਹੈ ਕਿ ਇਹ ਵੋਟਰ ਉਨ੍ਹਾਂ ਵੱਲ ਆਉਣ। 2027 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਹਨ ਅਤੇ ਬੀਜੇਪੀ ਆਪਣੀ ਪਕੜ ਮਜ਼ਬੂਤ



ਕਰਨਾ ਚਾਹੁੰਦੀ ਹੈ।

ਪਹਿਲਾਂ ਬੀਜੇਪੀ ਦਾ ਵੋਟ ਸ਼ੇਅਰ ਬਹੁਤ ਘੱਟ ਸੀ। 2022 ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ 6.6 ਪ੍ਰਤੀਸ਼ਤ ਵੋਟ ਮਿਲੇ ਸਨ ਪਰ 2024 ਲੋਕ ਸਭਾ ਚੋਣਾਂ ਵਿੱਚ ਇਹ ਵਧ ਕੇ 18.56 ਪ੍ਰਤੀਸ਼ਤ ਹੋ ਗਿਆ ਸੀ। ਹੁਣ ਪਾਰਟੀ ਦਲਿਤ ਵੋਟਾਂ 'ਤੇ ਫੋਕਸ ਕਰ ਰਹੀ ਹੈ ਤਾਂ ਜੋ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦੇ ਵੋਟ ਬੈਂਕ ਵਿੱਚ ਸੇਧ ਲਗਾ ਸਕੇ। ਮੋਦੀ ਜੀ ਨੇ ਪਹਿਲੀ ਵਾਰ ਵਾਰਾਣਸੀ ਦੀ ਬਜਾਏ ਪੰਜਾਬ ਦੇ ਡੇਰੇ ਵਿੱਚ ਜਯੰਤੀ ਮਨਾਉਣਾ ਚੁਣਿਆ ਜੋ ਭਾਈਚਾਰੇ ਲਈ ਵੱਡਾ ਸਨਮਾਨ ਹੈ। ਇਸ ਤੋਂ ਪਹਿਲਾਂ ਜਨਵਰੀ 2026 ਵਿੱਚ ਸੰਤ ਨਿਰੰਜਨ ਦਾਸ ਜੀ ਨੂੰ ਪਦਮ ਸ਼੍ਰੀ ਦਾ ਐਲਾਨ ਕੀਤਾ ਗਿਆ ਜੋ ਰਾਜਨੀਤਕ ਰਣਨੀਤੀ ਦਾ ਹਿੱਸਾ ਵੇਖਿਆ ਜਾ ਰਿਹਾ ਹੈ।

ਪਰ ਇਹ ਗੱਲ ਵੀ ਸੱਚ ਹੈ ਕਿ ਦਲਿਤ ਭਾਈਚਾਰਾ ਇੱਕ ਨਹੀਂ ਹੈ। ਇਸ ਵਿੱਚ ਰਵਿਦਾਸੀਆ, ਆਦਿ-ਧਰਮੀ, ਰਾਮਦਾਸੀਆ ਵਰਗੇ ਵੱਖ ਵੱਖ ਗਰੁੱਪ ਹਨ। ਕੁਝ ਹਿੰਦੂ ਪਛਾਣ ਵਾਲੇ ਹਨ ਅਤੇ ਕੁਝ ਸਿੱਖ ਪਛਾਣ ਵਾਲੇ ਹਨ। ਡੇਰਾ ਬੱਲਾਂ ਦਾ ਅਸਰ ਮੁੱਖ ਤੌਰ 'ਤੇ ਆਦਿ-ਧਰਮੀ ਅਤੇ ਰਵਿਦਾਸੀਆ (ਹਿੰਦੂ ਭਾਈਚਾਰੇ) ਵਿੱਚ ਹੈ। 2011 ਜਨਗਣਨਾ ਅਨੁਸਾਰ ਆਦਿ-ਧਰਮੀਆਂ ਵਿੱਚ 9.12 ਲੱਖ ਹਿੰਦੂ ਹਨ ਜਦਕਿ ਰਾਮਦਾਸੀਆ ਵਿੱਚ 14.43 ਲੱਖ ਸਿੱਖ ਹਨ। ਇਸ ਕਰਕੇ ਇੱਕ ਦੌਰੇ ਨਾਲ ਸਾਰੇ ਭਾਈਚਾਰੇ 'ਤੇ ਅਸਰ ਨਹੀਂ ਪੈਂਦਾ।

ਰਵਿਦਾਸੀਆ ਭਾਈਚਾਰਾ ਆਪਣੀ ਵੱਖਰੀ ਧਾਰਮਿਕ ਪਛਾਣ ਚਾਹੁੰਦਾ ਹੈ ਅਤੇ ਬੀਜੇਪੀ ਇਸ ਨੂੰ ਸਮਝ ਕੇ ਫਾਇਦਾ ਲੈ ਰਹੀ ਹੈ। ਪਰ ਇਸ ਭਾਈਚਾਰੇ ਵਿੱਚ ਹਿੰਦੂਤਵ ਵਿਰੋਧੀ ਵਿਚਾਰ ਵੀ ਮਜ਼ਬੂਤ ਹਨ ਤੇ ਸਿੱਖ ਧਰਮ ਤੋਂ ਅਲੱਗ ਪਛਾਣ ਰੱਖ ਰਹੇ ਹਨ। ਦਲਿਤ ਵੋਟਰ ਪਾਰਟੀਆਂ ਵਿੱਚ ਵੰਡੇ ਹੋਏ ਹਨ। ਕਦੇ ਕਾਂਗਰਸ, ਕਦੇ ਬੀਐੱਸਪੀ, ਕਦੇ ਅਕਾਲੀ ਦਲ ਅਤੇ ਹੁਣ ਆਪ ਵੀ ਅਸਰ ਪਾ ਰਹੀ ਹੈ।

(ਬਾਕੀ ਸਫ਼ਾ 26 'ਤੇ)

# ਭਾਜਪਾ ਦਾ 'ਮਿਸ਼ਨ ਪੰਜਾਬ': ਡੇਰਿਆਂ ਰਾਹੀਂ ਸਿਆਸੀ ਖੇਡ ਅਤੇ ਅਕਾਲੀ ਦਲ ਦੀ ਚੁਣੌਤੀ

**ਰਜਿੰਦਰ ਸਿੰਘ ਪੁਰੇਵਾਲ**



ਪੰਜਾਬ ਦੀ ਸਿਆਸਤ ਵਿੱਚ ਇੱਕ ਨਵੀਂ ਹਲਚਲ ਪੈਦਾ ਹੋ ਰਹੀ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ 'ਮਿਸ਼ਨ ਪੰਜਾਬ' ਨੂੰ ਲੈ ਕੇ ਸੂਬੇ ਦੇ ਪ੍ਰਮੁੱਖ ਡੇਰਿਆਂ ਨਾਲ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ ਹੈ। ਹਾਲ ਹੀ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਰਵਿਦਾਸ ਜੈਯੰਤੀ ਮੌਕੇ ਡੇਰਾ ਸੱਚਖੰਡ ਬੱਲਾਂ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਡੇਰੇ ਦੇ ਮੁਖੀ ਸੰਤ ਨਿਰੰਜਨ ਦਾਸ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤੇ ਜਾਣ ਨੂੰ ਵੀ ਉਜਾਗਰ ਕੀਤਾ। ਇਹ ਘਟਨਾ ਕੇਵਲ ਧਾਰਮਿਕ ਨਹੀਂ, ਬਲਕਿ ਗਹਿਰੀ ਸਿਆਸੀ ਮਹੱਤਤਾ ਵਾਲੀ ਹੈ।

ਪੰਜਾਬ ਵਿੱਚ ਦਲਿਤ ਭਾਈਚਾਰੇ ਦੀ ਆਬਾਦੀ ਲਗਭਗ 32 ਫ਼ੀਸਦੀ ਹੈ, ਜੋ ਕਿਸੇ ਵੀ ਪਾਰਟੀ ਲਈ ਵੋਟ ਬੈਂਕ ਵਜੋਂ ਅਹਿਮ ਹੈ। ਡੇਰਾ ਬੱਲਾਂ ਦੋਆਬੇ ਖਿੱਤੇ ਵਿੱਚ ਰਵਿਦਾਸੀਆ ਭਾਈਚਾਰੇ ਵਿੱਚ ਡੂੰਘਾ ਪ੍ਰਭਾਵ ਰੱਖਦਾ ਹੈ। ਮੋਦੀ ਦੇ ਦੌਰੇ ਨੇ ਇਸ ਭਾਈਚਾਰੇ ਨੂੰ ਸਿੱਧੇ ਤੌਰ 'ਤੇ ਸੰਬੋਧਨ ਕੀਤਾ ਹੈ। ਇਸ ਤੋਂ ਇਲਾਵਾ, ਆਦਮਪੁਰ ਹਵਾਈ ਅੱਡੇ ਨੂੰ ਸ੍ਰੀ ਗੁਰੂ ਰਵਿਦਾਸ ਜੀ ਹਵਾਈ ਅੱਡਾ ਨਾਮ ਦੇਣਾ ਵੀ ਇੱਕ ਪ੍ਰਤੀਕਾਤਮਕ ਕਦਮ ਹੈ, ਜੋ ਭਾਜਪਾ ਦੀ ਦਲਿਤ ਵੋਟ ਬੈਂਕ ਦੀ ਸਿਆਸਤ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ, ਰਾਧਾ ਸੁਆਮੀ ਸਤਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਹਾਲ ਹੀ ਵਿੱਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਜੇਲ੍ਹ ਵਿੱਚ ਮੁਲਾਕਾਤ ਕੀਤੀ ਅਤੇ ਉਨ੍ਹਾਂ ਖ਼ਿਲਾਫ਼ ਕੇਸਾਂ ਨੂੰ ਝੂਠੇ ਕਰਾਰ ਦਿੱਤਾ। ਇਹ ਇਸ਼ਾਰਾ ਕਰਦਾ ਹੈ ਕਿ ਡੇਰਾ ਬਿਆਸ ਆਪ ਸਰਕਾਰ ਤੋਂ ਦੂਰੀ ਬਣਾ ਰਿਹਾ ਹੈ। ਬਿਆਸ ਡੇਰੇ ਦਾ ਮਾਝੇ ਖੇਤਰ ਵਿੱਚ ਵੱਡਾ ਪ੍ਰਭਾਵ ਹੈ, ਅਤੇ ਭਾਜਪਾ ਨੇ ਪਹਿਲਾਂ ਵੀ ਇੱਥੇ ਪ੍ਰਧਾਨ ਮੰਤਰੀ ਮੋਦੀ ਅਤੇ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਦੇ ਦੌਰੇ ਕਰਵਾਏ ਹਨ। ਮਾਲਵੇ ਵਿੱਚ ਡੇਰਾ ਸੱਚਾ ਸੌਦਾ ਸਿਰਸਾ ਨਾਲ ਭਾਜਪਾ ਦੀ ਨੇੜਤਾ ਵੀ ਜਾਣੀ-ਪਛਾਣੀ ਹੈ। ਡੇਰੇ ਦੇ ਮੁਖੀ ਨੂੰ ਵਾਰ-ਵਾਰ ਪੈਰੋਲ ਮਿਲਣਾ ਇਸ ਨੂੰ ਪੁਸ਼ਟ ਕਰਦਾ ਹੈ ਭਾਜਪਾ ਇਨ੍ਹਾਂ ਡੇਰਿਆਂ ਨੂੰ ਟਾਰਗੈਟ ਗੈਰ-ਜੱਟ ਵੋਟਾਂ ਨੂੰ ਇਕੱਠਾ ਕਰਨ ਲਈ ਕਰ ਰਹੀ ਹੈ। ਪੰਜਾਬ ਵਿੱਚ ਜੱਟ ਵੋਟ ਭਾਜਪਾ ਲਈ ਅਸਾਨ ਨਹੀਂ, ਖਾਸ ਕਰ ਤਿੰਨ ਖੇਤੀ ਕਾਨੂੰਨਾਂ ਕਾਰਨ ਪੈਦਾ ਹੋਏ ਰੋਸ ਨੇ ਉਸ ਨੂੰ ਦਿਹਾਤੀ ਖੇਤਰ ਵਿੱਚ ਅਲੱਗ-ਥਲੱਗ ਕਰ ਦਿੱਤਾ ਹੈ। ਇਸ ਲਈ ਭਾਜਪਾ ਹਿੰਦੂ ਅਤੇ ਦਲਿਤ ਵੋਟਾਂ ਵੱਲ ਧਿਆਨ ਕੇਂਦਰਿਤ ਕਰ ਰਹੀ ਹੈ। ਹਰਿਆਣਾ ਵਿੱਚ ਗੈਰ-ਜੱਟ ਧਰੁਵੀਕਰਨ ਨੇ ਭਾਜਪਾ ਨੂੰ ਫਾਇਦਾ ਪਹੁੰਚਾਇਆ ਹੈ ਅਤੇ ਉਹ ਪੰਜਾਬ ਵਿੱਚ ਵੀ ਇਹੀ ਪੈਂਤੜਾ ਅਪਣਾ ਰਹੀ ਹੈ। ਪਰ ਕੀ ਭਾਜਪਾ ਪੰਜਾਬ ਵਿੱਚ ਸਫਲ ਹੋਵੇਗੀ ? ਇਹ ਸਵਾਲ ਗੰਭੀਰ ਹੈ। 2022 ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ਼ 2 ਸੀਟਾਂ ਮਿਲੀਆਂ ਸਨ, ਅਤੇ ਉਸ ਨੂੰ ਅਕਾਲੀ ਦਲ ਨਾਲ ਗਠਜੋੜ ਤੋੜਨ ਕਾਰਨ ਵੀ ਖਮਿਆਜ਼ਾ ਭੁਗਤਣਾ ਪਿਆ। ਖੇਤੀ ਕਾਨੂੰਨਾਂ ਵਾਲਾ ਦਰਦ ਅਜੇ ਵੀ ਤਾਜ਼ਾ ਹੈ, ਅਤੇ ਦਿਹਾਤੀ ਪੰਜਾਬ ਭਾਜਪਾ ਵਿਰੋਧੀ ਰਹਿੰਦਾ ਹੈ। ਫਿਰ ਵੀ, ਡੇਰਿਆਂ ਰਾਹੀਂ ਦਲਿਤ ਵੋਟਾਂ ਨੂੰ ਇਕੱਠਾ ਕਰਨ ਨਾਲ ਭਾਜਪਾ ਨੂੰ ਦੋਆਬੇ ਅਤੇ ਮਾਲਵੇ ਵਿੱਚ ਫਾਇਦਾ ਮਿਲ ਸਕਦਾ ਹੈ। 2027 ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਇਕੱਲੀ ਲੜਨ ਦੀ ਤਿਆਰੀ ਕਰ ਰਹੀ ਹੈ, ਪਰ ਉਸ ਨੂੰ ਅਕਾਲੀ ਨਾਲ ਮੁੜ ਗਠਜੋੜ ਦੀ ਵੀ ਲੋੜ ਮਹਿਸੂਸ ਹੋ ਰਹੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਭਾਜਪਾ ਨੇ ਗੈਰ-ਜੱਟ ਵੋਟਾਂ ਨੂੰ ਧਰੁਵੀਕ੍ਰਿਤ ਕੀਤਾ, ਤਾਂ ਉਹ 10-15 ਸੀਟਾਂ ਤੱਕ ਪਹੁੰਚ ਸਕਦੀ ਹੈ, ਪਰ ਪੂਰੀ ਸਫਲਤਾ ਲਈ ਉਸ ਨੂੰ ਸਿੱਖ ਵੋਟਾਂ ਦੀ ਵੀ ਲੋੜ ਹੈ, ਜੋ ਮੁਸ਼ਕਲ ਲੱਗਦੀ ਹੈ।

ਇਹ ਰਣਨੀਤੀ ਅਕਾਲੀ ਦਲ, ਕਾਂਗਰਸ ਅਤੇ ਆਪ ਲਈ ਖ਼ਤਰਨਾਕ ਹੈ। ਆਪ ਸਰਕਾਰ ਨੂੰ ਡੇਰਿਆਂ ਨਾਲ ਭਾਜਪਾ ਦੀ ਨੇੜਤਾ ਨੇ ਫਿਕਰਮੰਦ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਬਿਆਸ ਡੇਰੇ ਨੂੰ ਨਿਸ਼ਾਨੇ 'ਤੇ ਲੈ ਕੇ ਤੰਜ ਕੱਸੇ ਹਨ। 2022 ਵਿੱਚ ਡੇਰਾ ਪੈਰੋਕਾਰਾਂ ਨੇ ਆਪ ਨੂੰ ਵੋਟਾਂ ਦਿੱਤੀਆਂ ਸਨ, ਪਰ ਹੁਣ ਬਦਲਾਅ ਦੇ ਸੰਕੇਤ ਹਨ। ਕਾਂਗਰਸ ਪਹਿਲਾਂ ਹੀ ਡੁੱਬ ਰਹੀ ਹੈ, ਅਤੇ ਉਸ ਨੂੰ ਦਲਿਤ ਵੋਟਾਂ ਵਿੱਚ ਨੁਕਸਾਨ ਹੋ ਸਕਦਾ ਹੈ। ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਹੈ, ਕਿਉਂਕਿ ਉਹ ਅਨੇਕ ਧੜਿਆਂ ਵਿੱਚ ਵੰਡਿਆ ਹੋਇਆ ਹੈ। ਡੇਰਾ ਸਿਰਸਾ ਨਾਲ ਪੁਰਾਣੀ ਨੇੜਤਾ ਕਾਰਨ ਅਕਾਲੀ ਨੂੰ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ, ਅਤੇ ਭਾਜਪਾ ਨੇ ਉਸ ਦੇ ਪੰਥਕ ਅਧਾਰ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਹੈ। ਦਲ ਖਾਲਸਾ ਵਰਗੇ ਸੰਗਠਨਾਂ ਨੇ ਭਾਜਪਾ ਨੂੰ ਡੇਰਿਆਂ ਰਾਹੀਂ ਸਿੱਖ ਵਿਚਾਰਧਾਰਾ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ ਹੈ।

(ਬਾਕੀ ਸਫ਼ਾ 26 'ਤੇ)

## ਪੰਜਾਬ 'ਚ 'ਗੰਨ ਕਲਚਰ' ਦਾ ਖ਼ੌਫ਼ਨਾਕ ਚਿਹਰਾ

# ਸ਼ੌਕ ਅਤੇ ਸੁਰੱਖਿਆ ਦੇ ਨਾਂਅ ਹੇਠ ਵੰਡੇ ਜਾ ਰਹੇ 'ਮੌਤ ਦੇ ਲਾਇਸੰਸ'

## ਬਿਨਾਂ ਸਿਖਲਾਈ ਹਥਿਆਰ ਬਣ ਰਹੇ ਨੇ ਜਾਨ ਲੇਵਾ: ਪਿਛਲੇ 3 ਸਾਲਾਂ ਵਿੱਚ 35 ਤੋਂ ਵੱਧ ਮੌਤਾਂ

ਜਲੰਧਰ/ਏ.ਟੀ.ਨਿਊਜ਼: ਪੰਜਾਬ ਵਿੱਚ ਹਥਿਆਰ ਰੱਖਣ ਦਾ ਵਧ ਰਿਹਾ ਕ੍ਰੇਜ਼ ਹੁਣ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਸੁਰੱਖਿਆ ਅਤੇ ਸਮਾਜਿਕ ਰੁਤਬੇ ਦੇ ਨਾਂਅ 'ਤੇ ਲਏ ਜਾ ਰਹੇ ਲਾਇਸੰਸੀ ਹਥਿਆਰ, ਤਕਨੀਕੀ ਜਾਣਕਾਰੀ ਦੀ ਘਾਟ ਕਾਰਨ ਮੌਤਾਂ ਦਾ ਸਬੱਬ ਬਣ ਰਹੇ ਹਨ। ਅੰਕੜੇ ਦੱਸਦੇ ਹਨ ਕਿ ਸਾਲ 2023 ਤੋਂ 2025 ਦਰਮਿਆਨ ਅਣਜਾਣੇ ਵਿੱਚ ਗੋਲੀ ਚੱਲਣ ਕਾਰਨ 35 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਹ ਸਥਿਤੀ ਪ੍ਰਸ਼ਾਸਨਿਕ ਢਿੱਲ ਅਤੇ ਸਿਖਲਾਈ ਦੀ ਘਾਟ ਨੂੰ ਸਿੱਧੇ ਤੌਰ 'ਤੇ ਉਜਾਗਰ ਕਰਦੀ ਹੈ।

ਪੰਜਾਬ ਵਿੱਚ ਲਾਇਸੰਸ ਜਾਰੀ ਕਰਨ ਵੇਲੇ ਸਿਰਫ਼ ਕਾਗਜ਼ੀ ਕਾਰਵਾਈ ਅਤੇ ਚੰਦੇ ਦੀਆਂ ਰਸੀਦਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ, ਜਦਕਿ ਹਥਿਆਰ ਚਲਾਉਣ ਦੀ ਮੁੱਢਲੀ ਸਿਖਲਾਈ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਨਤੀਜੇ ਵਜੋਂ, ਅਸਲ੍ਹਾ ਧਾਰਕ ਗੋਲੀ ਲੋਡ ਕਰਨ ਜਾਂ ਹਥਿਆਰ ਸਾਫ਼ ਕਰਨ ਵੇਲੇ ਵੱਡੀਆਂ ਗਲਤੀਆਂ ਕਰ ਬੈਠਦੇ ਹਨ।

ਸਾਲ-ਦਰ-ਸਾਲ ਵਧਦੇ ਖ਼ੂਨੀ ਅੰਕੜੇ

ਹਥਿਆਰਾਂ ਕਾਰਨ ਹੋਣ ਵਾਲੇ ਹਾਦਸਿਆਂ ਦਾ ਵੇਰਵਾ ਬੇਹੱਦ ਡਰਾਉਣਾ ਹੈ:



2023: ਅਕਸੀਡੈਂਟਲ ਫਾਇਰਿੰਗ ਦੇ 12 ਮਾਮਲਿਆਂ ਵਿੱਚ 7 ਲੋਕਾਂ ਦੀ ਮੌਤ ਹੋਈ।

2024: ਸਭ ਤੋਂ ਮਾਰੂ ਸਾਲ ਰਿਹਾ, ਜਿੱਥੇ 40 ਮਾਮਲਿਆਂ ਵਿੱਚ 18 ਲੋਕ ਆਪਣੀ ਜਾਨ ਗੁਆ ਬੈਠੇ।

2025: ਹੁਣ ਤੱਕ 20 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ 8 ਲੋਕਾਂ ਦੀ ਮੌਤ ਹੋ ਚੁੱਕੀ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਮੁਤਾਬਕ, ਅਕਸੀਡੈਂਟਲ ਫਾਇਰਿੰਗ ਦੇ ਮਾਮਲੇ ਵਿੱਚ ਪੰਜਾਬ ਦੇਸ਼ ਵਿੱਚ ਚੌਥੇ ਨੰਬਰ 'ਤੇ ਆ ਗਿਆ ਹੈ। 'ਸਟੇਟਸ ਆਫ਼ ਪੁਲੀਸਿੰਗ ਇਨ ਇੰਡੀਆ ਰਿਪੋਰਟ 2025' ਨੇ ਵੀ ਚਿਤਾਵਨੀ ਦਿੱਤੀ ਹੈ ਕਿ ਪੰਜਾਬ ਵਿੱਚ ਵਧਦਾ ਗੰਨ ਕਲਚਰ ਅਪਰਾਧ ਅਤੇ ਹਾਦਸਿਆਂ ਦਾ ਮੁੱਖ ਕਾਰਨ ਹੈ।

ਮਾਹਿਰਾਂ ਦੀ ਰਾਏ: ਲਾਇਸੰਸ ਦੇਣ ਤੋਂ ਪਹਿਲਾਂ ਘੱਟੋ-ਘੱਟ 2-3 ਦਿਨਾਂ ਦੀ ਲਾਜ਼ਮੀ ਟ੍ਰੇਨਿੰਗ ਹੋਣੀ ਚਾਹੀਦੀ ਹੈ, ਜਿਸ ਵਿੱਚ ਸੇਫਟੀ ਲੌਕ, ਸਟੋਰੇਜ ਅਤੇ ਅਨਲੋਡਿੰਗ ਬਾਰੇ ਸਿਖਾਇਆ ਜਾਵੇ।

ਭਾਵੇਂ ਡੀਆਈਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਵਰਗੇ ਅਧਿਕਾਰੀ ਨਿਯਮਾਂ ਦੀ ਪਾਲਣਾ ਦਾ ਦਾਅਵਾ ਕਰ ਰਹੇ ਹਨ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਬਿਨਾਂ ਸਿਖਲਾਈ ਦੇ ਮਿਲ ਰਹੇ ਹਥਿਆਰ ਘਰਾਂ ਵਿੱਚ ਸੁਰੱਖਿਆ ਦੀ ਥਾਂ ਸੋਗ ਲੈ ਕੇ ਆ ਰਹੇ ਹਨ।

## ਦਰਪਣ ਝੂਠ ਨਹੀਂ ਬੋਲਦਾ

# ਸਿੱਖ ਧਰਮ ’ਚ ਗੁਰਦੁਆਰਿਆਂ ਅੰਦਰ ਕੇਕ ਕੱਟਣ ਦੀ ਵਧਦੀ ਪ੍ਰਥਾ ’ਤੇ ਵਿਵਾਦ: ਕਿਉਂ ਉਠ ਰਹੇ ਹਨ ਸਖ਼ਤ ਸੁਆਲ ?

ਸਿੱਖ ਪੰਥ ਵਿੱਚ ਹਾਲ ਹੀ ਵਿੱਚ ਇੱਕ ਨਵੀਂ ਚਰਚਾ ਛਿੜ ਗਈ ਹੈ, ਜੋ ਧਾਰਮਿਕ ਮਰਿਆਦਾ ਅਤੇ ਆਧੁਨਿਕ ਰੁਝਾਨਾਂ ਵਿਚਕਾਰ ਟਕਰਾਅ ਨੂੰ ਉਜਾਗਰ ਕਰ ਰਹੀ ਹੈ। ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵਾਂ, ਸ਼ਹੀਦਾਂ ਦੀ ਯਾਦ ਵਿੱਚ ਅਤੇ ਹੋਰ ਧਾਰਮਿਕ ਮੌਕਿਆਂ ’ਤੇ ਗੁਰਦੁਆਰਿਆਂ ਅੰਦਰ ਵੱਡੇ-ਵੱਡੇ ਸਜਾਏ ਹੋਏ ਕੇਕ ਕੱਟਣ ਦੀ ਪ੍ਰਥਾ ਵਧ ਰਹੀ ਹੈ। ਇਸ ਨੂੰ ਲੈ ਕੇ ਸਿੱਖ ਵਿਦਵਾਨਾਂ, ਧਾਰਮਿਕ ਆਗੂਆਂ ਅਤੇ ਸੰਗਤਾਂ ਵਿੱਚ ਗੰਭੀਰ ਚਿੰਤਾ ਪੈਦਾ ਹੋ ਗਈ ਹੈ। ਉਹ ਇਸ ਨੂੰ ਸਿੱਖ ਮਰਿਆਦਾ ਵਿਰੁੱਧ ਅਤੇ ‘ਮਨਮਤ’ (ਆਪਣੀ ਮਰਜ਼ੀ ਅਨੁਸਾਰ ਚੱਲਣ ਵਾਲੀ ਰੀਤ) ਦੱਸ ਰਹੇ ਹਨ।

ਇਹ ਵਿਵਾਦ ਖਾਸ ਤੌਰ ’ਤੇ ਤੇਜ਼ ਹੋਇਆ ਹੈ ਜਦੋਂ ਸੋਸ਼ਲ ਮੀਡੀਆ ’ਤੇ ਵੀਡੀਓ ਅਤੇ ਤਸਵੀਰਾਂ ਵਾਇਰਲ ਹੋਈਆਂ, ਜਿਨ੍ਹਾਂ ਵਿੱਚ ਗੁਰਦੁਆਰੇ ਦੇ ਅੰਦਰ ਅਰਦਾਸ ਤੋਂ ਬਾਅਦ ਕੇਕ ਕੱਟੇ ਜਾ ਰਹੇ ਸਨ, ਚੀਅਰਿੰਗ ਹੋ ਰਹੀ ਸੀ ਅਤੇ ਇਸ ਨੂੰ ਸਮਾਜਿਕ ਜਸ਼ਨ ਵਾਂਗ ਮਨਾਇਆ ਜਾ ਰਿਹਾ ਸੀ। ਇਹ ਸਭ ਸਿੱਖ ਧਰਮ ਦੀਆਂ ਮੂਲ ਸਿੱਖਿਆਵਾਂ ‘ਜੋ ਗੁਰਬਾਣੀ, ਸੇਵਾ, ਨਿਮਰਤਾ ਅਤੇ ਅੰਦਰੂਨੀ ਸ਼ਾਂਤੀ ’ਤੇ ਅਧਾਰਿਤ ਹਨ’ ਨਾਲ ਟਕਰਾਉਂਦਾ ਦਿਖਾਈ ਦੇ ਰਿਹਾ ਹੈ।

ਸਿੱਖ ਯੂਥ ਫ਼ੈਡਰੇਸ਼ਨ (ਸੰਤ ਭਿੰਡਰਾਂਵਾਲੇ) ਦੇ ਪ੍ਰਧਾਨ ਭਾਈ ਰਣਜੀਤ ਸਿੰਘ ਨੇ ਇਸ ਮਾਮਲੇ ’ਤੇ ਸਖ਼ਤ ਰੁਖ ਅਪਣਾਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਗੁਰੂ ਸਾਹਿਬਾਨ, ਸ਼ਹੀਦਾਂ ਅਤੇ ਇਤਿਹਾਸਕ ਸ਼ਖਸੀਅਤਾਂ ਦੇ ਜਨਮ ਦਿਹਾੜੇ ਜਾਂ ਯਾਦਗਾਰੀ ਮੌਕਿਆਂ ’ਤੇ ਰਵਾਇਤੀ ਤਰੀਕਿਆਂ ਦੀ ਥਾਂ ਵੱਡੇ ਡੈਕੋਰੇਟਿਵ ਕੇਕ ਕੱਟੇ ਜਾ ਰਹੇ ਹਨ। ਇਹ ਅਕਸਰ ਅਰਦਾਸ ਤੋਂ ਬਾਅਦ ਹੁੰਦਾ ਹੈ ਅਤੇ ਇਸ ਨੂੰ ਖੁਸ਼ੀ ਦੇ ਜਸ਼ਨ ਵਾਂਗ ਮਨਾਇਆ ਜਾਂਦਾ ਹੈ।

ਭਾਈ ਰਣਜੀਤ ਸਿੰਘ ਨੇ ਕਿਹਾ, ‘ਕੇਕ ਕੱਟਣਾ ਸਿੱਖ ਰਵਾਇਤ ਨਹੀਂ ਹੈ। ਸਾਡਾ ਧਰਮ ਅਜਿਹੇ ਰਸਮਾਂ ਨੂੰ ਮਾਨਤਾ ਨਹੀਂ ਦਿੰਦਾ, ਖਾਸ ਕਰਕੇ ਗੁਰਦੁਆਰੇ ਅੰਦਰ। ਸਿੱਖ ਉਤਸਵ ਗੁਰਬਾਣੀ, ਸੇਵਾ ਅਤੇ ਨਿਮਰਤਾ ਨਾਲ ਜੁੜੇ ਹੁੰਦੇ ਹਨ, ਨਾ ਕਿ ਬਾਹਰੀ ਰੀਤਾਂ ਨੂੰ ਅਪਣਾ ਕੇ। ਜਦੋਂ ਅਸੀਂ ਦੇਗ-ਤੇਗ ਦੀ ਥਾਂ ਵਿਖਾਵੇ ਅਤੇ ਸ਼ੋਅ ਨੂੰ ਅਹਿਮੀਅਤ ਦੇਣ ਲੱਗ ਪੈਂਦੇ ਹਾਂ ਤਾਂ ਸਿੱਖ ਪਛਾਣ ਦੀਆਂ ਨੀਂਹਾਂ ਕਮਜ਼ੋਰ ਹੋ ਜਾਂਦੀਆਂ ਹਨ।’

ਉਨ੍ਹਾਂ ਨੇ ਇਹ ਵੀ ਕਿਹਾ ਕਿ ਕਈ ਵਾਰ ਲੋਕ ਵੱਡੇ ਵਾਹਨਾਂ ਵਿੱਚ ਕੇਕ ਲੈ ਕੇ ਆਉਂਦੇ ਹਨ ਅਤੇ ਆਕਾਰ, ਵਜ਼ਨ ਅਤੇ ਡਿਜ਼ਾਈਨ ਵਿੱਚ ਮੁਕਾਬਲੇ ਕਰਦੇ ਹਨ। ਇਹ ਸਭ ਧਾਰਮਿਕ ਯਾਦ ਨੂੰ ਪ੍ਰਦਰਸ਼ਨ ਅਤੇ ਸੋਸ਼ਲ ਉਤਸਵ ਵੱਲ ਤਬਦੀਲ ਕਰ ਦਿੰਦਾ ਹੈ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਇਸ ਨੂੰ ‘ਗੁਰ ਮਰਿਆਦਾ’ ਦੇ ਉਲਟ






ਨਤੀਜਾ ਦੱਸਿਆ। ਉਨ੍ਹਾਂ ਅਨੁਸਾਰ ਸਿੱਖ ਪਰੰਪਰਾ ਵਿੱਚ ਖੁਸ਼ੀ ਅਤੇ ਯਾਦ ਨੂੰ ਮਨਾਉਣ ਦੇ ਤਰੀਕੇ ਸਪੱਸ਼ਟ ਹਨ: ਪਾਠ, ਕੀਰਤਨ, ਕਥਾ, ਕਵਿਸ਼ਰੀ, ਢਾਡੀ ਵਾਰਾਂ, ਅਰਦਾਸ, ਕੜਾਹ ਪ੍ਰਸ਼ਾਦ ਅਤੇ ਪੰਗਤ ਵਿੱਚ ਲੰਗਰ। ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਪੱਛਮੀ ਜਾਂ ਗੈਰ-ਸਿੱਖ ਰਸਮਾਂ ਨਾਲ ਬਦਲਣਾ ਮਰਿਆਦਾ ਦੀ ਉਲੰਘਣਾ ਹੈ।

ਸਿੱਖ ਰਹਿਤ ਮਰਿਆਦਾ (ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਅਧਿਕਾਰਤ ਨਿਯਮ-ਕਾਨੂੰਨ) ਵਿੱਚ ਗੁਰਦੁਆਰੇ ਅੰਦਰ ਕਿਸੇ ਵੀ ਗੈਰ-ਗੁਰਮਤਿ ਰਸਮ ਨੂੰ ਸਖ਼ਤੀ ਨਾਲ ਮਨ੍ਹਾ ਕੀਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਗੁਰਦੁਆਰੇ ਵਿੱਚ ਸਿਰਫ਼ ਗੁਰਬਾਣੀ ਨਾਲ ਜੁੜੀਆਂ ਰਸਮਾਂ ਹੀ ਹੋਣੀਆਂ ਚਾਹੀਦੀਆਂ ਹਨ। ਕੋਈ ਵੀ ਮੂਰਤੀ ਪੂਜਾ, ਵਿਦੇਸ਼ੀ ਰੀਤਾਂ ਜਾਂ ਅਜਿਹੇ ਕੰਮ ਜੋ ਗੁਰਮਤਿ ਵਿਰੁੱਧ ਹੋਣ, ਮਨ੍ਹਾ ਹਨ। ਕੇਕ ਕੱਟਣ ਵਰਗੀ ਪ੍ਰਥਾ ਨੂੰ ਬਹੁਤ ਸਾਰੇ ਵਿਦਵਾਨ ‘ਬਾਹਰੀ ਰਸਮ’ ਮੰਨਦੇ ਹਨ, ਜੋ ਮੁੱਖ ਤੌਰ ’ਤੇ ਪੱਛਮੀ ਸਭਿਆਚਾਰ ਤੋਂ ਆਈ ਹੈ ਅਤੇ ਇਸ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ।

ਪਹਿਲਾਂ ਵੀ ਅਜਿਹੇ ਮਾਮਲੇ ਚਰਚਾ ਵਿੱਚ ਰਹੇ ਹਨ, ਜਿਵੇਂ ਜਨਮਦਿਨਾਂ ’ਤੇ ਲੰਗਰ ਹਾਲ ਵਿੱਚ ਕੇਕ ਕੱਟਣਾ ਜਾਂ ਬੱਚੇ ਦੇ ਪਹਿਲੇ ਜਨਮਦਿਨ ’ਤੇ ਗੁਰਦੁਆਰੇ ਵਿੱਚ ਇਹ ਰਸਮ। ਕੁਝ ਗੁਰਦੁਆਰੇ ਇਸ ਨੂੰ ਮਨਜ਼ੂਰ ਕਰ ਲੈਂਦੇ ਹਨ (ਜੇ ਡਾਂਸ,ਗਾਣੇ ਹੋਣ ਤਾਂ), ਪਰ ਵੱਡੇ ਪੱਧਰ ’ਤੇ ਇਹ ਵਿਵਾਦ ਵਾਲਾ ਮਾਮਲਾ ਬਣ ਜਾਂਦਾ ਹੈ। ਹਾਲ ਹੀ ਵਿੱਚ ਕੁਝ ਜਥੇਦਾਰਾਂ ਅਤੇ ਕਥਾਵਾਚਕਾਂ ਨੇ ਵੀ ਇਸ ਵਿਰੁੱਧ ਆਵਾਜ਼ ਉਠਾਈ ਹੈ, ਜਿਵੇਂ ਕਿ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ’ਤੇ ਕੇਕ ਕੱਟਣ ਨੂੰ ਗਲਤ ਦੱਸਿਆ ਗਿਆ। ਇਸ ਪ੍ਰਥਾ ਨੂੰ ਲੈ ਕੇ ਚਿੰਤਾ ਇਹ ਵੀ ਹੈ ਕਿ ਇਹ ਸਿੱਖ ਨੌਜਵਾਨ ਪੀੜ੍ਹੀ ਵਿੱਚ ਧਾਰਮਿਕ ਪਛਾਣ ਨੂੰ ਕਮਜ਼ੋਰ ਕਰ ਰਹੀ ਹੈ। ਸੋਸ਼ਲ ਮੀਡੀਆ ’ਤੇ ਵਾਇਰਲ ਹੋਣ ਕਾਰਨ ਇਹ ਰੁਝਾਨ ਹੋਰ ਫ਼ੈਲ ਰਿਹਾ ਹੈ, ਜਿਸ ਨਾਲ ਧਾਰਮਿਕ ਸਮਾਗਮ ਵਿਖਾਵੇ ਵੱਲ ਤਬਦੀਲ ਹੋ ਰਹੇ ਹਨ। ਵਿਦਵਾਨਾਂ ਦਾ ਕਹਿਣਾ ਹੈ ਕਿ ਜੇ ਇਹ ਸਿਲਸਿਲਾ ਜਾਰੀ ਰਿਹਾ ਤਾਂ ਸਿੱਖ ਸੰਗਠਨਾਂ ਵੱਲੋਂ ਵਿਰੋਧ ਪ੍ਰਦਰਸ਼ਨ ਵੀ ਸ਼ੁਰੂ ਹੋ ਸਕਦੇ ਹਨ।ਸਿੱਖ ਧਰਮ ਦੀ ਮਰਿਆਦਾ ਅਨੁਸਾਰ ਗੁਰਦੁਆਰਾ ਇੱਕ ਪਵਿੱਤਰ ਅਸਥਾਨ ਹੈ, ਜਿੱਥੇ ਸਿਰਫ਼ ਗੁਰੂ ਦੀ ਬਾਣੀ ਅਤੇ ਸੇਵਾ-ਸਿਮਰਨ ਹੀ ਹੋਣਾ ਚਾਹੀਦਾ ਹੈ। ਬਾਹਰੀ ਰਸਮਾਂ ਨੂੰ ਅਪਣਾਉਣ ਨਾਲ ਇਸ ਪਵਿੱਤਰਤਾ ਨੂੰ ਠੇਸ ਪਹੁੰਚਦੀ ਹੈ। ਇਹ ਵਿਵਾਦ ਸਿੱਖ ਭਾਈਚਾਰੇ ਲਈ ਇੱਕ ਮੌਕਾ ਵੀ ਹੈ ਕਿ ਆਪਣੀਆਂ ਜੜ੍ਹਾਂ ਵੱਲ ਵਾਪਸ ਮੁੜੇ ਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਪੂਰੀ ਤਰ੍ਹਾਂ ਅਪਣਾਏ।

# ਸਾਂਸਦਾਂ ਦੀ ਜਾਇਦਾਦ ’ਚ ਛੜੱਪੇ ਮਾਰ 110 ਫ਼ੀਸਦੀ ਵਾਧਾ

## ਸਭ ਤੋਂ ਵੱਧ ਜਾਇਦਾਦ ਵਧਾਉਣ ਵਾਲੇ ਨੇਤਾਵਾਂ ’ਚ ਸਭ ਤੋਂ ਅੱਗੇ ਭਾਜਪਾ

## ਸਰਕਾਰ ਨੂੰ ਪਾਰਦਰਸ਼ਤਾ ਅਤੇ ਸਖ਼ਤ ਕਾਨੂੰਨ ਬਣਾਉਣ ਦੀ ਲੋੜ

ਭਾਰਤੀ ਸੰਸਦ ਵਿੱਚ ਬੈਠੇ ਹਜ਼ਾਰਾਂ ਨੇਤਾਵਾਂ ਦੀ ਜਾਇਦਾਦ ਪਿਛਲੇ ਦਸ ਸਾਲਾਂ ਵਿੱਚ ਛੜੱਪੇ ਮਾਰ ਕੇ ਵਧੀ ਹੈ। ਐਸੋਸੀਏਸ਼ਨ ਫ਼ਾਰ ਡੈਮੋਕਰੈਟਿਕ ਰਿਫ਼ਾਰਮਜ਼ (ਏ.ਡੀ.ਆਰ.) ਦੀ ਤਾਜ਼ਾ ਰਿਪੋਰਟ ਅਨੁਸਾਰ, 2014 ਤੋਂ 2024 ਤੱਕ ਮੁੜ ਚੁਣੇ ਗਏ 102 ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 110 ਫ਼ੀਸਦ ਵਧੀ ਹੈ। ਇਹ ਵਾਧਾ ਆਮ ਆਦਮੀ ਦੀ ਕਮਾਈ ਨਾਲੋਂ ਕਿਤੇ ਜ਼ਿਆਦਾ ਹੈ, ਜਿਸ ਨੇ ਪੂਰੇ ਦੇਸ਼ ਵਿੱਚ ਇੱਕ ਵੱਡੀ ਚਰਚਾ ਛੇੜ ਦਿੱਤੀ ਹੈ। ਏ.ਡੀ.ਆਰ. ਦੀ ਰਿਪੋਰਟ ਅਨੁਸਾਰ, 2014 ਵਿੱਚ ਇਨ੍ਹਾਂ 102 ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 15.76 ਕਰੋੜ ਰੁਪਏ ਸੀ, ਜੋ 2019 ਵਿੱਚ ਵਧ ਕੇ 24.21 ਕਰੋੜ ਅਤੇ 2024 ਵਿਚ 33.13 ਕਰੋੜ ਰੁਪਏ ਹੋ ਗਈ ਸੀ। ਇਸ ਤਰ੍ਹਾਂ, ਦਸ ਸਾਲਾਂ ਵਿੱਚ ਔਸਤ ਵਾਧਾ 17.36 ਕਰੋੜ ਰੁਪਏ ਰਿਹਾ ਹੈ, ਜੋ 110 ਫ਼ੀਸਦੀ ਬਣਦਾ ਹੈ। ਇਹ ਅੰਕੜੇ ਚੋਣ ਕਮਿਸ਼ਨ ਨੂੰ ਦਿੱਤੇ ਗਏ ਹਲਫ਼ੀਆ ਬਿਆਨਾਂ ’ਤੇ ਅਧਾਰਿਤ ਹਨ, ਜਿਨ੍ਹਾਂ ਵਿੱਚ ਉਮੀਦਵਾਰਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਦੇ ਵੇਰਵੇ ਦੱਸਣੇ ਲਾਜ਼ਮੀ ਹੁੰਦੇ ਹਨ।

ਸਭ ਤੋਂ ਵੱਧ ਵਾਧਾ ਵਾਲੇ ਨੇਤਾਵਾਂ ਵਿੱਚ ਭਾਜਪਾ ਦੇ ਉਦੈਨਰਾਜੇ ਪ੍ਰਤਾਪਸਿੰਘ ਮਹਾਰਾਜ ਭੌਂਸਲੇ ਸ਼ਾਮਲ ਹਨ, ਜਿਨ੍ਹਾਂ ਦੀ ਜਾਇਦਾਦ 2014 ਵਿੱਚ 60.60 ਕਰੋੜ ਤੋਂ ਵਧ ਕੇ 2024 ਵਿੱਚ 223.12 ਕਰੋੜ ਰੁਪਏ ਹੋ ਗਈ ਸੀ - ਭਾਵ 268 ਫ਼ੀਸਦੀ ਵਾਧਾ। ਇਸੇ ਤਰ੍ਹਾਂ,



ਭਾਜਪਾ ਦੀ ਪੂਨਮਬੇਨ ਮੈਡਮ ਦੀ ਜਾਇਦਾਦ 17.43 ਕਰੋੜ ਤੋਂ 147.70 ਕਰੋੜ, ਵਾਈ.ਐਸ.ਆਰ.ਸੀ.ਪੀ. ਦੇ ਪੀ.ਵੀ. ਮਿਧੁਨ ਰੈੱਡੀ ਦੀ 22.59 ਕਰੋੜ ਤੋਂ 146.85 ਕਰੋੜ ਅਤੇ ਨਾਮਵਰ ਅਦਾਕਾਰਾ ਹੇਮਾ ਮਾਲਿਨੀ ਦੀ 178 ਕਰੋੜ ਤੋਂ 278 ਕਰੋੜ ਰੁਪਏ ਹੋ ਗਈ ਸੀ। ਇਸ ਸੂਚੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ (108 ਕਰੋੜ ਤੋਂ 198 ਕਰੋੜ), ਟੀ.ਐੱਮ.ਸੀ. ਦੇ ਸ਼ਤਰੂਘਨ ਸਿਨਹਾ ਅਤੇ ਐੱਨ.ਸੀ.ਪੀ. ਦੀ ਸੁਪ੍ਰਿਆ ਸੁਲੇ ਵੀ ਸ਼ਾਮਲ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਾਇਦਾਦ ਵੀ 82 ਫ਼ੀਸਦੀ ਵਧੀ ਹੈ - 2014 ਵਿੱਚ 1 ਕਰੋੜ ਤੋਂ 2024 ਵਿੱਚ 3 ਕਰੋੜ ਰੁਪਏ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਜਾਇਦਾਦ 117 ਫ਼ੀਸਦੀ ਵਧ ਕੇ 9 ਕਰੋੜ ਤੋਂ 20 ਕਰੋੜ ਰੁਪਏ ਹੋ ਗਈ ਹੈ। ਪੰਜਾਬ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਦੀ ਜਾਇਦਾਦ ਵਿੱਚ 64 ਫ਼ੀਸਦੀ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਭਾਜਪਾ ਦੇ ਗੁੜਗਾਓਂ ਤੋਂ ਰਾਓ ਇੰਦਰਜੀਤ ਸਿੰਘ ਦੀ ਜਾਇਦਾਦ 25 ਕਰੋੜ ਤੋਂ 121 ਕਰੋੜ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਦੀ ਜਾਇਦਾਦ ਵਿੱਚ 8 ਕਰੋੜ ਦਾ ਵਾਧਾ ਹੋਇਆ ਹੈ। ਇਕਲੌਤਾ ਅਜਿਹਾ ਨੇਤਾ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਹਨ, ਜਿਨ੍ਹਾਂ ਦੀ ਜਾਇਦਾਦ 74 ਕਰੋੜ ਤੋਂ ਘਟ ਕੇ 39 ਕਰੋੜ ਰਹਿ ਗਈ ਹੈ।

# ਅਮਰੀਕਾ ਨੂੰ ਮਹਿੰਗੀ ਪੈ ਸਕਦੀ ਹੈ ਟਰੰਪ ਦੀ ‘ਅਮਰੀਕਾ ਫ਼ਸਟ’ ਦੀ ਨੀਤੀ

ਦੂਜੀ ਵਿਸ਼ਵ ਜੰਗ ਤੋਂ ਬਾਅਦ ਬਣੀ ਅਮਰੀਕੀ ਅਗਵਾਈ ਵਾਲੀ ਵਿਸ਼ਵ ਵਿਵਸਥਾ ਅੱਜ ਇੱਕ ਇਤਿਹਾਸਕ ਮੋੜ ’ਤੇ ਖੜ੍ਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ‘ਅਮਰੀਕਾ ਫ਼ਸਟ’ ਨੀਤੀ ਨੇ ਨਾ ਸਿਰਫ਼ ਅਮਰੀਕਾ ਦੇ ਰਵਾਇਤੀ ਸਹਿਯੋਗੀਆਂ ਨੂੰ ਪਰੇਸ਼ਾਨ ਕੀਤਾ ਹੈ, ਬਲਕਿ ਉਨ੍ਹਾਂ ਨੂੰ ਚੀਨ ਵੱਲ ਨਵੇਂ ਰਿਸ਼ਤੇ ਬਣਾਉਣ ਲਈ ਮਜਬੂਰ ਵੀ ਕਰ ਦਿੱਤਾ ਹੈ। ਹਾਲ ਦੇ ਮਹੀਨਿਆਂ ਵਿੱਚ ਕੈਨੇਡਾ, ਬ੍ਰਿਟੇਨ, ਫ਼ਿਨਲੈਂਡ ਅਤੇ ਜਰਮਨੀ ਵਰਗੇ ਦੇਸ਼ਾਂ ਦੇ ਨੇਤਾਵਾਂ ਨੇ ਬੀਜਿੰਗ ਦਾ ਦੌਰਾ ਕੀਤਾ ਸੀ, ਜੋ ਇੱਕ ਵੱਡੇ ਭੂ-ਰਾਜਨੀਤਕ ਬਦਲਾਅ ਨੂੰ ਦਰਸਾਉਂਦਾ ਹੈ। ਇਹ ਸਭ ਟਰੰਪ ਦੀਆਂ ਟੈਰਿਫ਼ ਨੀਤੀਆਂ ਅਤੇ ਅਸਥਿਰ ਵਿਦੇਸ਼ ਨੀਤੀ ਦਾ ਨਤੀਜਾ ਮੰਨਿਆ ਜਾ ਰਿਹਾ ਹੈ, ਜਿਸ ਨੇ ਅਮਰੀਕਾ ਨੂੰ ਵਿਸ਼ਵ ਮੰਚ ’ਤੇ ਇਕੱਲਾ ਕਰ ਦਿੱਤਾ ਹੈ।

ਪਿਛਲੇ ਕੁਝ ਮਹੀਨਿਆਂ ਵਿੱਚ ਪੱਛਮੀ ਨੇਤਾਵਾਂ ਨੇ ਚੀਨ ਨਾਲ ਰਿਸ਼ਤੇ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਹਾਲ ਹੀ ਵਿੱਚ ਬੀਜਿੰਗ ਦਾ ਦੌਰਾ ਕੀਤਾ ਅਤੇ ਚੀਨ ਨੂੰ ਇੱਕ ‘ਸਥਿਰ ਸਹਿਭਾਗੀ’ ਕਰਾਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਦੀਆਂ ਅਸਥਿਰ ਨੀਤੀਆਂ ਕਾਰਨ ਕੈਨੇਡਾ ਨੂੰ ਨਵੇਂ ਵਪਾਰਕ ਸਹਿਯੋਗੀਆਂ ਦੀ ਭਾਲ ਕਰਨੀ ਪੈ ਰਹੀ ਹੈ। ਇਸੇ ਤਰ੍ਹਾਂ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ 8 ਸਾਲਾਂ




ਬਾਅਦ ਚੀਨ ਦਾ ਦੌਰਾ ਕੀਤਾ ਸੀ ਅਤੇ ਬ੍ਰਿਟਿਸ਼ ਮੀਡੀਆ ਅਨੁਸਾਰ, ਉਹ ਮੰਨਦੇ ਹਨ ਕਿ ਚੀਨ ਨਾਲ ਰਿਸ਼ਤੇ ਤੋੜਨਾ ਇੱਕ ਵੱਡੀ ਗਲਤੀ ਸੀ। ਜਰਮਨੀ ਦੇ ਚਾਂਸਲਰ ਫ਼੍ਰੈਡਰਿਕ ਮਰਜ਼ ਵੀ ਅਗਲੇ ਮਹੀਨੇ ਚੀਨ ਜਾਣ ਵਾਲੇ ਹਨ, ਕਿਉਂਕਿ ਅਮਰੀਕੀ ਟੈਰਿਫ਼ਾਂ ਨੇ ਜਰਮਨ ਆਟੋ ਉਦਯੋਗ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ।

ਅਮਰੀਕਾ ਨੇ ਆਪਣੇ ਸਹਿਯੋਗੀਆਂ ’ਤੇ ਵੀ ਭਾਰੀ ਟੈਰਿਫ਼ ਲਗਾਏ ਹਨ, ਜਿਸ ਨਾਲ ਯੂਰਪ ਅਤੇ ਕੈਨੇਡਾ ਵਰਗੇ ਦੇਸ਼ ਅਮਰੀਕਾ ਤੋਂ ਨਿਰਾਸ਼ ਹੋ ਗਏ ਹਨ। ਨਾਟੋ ਅਤੇ ਹੋਰ ਅੰਤਰਰਾਸ਼ਟਰੀ ਸੰਗਠਨਾਂ ਵਿੱਚ ਟਰੰਪ ਦੀ ਆਲੋਚਨਾ ਨੇ ਇਨ੍ਹਾਂ ਦੇਸ਼ਾਂ ਨੂੰ ਚੀਨ ਵੱਲ ਵੇਖਣ ਲਈ ਮਜਬੂਰ ਕੀਤਾ ਹੈ। ਚੀਨ ਨੇ ਆਪਣੇ ਨੂੰ ਇੱਕ ਸਥਿਰ ਅਤੇ ਆਰਥਿਕ ਤੌਰ ’ਤੇ ਭਰੋਸੇਮੰਦ ਹਿੱਸੇਦਾਰ ਵਜੋਂ ਪੇਸ਼ ਕੀਤਾ ਹੈ, ਜੋ ਗ੍ਰੀਨ ਟੈਕਨਾਲੋਜੀ ਅਤੇ ਨਿਵੇਸ਼ ਵਿੱਚ ਵੱਡੀ ਪੇਸ਼ਕਸ਼ ਕਰ ਰਿਹਾ ਹੈ। ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਵੀ ਮੰਨਿਆ ਹੈ ਕਿ ਵਿਸ਼ਵ ਅਰਥਵਿਵਸਥਾ ਨੂੰ ਸਥਿਰ ਰੱਖਣ ਲਈ ਚੀਨ ਨਾਲ ਸਹਿਯੋਗ ਜ਼ਰੂਰੀ ਹੈ।ਇਸ ਵਿਸ਼ਵ ਬਦਲਾਅ ਵਿੱਚ ਭਾਰਤ ਦੀ ਭੂਮਿਕਾ ਵੀ ਅਹਿਮ ਹੈ। ਤਾਜ਼ਾ ਨਿਊਜ਼ ਅਨੁਸਾਰ, ਭਾਰਤ ਅਮਰੀਕਾ-ਚੀਨ ਵਿਵਾਦ ਵਿੱਚ ਆਪਣੀ ‘ਸਟ੍ਰੈਟਿਜਿਕ ਆਟੋਨਮੀ’ ਨੂੰ ਬਰਕਰਾਰ ਰੱਖ ਰਿਹਾ ਹੈ। ਅਮਰੀਕੀ ਪੈਂਟਾਗਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੀਨ ਭਾਰਤ ਨਾਲ ਘੱਟ ਤਣਾਅ ਵਾਲੇ ਰਿਸ਼ਤੇ ਨੂੰ ਇਸਤੇਮਾਲ ਕਰ ਕੇ ਅਮਰੀਕਾ-ਭਾਰਤ ਵਿਚਾਲੇ ਰਿਸ਼ਤੇ ਨੂੰ ਗਹਿਰਾ ਹੋਣ ਤੋਂ ਰੋਕਣਾ ਚਾਹੁੰਦਾ ਹੈ। ਪਰ ਭਾਰਤ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦੇ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਚੀਨ ਨਾਲ ਬਾਰਡਰ ਤਣਾਅ ਘੱਟ ਕਰਨ ਵਾਲੇ ਸਮਝੌਤੇ ਕੀਤੇ ਹਨ, ਜਿਸ ਨਾਲ ਦੋਹਾਂ ਦੇਸ਼ਾਂ ਵਿੱਚ ਵਪਾਰ ਵਧ ਰਿਹਾ ਹੈ।



# ਕਦੋਂ ਤੱਕ ਹੁੰਦੀ ਰਹੇਗੀ ਲਾਸ਼ਾਂ ’ਤੇ ਰਾਜਨੀਤੀ?

## ਬੀਬੀ ਭੱਠਲ ਦੇ ਬੰਬ ਧਮਾਕਿਆਂ ਸਬੰਧੀ ਬਿਆਨ ਦੇ ਹਨ ਡੂੰਘੇ ਅਰਥ

**ਪੰਜਾਬ ਨੇ 80 ਅਤੇ 90 ਦੇ ਦਹਾਕਿਆਂ ਦੌਰਾਨ ਕਾਲੇ ਦੌਰ ਦਾ ਮਾੜਾ ਸਮਾਂ ਵੇਖਿਆ ਹੈ। ਉਸ ਸਮੇਂ ਆਮ ਲੋਕਾਂ ਨੂੰ ਇੱਕ ਪਾਸੇ ਖਾੜਕੂਆਂ ਦੀਆਂ ਸੰਗੀਨਾਂ ਦਾ ਡਰ ਸੀ ਤਾਂ ਦੂਜੇ ਪਾਸੇ ਅੱਤਵਾਦ ਨੂੰ ਖਤਮ ਕਰਨ ਦੇ ਨਾਂ ਹੇਠ ਪੁਲਿਸ ਵੱਲੋਂ ਚਲਾਏ ਗਏ ਦਮਨ ਚੱਕਰ ਵਿੱਚ ਪੀਸਿਆ ਜਾ ਰਿਹਾ ਸੀ। ਹਰ ਦਿਨ ਅਨੇਕਾਂ ਪੁਲਿਸ ਮੁਕਾਬਲੇ ਹੁੰਦੇ ਸਨ, ਜਿਨ੍ਹਾਂ ਵਿੱਚ ਸਿੱਖ ਨੌਜਵਾਨ ਮਾਰੇ ਜਾਂਦੇ ਸਨ। ਸਵਾਲ ਤਾਂ ਇਹ ਹੈ ਕਿ ਕੀ ਇਹ ਸਾਰੇ ਸਿੱਖ ਨੌਜਵਾਨ ਅੱਤਵਾਦੀ ਸਨ? ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਕੇ ਪੰਜਾਬ ਪੁਲਿਸ ਵੱਲੋਂ ਲਾਵਾਰਸ ਲਾਸ਼ਾਂ ਕਹਿ ਕੇ ਫੂਕੇ ਗਏ ਹਜ਼ਾਰਾਂ ਸਿੱਖ ਨੌਜਵਾਨਾਂ ਦੀ ਜਾਂਚ ਕਰ ਰਹੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਵੀ ਚਿੱਟੇ ਦਿਨ ਲਾਸ਼ ਬਣਾ ਦਿੱਤਾ ਗਿਆ। ਭਾਈ ਖਾਲੜਾ ਦਾ ਅੰਜਾਮ ਵੇਖ ਕੇ ਹੋਰ ਕਿਸੇ ਵਿਅਕਤੀ ਦੀ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਕਰਨ ਦੀ ਹਿੰਮਤ ਨਹੀਂ ਪਈ। ਇਹਨਾਂ ਪੁਲਿਸ ਮੁਕਾਬਲਿਆਂ ਦਾ ਸੇਕ ਅਜੇ ਵੀ ਪੰਜਾਬੀਆਂ ਨੂੰ ਲੱਗ ਰਿਹਾ ਹੈ। ਹੁਣ ਇੱਕ ਵਾਰ ਫਿਰ ਪੰਜਾਬ ਵਿੱਚ ਪੁਲਿਸ ਮੁਕਾਬਲੇ ਹੋਣੇ ਸ਼ੁਰੂ ਹੋ ਗਏ ਹਨ, ਇਹ ਸੱਚੇ ਹਨ ਜਾਂ ਝੂਠੇ, ਰੱਬ ਜਾਣੇ।**

ਅੰਮ੍ਰਿਤਸਰ ਟਾਈਮਜ਼ ਬਿਊਰੋ

ਪੰਜਾਬ ਦੀ ਇੱਕ ਵੱਡੀ ਖ਼ਾਸੀਅਤ ਹੈ ਕਿ ਇਸ ਨੂੰ ਡੇਗਣਾ ਬਹੁਤ ਮੁਸ਼ਕਿਲ ਹੈ। ਜੇ ਦੁਸ਼ਮਣਾਂ ਦੇ ਅੰਦਰੂਨੀ ਤੇ ਬਾਹਰੀ ਹਮਲਿਆਂ ਅਤੇ ਕੋਝੀਆਂ ਹਰਕਤਾਂ ਕਾਰਨ ਇਹ ਡਿੱਗ ਵੀ ਪਵੇ ਤਾਂ ਪੰਜਾਬ ਬੜੀ ਤੇਜ਼ੀ ਨਾਲ ਦੁਬਾਰਾ ਤੋਂ ਉੱਠ ਖੜਦਾ ਹੈ। ਹੁਣ ਜੇ ਅੱਜ ਦੇ ਪੰਜਾਬ ਵੱਲ ਨਜ਼ਰ ਮਾਰੀਏ ਤਾਂ ਹਰ ਦਿਨ ਗੋਲੀਆਂ ਦੀ ਤਾੜ ਤਾੜ, ਨਿੱਕੀ ਜਿਹੀ ਗੱਲ ’ਤੇ ਭੜਕ ਪੈਂਦੀਆਂ ਹਿੰਸਕ ਘਟਨਾਵਾਂ, ਹਰ ਦਿਨ ਵਾਂਗ ਹੁੰਦੀਆਂ ਧਾਰਮਿਕ ਬੇਅਦਬੀਆਂ, ਗੈਂਗਸਟਰਾਂ ਦੀ ਅੰਦਰੂਨੀ ਗੈਂਗਵਾਰ ਅਤੇ ਆਮ ਲੋਕਾਂ ਉੱਪਰ ਚਲਾਈਆਂ ਜਾਂਦੀਆਂ ਗੋਲੀਆਂ, ਪੰਜਾਬ ਪੁਲਿਸ ਵੱਲੋਂ ਕੀਤੇ ਜਾਂਦੇ ਸੱਚੇ-ਝੂਠੇ ਪੁਲਿਸ ਮੁਕਾਬਲਿਆਂ, ਧਰਨਿਆਂ, ਹੜਤਾਲਾਂ, ਆਵਾਜਾਈ ਠੱਪ ਕਰਨ ਨਾਲ ਵਿੰਨ੍ਹਿਆ ਪਿਆ ਹੈ। ਪੰਜਾਬੀਆਂ ਨੂੰ ਵੱਡਾ ਦੁੱਖ ਇਸ ਗੱਲ ਦਾ ਹੈ ਕਿ ਇਸ ਸਮੇਂ ਪੰਜਾਬੀ ਹੀ ਇੱਕ ਦੂਜੇ ਦੇ ਵੈਰੀ ਬਣਦੇ ਜਾ ਰਹੇ ਹਨ ਅਤੇ ਆਪਣਿਆਂ ਦਾ ਖ਼ੂਨ ਡੋਲ ਰਹੇ ਹਨ। ਇਹੋ ਕਾਰਨ ਹੈ ਕਿ ਪੰਜਾਬ ਦੇ ਵੱਖ- ਵੱਖ ਇਲਾਕਿਆਂ ਵਿੱਚ ਭਰਾ ਵੱਲੋਂ ਸਕੇ ਭਰਾ ਦਾ ਕਤਲ, ਭਰਾ ਵੱਲੋਂ ਭੈਣ ਦਾ ਕਤਲ, ਪੁੱਤਰ ਵੱਲੋਂ ਮਾਂ ਪਿਓ ਦਾ ਕਤਲ ਦੀਆਂ ਖ਼ਬਰਾਂ ਆ ਰਹੀਆਂ ਹਨ। ਪੰਜਾਬੀਆਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਜਿਹੜੇ ਬਦਲਾਓ ਦਾ ਸੁਪਨਾ ਵੇਖਿਆ ਸੀ ਉਹ ਸੁਪਨਾ ਹੁਣ ਤੜੱਕ ਕਰਕੇ ਟੁੱਟਣ ਲੱਗਿਆ ਹੈ ਅਤੇ ਪੰਜਾਬੀ ਇੱਕ ਤਰ੍ਹਾਂ ਸੁਪਨਿਆਂ ਦੀ ਦੁਨੀਆ ਵਿਚੋਂ ਬਾਹਰ ਆ ਗਏ ਹਨ। ਪੰਜਾਬੀਆਂ ਨੂੰ ਹੁਣ ਅਹਿਸਾਸ ਹੋਣ ਲੱਗਿਆ ਹੈ ਕਿ ਪੰਜਾਬ ਵਿੱਚ ਵੱਡਾ ਬਦਲਾਓ ਲਿਆਉਣ ਦਾ ਦਾਅਵਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਰਵਾਇਤੀ ਪਾਰਟੀਆਂ ਦੇ ਰਾਹ ਤੁਰ ਪਈ ਹੈ।

ਅੱਜ ਕੱਲ੍ਹ ਪੰਜਾਬ ਦੀ ਸਿਆਸਤ ਵਿੱਚ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਇੱਕ ਨਿੱਜੀ ਚੈਨਲ ਨੂੰ ਦਿੱਤੀ ਗਈ ਇੰਟਰਵਿਊ ਦੌਰਾਨ ਕੀਤੇ ਗਏ ਦਾਅਵੇ ਨੇ ਸਿਆਸੀ ਭੂਚਾਲ ਲਿਆ ਦਿੱਤਾ ਹੈ। ਇਸ ਇੰਟਰਵਿਊ ਦੌਰਾਨ ਬੀਬੀ ਭੱਠਲ ਨੇ ਦਾਅਵਾ ਕੀਤਾ ਕਿ ਜਦੋਂ ਉਹ ਮੁੱਖ ਮੰਤਰੀ ਸਨ ਤਾਂ ਉਸ ਸਮੇਂ ਪੰਜਾਬ ਦੇ ਕੁਝ ਅਫ਼ਸਰਾਂ ਨੇ ਉਹਨਾਂ ਕਿਹਾ ਕਿ ਜੇ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਜਿੱਤ ਪੱਕੀ ਕਰਨੀ ਹੈ ਤਾਂ ਪੰਜਾਬ ਦੇ ਵੱਖ ਵੱਖ ਬਾਜ਼ਾਰਾਂ ਦੀਆਂ ਭੀੜ ਭੜੱਕੇ ਵਾਲੀਆਂ ਥਾਂਵਾਂ, ਰੇਲ ਗੱਡੀਆਂ ਅਤੇ ਬੱਸਾਂ ਵਿੱਚ ਬੰਬ ਧਮਾਕੇ ਕਰਵਾ ਕੇ ਹਾਲਾਤ ਖ਼ਰਾਬ ਕਰਵਾ ਦਿਓ ਅਤੇ ਅਸ਼ਾਂਤੀ ਫੈਲਾ ਦਿਓ। ਇਸ ਨਾਲ ਲੋਕ ਦਹਿਸ਼ਤ ਵਿੱਚ ਆ ਜਾਣਗੇ ਅਤੇ ਮੁੜ ਕਾਂਗਰਸ ਨੂੰ ਵੋਟਾਂ ਪਾ ਦੇਣਗੇ, ਜਿਸ ਨਾਲ ਪੰਜਾਬ ਵਿੱਚ ਮੁੜ ਕਾਂਗਰਸ ਸਰਕਾਰ ਹੋਂਦ ਵਿੱਚ ਆ ਜਾਵੇਗੀ। ਬੀਬੀ ਭੱਠਲ ਨੇ ਦਾਅਵਾ ਕੀਤਾ ਕਿ ਉਹਨਾਂ ਨੇ ਇਹਨਾਂ ਅਫ਼ਸਰਾਂ ਦਾ ਕਹਿਣਾ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਮਾਸੂਮ ਲੋਕਾਂ ਦੀਆਂ ਲਾਸ਼ਾਂ ’ਤੇ ਰਾਜਨੀਤੀ ਨਹੀਂ ਕਰਨਗੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਬੀਬੀ ਭੱਠਲ ਉਦੋਂ ਤੋਂ ਲੈ ਕੇ ਹੁਣ ਤੱਕ ਚੁੱਪ ਕਿਉਂ ਰਹੇ? ਉਹਨਾਂ ਵੱਲੋਂ ਪਹਿਲਾਂ ਇਹ ਗੱਲ ਮੀਡੀਆ ਅਤੇ ਆਮ ਲੋਕਾਂ ਸਾਹਮਣੇ ਕਿਉਂ ਨਹੀਂ ਲਿਆਂਦੀ ਗਈ? ਅਜਿਹੀ ਸਲਾਹ ਦੇਣ ਵਾਲੇ ਅਫ਼ਸਰਾਂ ਖ਼ਿਲਾਫ਼ ਬੀਬੀ ਭੱਠਲ ਵੱਲੋਂ ਉਸ ਸਮੇਂ ਮੁੱਖ ਮੰਤਰੀ ਹੋਣ ਦੇ ਬਾਵਜੂਦ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ? ਪੰਜਾਬ ਦੇ ਲੋਕ ਹੁਣ ਇਹ ਜਾਣਨਾ ਚਾਹੁੰਦੇ ਹਨ ਕਿ ਉਸ ਸਮੇਂ ਦੀ ਧੜੱਲੇਦਾਰ ਮੁੱਖ ਮੰਤਰੀ ਰਹੀ ਬੀਬੀ ਭੱਠਲ ਨੂੰ ਇਹ ਮਾੜੀ ਸਲਾਹ ਦੇਣ ਦਾ ਜਿਗਰਾ ਅਫ਼ਸਰਾਂ ਵਿੱਚ ਕਿੱਥੋਂ ਅਤੇ ਕਿਵੇਂ ਆ ਗਿਆ?

ਬੀਬੀ ਭੱਠਲ ਪੰਥਕ ਪਰਿਵਾਰ ਨਾਲ ਸਬੰਧ ਰੱਖਦੇ ਹਨ। ਉਹ ਨਵੰਬਰ 1996 ਤੋਂ ਫਰਵਰੀ 1997 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਇਸ ਤੋਂ ਇਲਾਵਾ ਉਹ ਸਾਲ 2004 ਤੋਂ 2007 ਦੌਰ ਪੰਜਾਬ ਦੀ ਡਿਪਟੀ ਮੁੱਖ ਮੰਤਰੀ ਵੀ ਰਹੇ। ਉਹਨਾਂ ਨੂੰ ਪੰਜਾਬ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਹੋਣ ਦਾ ਮਾਣ ਪ੍ਰਾਪਤ ਹੈ। ਉਹਨਾਂ ਨੇ ਜੋ ਬਿਆਨ ਦਿੱਤਾ ਹੈ, ਉਸ ਦੇ ਵੱਡੇ ਅਰਥ ਨਿਕਲਦੇ ਹਨ। ਇਸ ਬਿਆਨ ਤੋਂ ਪਤਾ ਚੱਲ ਜਾਂਦਾ ਹੈ ਕਿ ਸਿਆਸਤਦਾਨ ਵੋਟਾਂ ਪ੍ਰਾਪਤ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

ਬੀਬੀ ਭੱਠਲ ਦੀ ਇਹ ਇੰਟਰਵਿਊ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਚੁੱਕੀ ਹੈ। ਬੀਬੀ ਭੱਠਲ ਨੇ ਭਾਵੇਂ ਮੁੜ ਸਰਕਾਰ ਬਣਾਉਣ ਦਾ ਗੁਰ ਦੱਸਣ ਵਾਲੇ ਅਫ਼ਸਰਾਂ ਦੇ ਨਾਂਅ ਨਹੀਂ ਦੱਸੇ ਪਰ ਉਹਨਾਂ ਨੂੰ ਇਹਨਾਂ ਅਫ਼ਸਰਾਂ ਦੇ ਨਾਂਅ ਜ਼ਰੂਰ ਦੱਸ ਦੇਣੇ ਚਾਹੀਦੇ ਹਨ ਤਾਂ ਕਿ ਪੰਜਾਬੀ ਉਹਨਾਂ ਅਫ਼ਸਰਾਂ ਨੂੰ ਲਾਹਨਤਾਂ ਪਾ ਸਕਣ।



ਜੇ ਬੀਬੀ ਭੱਠਲ ਦਾ ਬਿਆਨ ਸੱਚ ਹੈ ਤਾਂ ਹੁਣ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਪਵਿੱਤਰ ਧਰਤੀ ਨੂੰ ਜਦੋਂ ਵੀ ਪਿਛਲੇ ਸਮੇਂ ਦੌਰਾਨ ਪੰਜਾਬੀਆਂ ਨੇ ਖ਼ੂਨ ਨਾਲ ਲਿਬੜਿਆ ਵੇਖਿਆ ਤਾਂ ਕੀ ਇਹ ਸਿਆਸਤਦਾਨਾਂ ਦੀ ਮਾੜੀ ਕਰਤੂਤ ਸੀ? ਕੀ ਕੁਰਸੀਆਂ ਦੇ ਲਾਲਚ ਵਿੱਚ ਸਿਆਸਤਦਾਨਾਂ ਨੇ ਲਾਸ਼ਾਂ ਦੇ ਢੇਰਾਂ ’ਤੇ ਰਾਜਨੀਤੀ ਕੀਤੀ? ਕੀ ਆਮ ਲੋਕਾਂ ਦੀ ਜ਼ਿੰਦਗੀ ਕੁਝ ਵੀ ਨਹੀਂ? ਕੀ ਹੁਣ ਤੱਕ ਮਾਸੂਮ ਲੋਕਾਂ ਦਾ ਖ਼ੂਨ ਡੋਲ ਕੇ ਸਰਕਾਰਾਂ ਬਣਦੀਆਂ ਆਈਆਂ ਹਨ?

ਪੰਜਾਬ ਦੀ ਮੌਜੂਦਾ ‘ਆਪ’ ਸਰਕਾਰ ਨੇ ਨਸ਼ੇ ਦੇ ਤਸਕਰਾਂ ਅਤੇ ਗੈਂਗਸਟਰਾਂ ਵਿਰੁੱਧ ਮੁਹਿੰਮ ਚਲਾਈ ਹੋਈ ਹੈ, ਪਰ ਹਰ ਦਿਨ ਪੰਜਾਬ ਦੇ ਕਿਸੇ ਨਾ ਕਿਸੇ ਇਲਾਕੇ ਵਿੱਚ ਵਾਰਦਾਤ ਦਾ ਹੋਣਾ, ਫਿਰੌਤੀਆਂ, ਧਮਕੀਆਂ ਅਤੇ ਫ਼ਿਰੌਤੀ ਨਾ ਦੇਣ ’ਤੇ ਮਿੱਥ ਕੇ ਹਮਲਾ ਕਰਨ ਅਤੇ ਇਸ ਤੋਂ ਵੀ ਅੱਗੇ ਜਾ ਕੇ ਸੁਪਾਰੀ ਦੇ ਕੇ ਕਤਲ ਕਰਵਾਉਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਨਸ਼ੇ ਦੇ ਕੁਝ ਤਸਕਰਾਂ ਅਤੇ ਗੈਂਗਸਟਰਾਂ ਦੇ ਕੁਝ ਗੁਰਗਿਆਂ ਨੂੰ ਕਾਬੂ ਕਰਕੇ ਪੰਜਾਬ ਸਰਕਾਰ ਸਰਕਾਰੀ ਕਾਗ਼ਜ਼ਾਂ ਦਾ ਢਿੱਡ ਤਾਂ ਭਰ ਰਹੀ ਹੈ ਪਰ ਨਾਸੂਰ ਬਣੀ ਇਸ ਸਮੱਸਿਆ ਤੋਂ ਆਮ ਲੋਕਾਂ ਦਾ ਛੁਟਕਾਰਾ ਨਹੀਂ ਹੋ ਰਿਹਾ। ਪੰਜਾਬ ਵਿੱਚ ਫਿਰੌਤੀਆਂ ਮੰਗਣਾ, ਫਿਰੌਤੀ ਨਾ ਦੇਣ ਦੀ ਸੂਰਤ ਵਿੱਚ ਮਿੱਥ ਕੇ ਹਮਲੇ ਕਰਨਾ, ਸੁਪਾਰੀ ਦੇ ਕੇ ਕਤਲ ਕਰਵਾਉਣਾ ਪਹਿਲਾਂ ਨਹੀਂ ਸੀ ਹੁੰਦੇ ਨਾ ਹੀ ਇਹ ਪੰਜਾਬ ਦਾ ਖਾਸਾ ਸਨ ਪਰ ਭਾਰਤ ਦੇ ਦੂਜੇ ਰਾਜਾਂ ਵਾਂਗ ਪੰਜਾਬ ਵਿੱਚ ਵੀ ਇਹੋ ਕੁਝ ਆਮ ਹੋਣ ਲੱਗ ਪਿਆ ਹੈ। ਪੰਜਾਬ ਦੇ ਕੁਝ ਇਲਾਕਿਆਂ ਵਿੱਚ ਤਾਂ ਗੁੰਡਾ ਅਨਸਰਾਂ ਵੱਲੋਂ ਹਫਤਾ ਜਾਂ ਮਹੀਨਾ ਵਸੂਲੀ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ ਤਾਂ ਹਰ ਆਮ ਪੰਜਾਬੀ ਇਹੋ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਪੰਜਾਬ ਹੁਣ ਕਿਹੜੇ ਪਾਸੇ ਜਾ ਰਿਹਾ ਹੈ।

ਵਿਦਵਾਨ ਕਹਿੰਦੇ ਹਨ ਕਿ ਜਿੱਥੇ ਮਨੁੱਖ ਸਮਾਜ ਹੋਂਦ ਵਿੱਚ ਹੁੰਦਾ ਹੈ, ਉਥੇ ਅਪਰਾਧ ਵੀ ਜਨਮ ਲੈਂਦਾ ਹੈ। ਪੰਜਾਬ ਵਿੱਚ ਅਪਰਾਧਾਂ ਤੋਂ ਵੱਖ ਵੱਖ ਸਿਆਸੀ ਨੇਤਾਵਾਂ ਵੱਲੋਂ ਚੋਣ ਲਾਭ ਲੈਣਾ ਪੁਰਾਣਾ ਵਰਤਾਰਾ ਹੈ। ਇਸ ਨੇ ਪੰਜਾਬੀਆਂ ਨੂੰ ਜ਼ਖ਼ਮ ਵੀ ਦਿੱਤੇ ਹਨ ਅਤੇ ਸਬਕ ਵੀ। ਪੰਜਾਬ ਵਿੱਚ ਵੱਡੀ ਗਿਣਤੀ ਹਿੰਸਕ ਘਟਨਾਵਾਂ ਅਜਿਹੀਆਂ ਹੋਈਆਂ ਹਨ, ਜਿਨ੍ਹਾਂ ਦੀ ਸਹੀ ਤਰੀਕੇ ਨਾਲ ਜਾਂਚ ਨਹੀਂ ਹੋਈ। ਇੱਥੋਂ ਤੱਕ ਕਿ ਬਾਦਲ ਸਰਕਾਰ ਸਮੇਂ ਹੋਈਆਂ ਧਾਰਮਿਕ ਬੇਅਦਬੀਆਂ ਦੀ ਵੀ ਸਹੀ ਤਰੀਕੇ ਨਾਲ ਨਾ ਤਾਂ ਜਾਂਚ ਹੋਈ ਹੈ ਤੇ ਨਾ ਹੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਹਨ, ਜਦੋਂ ਕਿ ਦੋਸ਼ੀਆਂ ਬਾਰੇ ਸਭ ਨੂੰ ਪਤਾ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਸਿਰਸੇ ਵਾਲੇ, ਨੂਰਮਹਿਲ ਵਾਲੇ ਅਤੇ ਭਨਿਆਰੇ ਵਾਲੇ ਆਦਿ ਸਾਧਾਂ ਵੱਲੋਂ ਸਿੱਖ ਵਿਰੋਧੀ ਕਾਰਵਾਈਆਂ ਕੀਤੀਆਂ ਗਈਆਂ ਪਰ ਉਹਨਾਂ ਖ਼ਿਲਾਫ਼ ਕਿਸੇ ਪੁਖ਼ਤਾ ਕਾਰਵਾਈ ਦਾ ਨਾ ਹੋਣਾ ਪੰਜਾਬੀਆਂ ਨੂੰ ਮੁੜ ਸੋਚਣ ਲਈ ਮਜਬੂਰ ਕਰ ਰਿਹਾ ਹੈ। ਪੰਜਾਬ ਦੇ ਕਿਸੇ ਨਾ ਕਿਸੇ ਗੁਰਦੁਆਰੇ ਜਾਂ ਇਲਾਕੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋ ਰਹੀ ਹੈ ਪਰ ਦੋਸ਼ੀਆਂ ਨੂੰ ਅਕਸਰ ਮਾਨਸਿਕ ਰੋਗੀ ਕਹਿ ਕੇ ਛੱਡ ਦਿੱਤਾ ਜਾਂਦਾ ਹੈ ਅਤੇ ਮਾਮਲਾ ਰਫ਼ਾ ਦਫ਼ਾ ਕਰ ਦਿੱਤਾ ਜਾਂਦਾ ਹੈ। ਹੁਣ ਆਮ ਪੰਜਾਬੀ ਵੀ ਮਹਿਸੂਸ ਕਰਨ ਲੱਗ ਪਏ ਹਨ ਕਿ ਇਹਨਾਂ ਬੇਅਦਬੀਆਂ ਪਿੱਛੇ ਕੋਈ ਗਹਿਰੀ ਸਾਜ਼ਿਸ਼ ਹੋ ਸਕਦੀ ਹੈ ਅਤੇ ਕੁਝ ਧਿਰਾਂ ਅਜਿਹੀਆਂ ਘਟਨਾਵਾਂ ਕਰਵਾ ਕੇ ਪੰਜਾਬ ਦੇ ਅਮਨ ਨੂੰ ਲਾਂਬੂ ਲਾਉਣ ਦਾ ਯਤਨ ਕਰ ਰਹੀਆਂ ਹਨ।

ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਸਮੇਂ ਵਿੱਚ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਕੇ ਏਕਤਾ ਦਾ ਸਬੂਤ ਦੇਣ ਤਾਂ ਕਿ ਪੰਜਾਬ ਦੇ ਅਮਨ ਅਤੇ ਸ਼ਾਂਤੀ ਨੂੰ ਕਾਇਮ ਰੱਖਿਆ ਜਾ ਸਕੇ।

## ਪੰਜਾਬ ਸੰਤਾਪ ਦਾ ਜ਼ਿੰਮੇਵਾਰ ਕੌਣ ?

ਪੰਜਾਬ ਸੰਤਾਪ ਦੀ ਗੱਲ ਕਰੀਏ ਤਾਂ ਇਹ ਇੱਕ ਲੰਮੀ ਅਤੇ ਜਟਿਲ ਕਹਾਣੀ ਹੈ ਜੋ 1978 ਦੇ ਦਹਾਕੇ ਤੋਂ ਸ਼ੁਰੂ ਹੁੰਦੀ ਹੈ। 1984 ਵਿੱਚ ਘੱਲੂਘਾਰਾ ਜੂਨ 84 ਨੇ ਪੰਜਾਬ ਸੰਤਾਪ ਨੂੰ ਵਧਾਇਆ ਅਤੇ ਇੰਦਰਾ ਗਾਂਧੀ ਦੇ ਕਤਲ ਤੋ ਬਾਅਦ ਨਵੰਬਰ 84ਸਿੱਖ ਕਤਲੇਆਮ ਕਰਵਾਇਆ। ਉਸ ਸਮੇਂ ਕੇਂਦਰੀ ਸਰਕਾਰ (ਕਾਂਗਰਸ) ਨੂੰ ਮੁੱਖ ਜ਼ਿੰਮੇਵਾਰ ਮੰਨਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਖਾੜਕੂਵਾਦ ਨੂੰ ਕੰਟਰੋਲ ਕਰਨ ਲਈ ਗਲਬਾਤ ਦਾ ਰਾਹ ਅਪਨਾਉਣ ਦੀ ਥਾਂ ਸਟੇਟ ਦੇ ਡੰਡੇ ਨਾਲ ਲਹਿਰ ਨੂੰ ਕੁਚਲਿਆਂ। ਕਈ ਵਾਰ ਇਸ ਨੂੰ ਰਾਜਨੀਤਿਕ ਫਾਇਦੇ ਲਈ ਵਰਤਿਆ। ਰਾਜੀਵ ਗਾਂਧੀ ਦੇ ਕਾਰਜਕਾਲ ਵਿੱਚ ਲੌਂਗੋਵਾਲ ਸਮਝੌਤੇ ਨੂੰ ਲਾਗੂ ਨਾ ਕਰਕੇ ਪੰਜਾਬ ਸੰਤਾਪ ਨੂੰ ਵਧਾਇਆ।

ਭੱਠਲ ਦੇ ਬਿਆਨ ਨੇ ਇਹ ਸੰਕੇਤ ਦਿੱਤਾ ਕਿ ਅਫਸਰ ਅਤੇ ਨੇਤਾ ਹਿੰਸਾ ਨੂੰ ਮੈਨੇਜ ਕਰ ਰਹੇ ਸਨ।

ਬੁੱਧੀਜੀਵੀਆਂ ਅਨੁਸਾਰ, ਅਸਲ ਜ਼ਿੰਮੇਵਾਰ ਕੇਂਦਰ ਅਤੇ ਰਾਜ ਸਰਕਾਰਾਂ ਦੀ ਨੀਤੀਆਂ ਹਨ ਜਿਨ੍ਹਾਂ ਨੇ ਆਰਥਿਕ ਅਸਮਾਨਤਾ ਅਤੇ ਧਾਰਮਿਕ ਭਾਵਨਾਵਾਂ ਨੂੰ ਵਰਤਿਆ। ਪੰਜਾਬ ਨੇ 10,000 ਤੋਂ ਵੱਧ ਲੋਕ ਗੁਆਏ ਅਤੇ ਅੱਜ ਵੀ ਪੀੜਤ ਪਰਿਵਾਰ ਇਨਸਾਫ ਲਈ ਲੜ ਰਹੇ ਹਨ। ਭੱਠਲ ਦਾ ਬਿਆਨ ਇਸ ਨੂੰ ਮੁੜ ਜਾਂਚ ਕਮਿਸ਼ਨ ਦੀ ਮੰਗ ਨਾਲ ਜੋੜਦਾ ਹੈ।

## ਬੁੱਧੀਜੀਵੀ ਅਤੇ ਵਿਸ਼ਲੇਸ਼ਕਾਂ ਦੇ ਵਿਚਾਰ: ਅਸਲੀਅਤ ਕੀ ਹੈ ?

ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਅਤੇ ਰਾਜਨੀਤਿਕ ਵਿਸ਼ਲੇਸ਼ਕ ਡਾ. ਰੌਣਕੀ ਰਾਮ ਨੇ ਕਿਹਾ ਕਿ ਇਹ ਬਿਆਨ ਪੰਜਾਬ ਸੰਤਾਪ ਦੇ ਦੌਰ ਨੂੰ ਮੁੜ ਯਾਦ ਕਰਵਾਉਂਦਾ ਹੈ ਜਿੱਥੇ ਰਾਜਨੀਤਿਕ ਲਾਭ ਲਈ ਖਾੜਕੂਵਾਦ ਨੂੰ ਵਰਤਿਆ ਗਿਆ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ 1990 ਦੇ ਦਹਾਕੇ ਵਿੱਚ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਨੇ ਖਾੜਕੂਵਾਦ ਨੂੰ ਨਿਯੰਤਰਿਤ ਕਰਨ ਵਿੱਚ ਨਾਕਾਮੀ ਵਿਖਾਈ ਅਤੇ ਕਈ ਵਾਰ ਇਸ ਨੂੰ ਰਾਜਨੀਤਿਕ ਫਾਇਦੇ ਲਈ ਵਰਤਿਆ।

ਸਮਾਜ ਵਿਗਿਆਨੀ ਅਤੇ ਲੇਖਕ ਡਾ. ਪ੍ਰਮੋਦ ਕੁਮਾਰ ਨੇ ਕਿਹਾ ਕਿ ਭੱਠਲ ਦਾ ਬਿਆਨ ਸੱਚਾਈ ਨੂੰ ਉਜਾਗਰ ਕਰਦਾ ਹੈ ਕਿ ਪੰਜਾਬ ਵਿੱਚ ਖਾੜਕੂਵਾਦ ਨੂੰ ਰਾਜਨੀਤਿਕ ਤੌਰ ’ਤੇ ਵਰਤਿਆ ਗਿਆ ਸੀ। ਉਨ੍ਹਾਂ ਨੇ ਟੀਆਰਸੀ ਵਰਗੀ ਕਮਿਸ਼ਨ ਦੀ ਮੰਗ ਨੂੰ ਜਾਇਜ਼ ਕਰਾਰ ਦਿੱਤਾ ਅਤੇ ਕਿਹਾ ਕਿ ਪੰਜਾਬ ਦੀ ਸਲਾਮਤੀ ਲਈ ਪੂਰੀ ਜਾਂਚ ਜਰੂਰੀ ਹੈ ਤਾਂ ਜੋ ਪੀੜਤ ਪਰਿਵਾਰਾਂ ਨੂੰ ਇਨਸਾਫ ਮਿਲੇ। ਬੁੱਧੀਜੀਵੀ ਇਸ ਨੂੰ ਲੋਕਤੰਤਰ ਵਿੱਚ ਭ੍ਰਿਸ਼ਟਾਚਾਰ ਅਤੇ ਸੱਤਾ ਦੇ ਦੁਰਵਰਤੋਂ ਨਾਲ ਜੋੜਦੇ ਹਨ।

# ਕੁਝ ਵਿਅਕਤੀਆਂ ਨੇ ਆਪਣੇ ਨਿੱਜੀ ਹਿੱਤਾਂ ਲਈ ਅਕਾਲੀ ਦਲ ਦੀ ਦਿਸ਼ਾ ਬਦਲ ਦਿੱਤੀ : ਗਿ. ਹਰਪ੍ਰੀਤ ਸਿੰਘ

## ਪ੍ਰਧਾਨ ਮੰਤਰੀ ਮੋਦੀ ਤੋਂ 1996-97 ਦੇ ਕਾਲੇ ਸੱਚਾਂ ਦੀ ਜਾਂਚ ਲਈ ਇੱਕ ਸੁਤੰਤਰ ਕਮਿਸ਼ਨ ਬਣਾਉਣ ਦੀ ਮੰਗ

ਪਟਿਆਲਾ/ਏ.ਟੀ.ਨਿਊਜ਼: ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵਿਰੁੱਧ ਤਿੱਖਾ ਸ਼ਬਦੀ ਹਮਲਾ ਕੀਤਾ ਹੈ। ਪਟਿਆਲਾ ਵਿਖੇ ਹੋਈ ਜ਼ਿਲ੍ਹਾ ਪੱਧਰੀ ਵਰਕਰ ਮੀਟਿੰਗ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਨੀਂਹ ਪੰਥਕ ਸੰਸਥਾਵਾਂ, ਖ਼ਾਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੀ ਰਾਖੀ ਲਈ ਰੱਖੀ ਗਈ ਸੀ, ਪਰ ਸਮੇਂ ਦੇ ਨਾਲ ਕੁਝ ਵਿਅਕਤੀਆਂ ਨੇ ਆਪਣੇ ਨਿੱਜੀ ਹਿੱਤਾਂ ਲਈ ਪਾਰਟੀ ਦੀ ਦਿਸ਼ਾ ਬਦਲ ਦਿੱਤੀ।

ਉਨ੍ਹਾਂ ਕਿਹਾ ਕਿ ਸੀਨੀਅਰ ਅਤੇ ਪ੍ਰਮੁੱਖ ਆਗੂਆਂ ਨੂੰ ਲਾਂਭੇ ਕਰਕੇ ਪਾਰਟੀ ਦੀ ਕਮਾਨ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੀ ਗਈ, ਜਿਨ੍ਹਾਂ ਨੇ ਪੰਥ-ਪ੍ਰਸਤ ਅਤੇ ਵਫ਼ਾਦਾਰ ਵਰਕਰਾਂ ਨੂੰ ਬਾਹਰ ਕੱਢ ਦਿੱਤਾ ਅਤੇ ਰੇਤ ਮਾਫੀਆ, ਕੇਬਲ ਮਾਫੀਆ ਅਤੇ ਨਸ਼ਾ ਤਸਕਰਾਂ ਵਰਗੇ ਅਨਸਰਾਂ ਨੂੰ ਅਕਾਲੀ ਦਲ ਨਾਲ ਜੋੜ ਦਿੱਤਾ।



ਬੰਬ ਧਮਾਕਿਆਂ ਬਾਰੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵੱਲੋਂ ਕੀਤੇ ਖੁਲਾਸਿਆਂ 'ਤੇ ਟਿੱਪਣੀ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਸ ਸਮੇਂ ਦੇ ਬੰਬ ਧਮਾਕੇ ਸਰਕਾਰਾਂ ਬਣਾਉਣ ਅਤੇ ਬਚਾਉਣ ਦੀ ਰਾਜਨੀਤੀ ਦਾ ਹਿੱਸਾ ਸਨ ਅਤੇ ਇਹ ਸਭ ਸਰਕਾਰੀ ਨਿਗਰਾਨੀ ਹੇਠ ਹੋਇਆ ਸੀ। ਗ਼ੌਰਤਲਬ ਹੈ ਕਿ ਭੱਠਲ ਦੀ ਇੱਕ ਪੋਡਕਾਸਟ ਦੌਰਾਨ ਕੀਤੀ ਟਿੱਪਣੀ, ਜਿਸ ਵਿੱਚ ਉਨ੍ਹਾਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਪਾਰਟੀ ਦੀ ਮੁੜ ਸਰਕਾਰ ਬਣਾਉਣ ਵਿੱਚ ਮਦਦ ਕਰਨ ਲਈ ਬੰਬ ਧਮਾਕੇ ਕਰਨ ਦਾ ਇੱਕ ਬਹੁਤ ਹੀ ਮਾੜਾ ਪ੍ਰਸਤਾਵ ਮਿਲਿਆ ਸੀ, ਨੇ ਸਿਆਸੀ ਤੂਫਾਨ ਖੜ੍ਹਾ ਕਰ ਦਿੱਤਾ ਹੈ, ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ 1996-97 ਦੇ ਇਨ੍ਹਾਂ ਕਾਲੇ ਸੱਚਾਂ ਦੀ ਜਾਂਚ ਲਈ ਇੱਕ ਸੁਤੰਤਰ ਕਮਿਸ਼ਨ ਬਣਾਉਣ ਦੀ ਮੰਗ ਕੀਤੀ ਹੈ ਅਤੇ ਪੰਜਾਬ ਭਾਜਪਾ ਨੇ ਕਾਂਗਰਸ ਤੋਂ ਸਪੱਸ਼ਟੀਕਰਨ ਮੰਗਿਆ ਹੈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੀ ਕੋਈ ਵੀ ਕੋਸ਼ਿਸ਼ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਐੱਸ ਵਾਈ ਐੱਲ ਮੁੱਦੇ 'ਤੇ ਅਕਾਲੀ ਦਲ ਹਮੇਸ਼ਾ ਪੰਜਾਬ ਦੇ ਹੱਕਾਂ ਲਈ ਦ੍ਰਿੜਤਾ ਨਾਲ ਖੜ੍ਹਾ ਰਹੇਗਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਸ਼ਾਨ ਅਤੇ ਅਧਿਕਾਰਾਂ ਦੀ ਰਾਖੀ ਲਈ ਕਿਲ੍ਹਾ ਹੈ, ਜਿਸ ਨੂੰ ਸਿਆਸੀ ਦਖ਼ਲਅੰਦਾਜ਼ੀ ਤੋਂ ਬਚਾਉਣਾ ਲਾਜ਼ਮੀ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੀ ਪੁਨਰ-ਸੁਰਜੀਤੀ ਅਤੇ ਪੰਥਕ ਸੰਸਥਾਵਾਂ ਤੇ ਪੰਜਾਬ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਇਕਜੁੱਟ ਹੋਣ।

## ਸਮੁੱਚੇ ਪੰਥ ਦਾ ਇੱਕਜੁੱਟ ਹੋਣਾ ਲਾਜ਼ਮੀ: ਗੜਗੱਜ

ਕੁਰਾਲੀ/ਏ.ਟੀ.ਨਿਊਜ਼ : ਗੁਰੂ ਹਰਿਰਾਏ ਸਾਹਿਬ ਦੇ ਪ੍ਰਕਾਸ਼ ਦਿਹਾੜੇ ਸਬੰਧੀ ਸਮਾਗਮ ਸਿੰਘਪੁਰਾ ਦੇ ਗੁਰਦੁਆਰਾ ਗੁਰੂ ਹਰਿ ਰਾਏ ਸਾਹਿਬ ਵਿਖੇ ਹੋਇਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗ੍ਰਾਮ ਪੰਚਾਇਤ ਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੇ ਪਹਿਲੇ ਚਰਨ ਵਿੱਚ ਗੁਰਦੁਆਰਾ ਸਾਹਿਬ ਵਿੱਚ ਸੱਚਖੰਡ ਵਾਸੀ ਸੰਤ ਅਜੀਤ ਸਿੰਘ ਹੰਸਾਲੀ ਵਾਲਿਆਂ ਦੇ ਅਸ਼ੀਰਵਾਦ ਨਾਲ ਦਹਾਕਿਆਂ ਤੋਂ ਚੱਲਦੀ ਆ ਰਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੀ ਲੜੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸੇ ਦੌਰਾਨ ਖੁਲ੍ਹੇ ਪੰਡਾਲ ਵਿੱਚ ਸਜਾਏ ਗਏ ਦੀਵਾਨਾਂ ਵਿੱਚ ਭਾਈ ਗੁਰਮੀਤ ਸਿੰਘ ਰੌਲੂ ਮਾਜਰਾ, ਭਾਈ ਪਰਮਜੀਤ ਸਿੰਘ, ਅਮਰਜੀਤ ਸਿੰਘ ਬਸੀ ਪਠਾਣਾ, ਦਲਬਾਰਾ ਸਿੰਘ ਹਰਗਣਾ, ਮਾਛੀਵਾੜੇ ਵਾਲੀਆਂ ਬੀਬੀਆਂ, ਹਰਜੀਤ ਕੌਰ ਚਮਕੌਰ ਸਾਹਿਬ, ਰਣਜੀਤ ਸਿੰਘ ਮੋਰਿੰਡਾ, ਮਨਜੀਤ ਕੌਰ ਲੁਧਿਆਣਾ, ਹਰਜੀਤ ਕੌਰ ਸਮਾਣਾ, ਸਵਰਨ ਸਿੰਘ ਬਿੰਦਰਖ, ਮਨਜੀਤ ਸਿੰਘ ਬਾਠ ਅਤੇ ਅਨੇਕਾਂ ਹੋਰਨਾਂ ਰਾਗੀ ਤੇ ਢਾਡੀ ਜਥਿਆਂ ਨੇ ਹਾਜ਼ਰੀ ਲਵਾਈ।



ਸਮਾਗਮ ਵਿੱਚ ਸੰਤ ਪਰਮਜੀਤ ਸਿੰਘ ਹੰਸਾਲੀ ਵਾਲਿਆਂ, ਬਾਬਾ ਨੇਕ ਸਿੰਘ ਧਿਆਨੂੰ ਮਾਜਰਾ, ਬਾਬਾ ਨਛੱਤਰ ਸਿੰਘ ਭਾਮੀਆ ਅਤੇ ਹੋਰਨਾਂ ਮਹਾਂਪੁਰਸ਼ਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

## ਪੰਥਕ ਕੌਂਸਲ ਵੱਲੋਂ ਮੁੱਢਲੀ ਕਮੇਟੀ ਦਾ ਗਠਨ


ਸਤਵੰਤ ਕੌਰ


ਡਾਕਟਰ ਜਸਪਾਲ ਸਿੰਘ ਖਾਲਸਾ


ਭਾਈ ਬਲਦੀਪ ਸਿੰਘ ਰਾਮੂੰਵਾਲੀਆ


ਐਡਵੋਕੇਟ ਬਲਵੰਤ ਸਿੰਘ ਜੀ


ਐਡਵੋਕੇਟ ਪਰਮਜੀਤ ਸਿੰਘ ਭੰਗੂ

ਪੰਥਕ ਕੌਂਸਲ ਵੱਲੋਂ ਕੌਂਸਲ ਦਾ ਵਿਧੀ ਵਿਧਾਨ ਘੜਨ ਲਈ ਅਤੇ ਭਵਿੱਖ ਮਿਸ਼ਨ ਤੈਅ ਕਰਨ ਹਿੱਤ ਪੰਥਕ ਕੌਂਸਲ ਦੀ ਮੁੱਢਲੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਥਕ ਕੌਂਸਲ ਦੇ ਬੁਲਾਰੇ ਨੇ ਦੱਸਿਆ ਕਿ ਇਸ ਮੌਕੇ ਮੁੱਖ ਸੇਵਾਦਾਰ ਸਤਵੰਤ ਕੌਰ ਨੂੰ ਬਣਾਇਆ ਗਿਆ, ਜਦੋਂ ਕਿ ਸਿੱਖ ਇਤਿਹਾਸਕਾਰ ਅਤੇ ਸਿੱਖ ਚਿੰਤਕ ਭਾਈ ਬਲਦੀਪ ਸਿੰਘ ਰਾਮੂੰਵਾਲੀਆ, ਸਿੱਖ ਵਿਦਵਾਨ ਡਾ. ਜਸਪਾਲ ਸਿੰਘ ਖ਼ਾਲਸਾ, ਸਿੱਖ ਵਿਦਵਾਨ ਐਡਵੋਕੇਟ ਪਰਮਜੀਤ ਸਿੰਘ ਭੰਗੂ, ਸਿੱਖ ਚਿੰਤਕ ਐਡਵੋਕੇਟ ਬਲਵੰਤ ਸਿੰਘ ਮੁਕਤਸਰ ਸਾਹਿਬ ਨੂੰ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ।

ਉਹਨਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਅਗਵਾਈ ਅਧੀਨ ਮਿਤੀ 11-8-2025 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਖਾਲਸਾ ਪੰਥ ਦੇ ਡੈਲੀਗੇਟ ਇਜਲਾਸ ਵਿੱਚ ਪੰਥਕ ਨਿਸ਼ਾਨਿਆਂ ਦੀ ਪੂਰਤੀ ਲਈ ਸਰਬਸੰਮਤੀ ਨਾਲ ਪੰਥਕ ਕੌਂਸਲ ਦੀ ਸਥਾਪਨਾ ਕੀਤੀ ਗਈ ਸੀ ਜਿਸ ਦਾ ਮੁੱਖ ਮੰਤਵ ਪੰਥ ਦੀ ਖਿਲਰੀ ਹੋਈ ਸ਼ਕਤੀ ਨੂੰ ਇੱਕਠਿਆਂ ਕਰਨ ਦਾ ਯਤਨ ਕਰਨਾ ਅਤੇ ਪੰਥਕ ਕਾਰਜਾਂ ਲਈ ਇੱਕ ਸੁਰਤਾ ਲਿਆਉਣਾ ਹੈ।

ਉਹਨਾਂ ਕਿਹਾ ਕਿ ਵਿਸ਼ਵ ਭਰ ਵਿੱਚ ਵੱਸਦੇ ਸਿੱਖਾਂ ਨੂੰ ਨਾਲ ਜੋੜਨ ਲਈ ਇਸ ਦਾ ਦਾਇਰਾ ਵਿਸ਼ਵਵਿਆਪੀ ਰੱਖਿਆ ਜਾਵੇਗਾ। ਪੰਥਕ ਨਿਸ਼ਾਨਿਆਂ ਦੀ ਪੂਰਤੀ ਲਈ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਇੱਕ ਪੰਥਕ ਇਕਸੁਰਤਾ ਕਮਕੇਟੀ ਦਾ ਗਠਨ ਕੀਤਾ ਜਾਵੇਗਾ। ਇਸ ਕਾਰਜ ਲਈ ਸਿੱਖ ਬੁਧੀਜੀਵੀਆਂ, ਵਿਦਵਾਨਾਂ, ਧਾਰਮਿਕ ਸ਼ਖਸੀਅਤਾਂ ਅਤੇ ਵੱਖ ਵੱਖ ਸਿੱਖ ਜਥੇਬੰਦੀਆਂ ਦਾ ਇੱਕ ਥਿੰਕ ਟੈਂਕ ਭਾਵ ਸਲਾਹਕਾਰ ਕਮੇਟੀ ਗਠਿਤ ਕੀਤੀ ਜਾਵੇਗੀ। ਪੰਥਕ ਕੌਂਸਲ ਵੱਲੋਂ ਸਿੱਖ ਨੌਜਵਾਨਾਂ ਨੂੰ ਧਾਰਮਿਕ, ਸਮਾਜਿਕ , ਸਮਾਜਿਕ ਅਤੇ ਰਾਜਸੀ ਸਰੋਕਾਰਾਂ ਦੀ ਸੋਝੀ ਦੇਣ ਲਈ ਉਪਰਾਲੇ ਕੀਤੇ ਜਾਣਗੇ ਤਾਂ ਜੋ ਭਵਿੱਖ ਲਈ ਸੁਹਿਰਦ ਲੀਡਰਸ਼ਿਪ ਤਿਆਰ ਕੀਤੀ ਜਾ ਸਕੇ।

## ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਤੇ ਸਿੱਖਿਆ ਕਮੇਟੀ ਦੀ ਸਾਂਝੀ ਇਕੱਤਰਤਾ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ 'ਚ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ 14 ਮਾਰਚ 2026 ਨੂੰ ਮਨਾਉਣ ਤੇ ਅਪ੍ਰੈਲ ਮਹੀਨੇ ਤੋਂ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਸੰਚਾਰ ਲਹਿਰ ਹੋਰ ਪ੍ਰਚੰਡ ਕਰਨ ਸਮੇਤ ਹੋਰ ਮਾਮਲਿਆਂ ਨੂੰ ਵਿਚਾਰਿਆ ਗਿਆ।

ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ 14 ਮਾਰਚ 2026 ਨੂੰ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ, ਪਿੰਡ ਵਾਂ, ਜ਼ਿਲ੍ਹਾ ਤਰਨਤਾਰਨ ਵਿਖੇ ਸਿੱਖ ਸੰਗਤ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ 11 ਮਾਰਚ ਨੂੰ ਨਗਰ ਕੀਰਤਨ ਸਜਾਇਆ ਜਾਵੇਗਾ ਤੇ 12 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਸ ਮਗਰੋਂ ਲਗਾਤਾਰ ਧਾਰਮਿਕ ਦੀਵਾਨ ਸਜਾਏ ਜਾਣਗੇ। ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼ਤਾਬਦੀ ਦਾ ਮੁੱਖ ਸਮਾਗਮ 14 ਮਾਰਚ ਨੂੰ ਹੋਵੇਗਾ, ਜਿਸ 'ਚ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਅਤੇ ਸਿੱਖ ਕੌਮ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰੀ ਭਰਨਗੀਆਂ। ਉਨ੍ਹਾਂ ਕਿਹਾ ਕਿ ਸ਼ਤਾਬਦੀ ਦਿਹਾੜੇ ਕੌਮ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਨਾਲ ਜੁੜਨ ਤੇ ਪ੍ਰਚਾਰਨ ਦਾ ਅਹਿਮ ਮੌਕਾ ਹੁੰਦੇ ਹਨ ਅਤੇ ਸੰਗਤਾਂ ਇਨ੍ਹਾਂ ਦਾ ਵੱਧ ਤੋਂ ਵੱਧ ਹਿੱਸਾ ਬਣਨ ਤਾਂ ਕਿ ਕੌਮੀ ਦਿਹਾੜੇ ਯਾਦਗਾਰੀ ਬਣ ਸਕਣ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਵਿੱਚ ਧਰਮ ਪ੍ਰਚਾਰ ਲਹਿਰ ਨੂੰ ਹੋਰ ਸਰਗਰਮ ਕਰਦਿਆਂ ਅਪ੍ਰੈਲ ਮਹੀਨੇ ਤੋਂ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਲੜੀ ਹੋਰ ਤੇਜ਼ ਕਰਨ ਦਾ ਵੀ ਫੈਸਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਤਹਿਤ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥੇ ਪਿੰਡ-ਪਿੰਡ ਜਾ ਕੇ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਤ ਕਰਨਗੇ। ਇਸ ਦੌਰਾਨ ਗੁਰਮਤਿ ਸਮਾਗਮ ਵੀ ਕੀਤੇ ਜਾਣਗੇ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੀ ਐਜੂਕੇਸ਼ਨ ਕਮੇਟੀ ਦੀ ਹੋਈ ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਵਿਦਿਅਕ ਅਦਾਰਿਆਂ ਨਾਲ ਸਬੰਧਿਤ ਮਾਮਲਿਆਂ ਨੂੰ ਵੀ ਵਿਚਾਰਿਆ ਗਿਆ। ਇਕੱਤਰਤਾਵਾਂ 'ਚ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸੁਖਵਰਸ਼ ਸਿੰਘ ਪੰਨੂ, ਪ੍ਰਿਤਪਾਲ ਸਿੰਘ, ਭਾਈ ਅਜੈਬ ਸਿੰਘ ਅਭਿਆਸੀ, ਅਵਤਾਰ ਸਿੰਘ ਵਣਵਾਲਾ, ਰਾਮਪਾਲ ਸਿੰਘ ਬਹਿਣੀਵਾਲ, ਤੇਜਿੰਦਰਪਾਲ ਸਿੰਘ ਲਾਡਵਾਂ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਵਿਦਿਆ ਇੰਜੀ. ਸੁਖਮਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਜਸਵਿੰਦਰ ਸਿੰਘ ਜੱਸੀ, ਹਰਭਜਨ ਸਿੰਘ ਵਕਤਾ, ਬੀਬੀ ਸਤਵੰਤ ਕੌਰ, ਡਾ. ਰਜਿੰਦਰ ਕੌਰ, ਇੰਚਾਰਜ ਬਲਦੇਵ ਸਿੰਘ ਆਦਿ ਮੌਜੂਦ ਸਨ।

## ਸ਼੍ਰੋਮਣੀ ਕਮੇਟੀ ਨੇ ਸਿੱਖ ਮਰਿਆਦਾ ਦੀ ਰਾਖੀ ਲਈ ਬਣਾਈ ਮਾਹਿਰਾਂ ਦੀ ਕਮੇਟੀ




ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਵਧਦੀ ਵਰਤੋਂ ਅਤੇ ਇਸ ਦੀ ਸੰਭਾਵੀ ਦੁਰਵਰਤੋਂ ਨੂੰ ਗੰਭੀਰਤਾ ਨਾਲ ਲੈਂਦਿਆਂ ਵੱਡਾ ਫੈਸਲਾ ਕੀਤਾ ਹੈ। ਸਿੱਖ ਧਰਮ ਦੀ ਮਰਿਆਦਾ ਵਿਰੁੱਧ ਏ.ਆਈ. ਤਕਨੀਕ ਰਾਹੀਂ ਤਿਆਰ ਕੀਤੀਆਂ ਜਾ ਰਹੀਆਂ ਵੀਡੀਓਜ਼, ਤਸਵੀਰਾਂ ਤੇ ਹੋਰ ਡਿਜੀਟਲ ਸਮੱਗਰੀ 'ਤੇ ਕੰਟਰੋਲ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਇਕ ਵਿਸ਼ੇਸ਼ ਸਬ-ਕਮੇਟੀ ਦਾ ਗਠਨ ਕੀਤਾ ਹੈ। ਇਸ ਸਬ-ਕਮੇਟੀ ਦਾ ਮੁੱਖ ਉਦੇਸ਼ ਏ.ਆਈ. ਨਾਲ ਜੁੜੇ ਮਾਮਲਿਆਂ 'ਤੇ ਮਾਹਿਰਾਂ ਦੀ ਰਾਇ ਲੈਣਾ ਤੇ ਅਜਿਹੇ ਡਿਜੀਟਲ ਕੰਟੈਂਟ 'ਤੇ ਰੋਕ ਲਗਾਉਣ ਲਈ ਠੋਸ ਸੁਝਾਅ ਤਿਆਰ ਕਰਨਾ ਹੈ ਜੋ ਸਿੱਖ ਧਰਮ, ਗੁਰੂ ਪਰੰਪਰਾ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ।

**ਕਮੇਟੀ 'ਚ ਮਾਹਿਰਾਂ ਦੀ ਸ਼ਮੂਲੀਅਤ**

ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਇਸ ਸਬ-ਕਮੇਟੀ ਵਿੱਚ ਸਿੱਖਿਆ, ਪ੍ਰਸ਼ਾਸਨ ਅਤੇ ਕੰਪਿਊਟਰ ਸਾਇੰਸ ਖੇਤਰ ਨਾਲ ਜੁੜੇ ਤਜਰਬੇਕਾਰ ਮਾਹਿਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ 'ਚ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪ੍ਰੋਫ਼ੈਸਰ, ਤਕਨੀਕੀ ਮਾਹਿਰ ਅਤੇ ਸਿਸਟਮ ਐਡਮਿਨਿਸਟ੍ਰੇਟਰ ਵੀ ਸ਼ਾਮਲ ਹਨ ਤਾਂ ਜੋ ਤਕਨੀਕੀ ਅਤੇ ਧਾਰਮਿਕ ਦੋਵਾਂ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਹੱਲ ਕੱਢਿਆ ਜਾ ਸਕੇ।

**ਧਾਰਮਿਕ ਮਰਿਆਦਾ ਦੀ ਰਾਖੀ**

ਸ਼੍ਰੋਮਣੀ ਕਮੇਟੀ ਦਾ ਮੰਨਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਇੱਕ ਸ਼ਕਤੀਸ਼ਾਲੀ ਤਕਨੀਕ ਹੈ। ਇਸ ਦੀ ਗਲਤ ਵਰਤੋਂ ਧਾਰਮਿਕ ਮਾਨਤਾਵਾਂ ਤੇ ਪਰੰਪਰਾਵਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸੇ ਕਾਰਨ ਇਹ ਸਬ-ਕਮੇਟੀ ਏ.ਆਈ. ਤੋਂ ਪੈਦਾ ਹੋਣ ਵਾਲੀਆਂ ਚੁਣੌਤੀਆਂ ਦਾ ਡੂੰਘਾਈ ਨਾਲ ਅਧਿਐਨ ਕਰੇਗੀ ਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਤਿਆਰ ਕਰੇਗੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਕੀ ਲਾਹੇਵੰਦ ਹੋਵੇਗਾ ਅਮਰੀਕਾ ਅਤੇ ਭਾਰਤ ਵਿਚਾਲੇ ਹੋਇਆ ਵਪਾਰਕ ਸਮਝੌਤਾ ?

ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਵਿਚਾਲੇ ਪਿਛਲੇ ਦਿਨੀਂ ਹੋਇਆ ਵਪਾਰਕ ਸਮਝੌਤਾ ਅਜਿਹੇ ਮਹੱਤਵਪੂਰਨ ਸਮੇਂ ਵਿੱਚ ਕੀਤਾ ਗਿਆ ਹੈ, ਜਦੋਂ ਅਮਰੀਕਾ ਨੂੰ ਚੀਨ ਦਾ ਮੁਕਾਬਲਾ ਕਰਨ ਲਈ ਭਾਰਤ ਵਰਗੇ ਦੇਸ਼ਾਂ ਦੀ ਲੋੜ ਹੈ ਅਤੇ ਭਾਰਤ ਨੂੰ ਆਪਣੀ ਉਭਰਦੀ ਹੋਈ ਸ਼ਕਤੀ ਨੂੰ ਹੋਰ ਮਜ਼ਬੂਤ ਕਰਨ ਲਈ ਅਮਰੀਕਾ ਵਰਗੇ ਦੇਸ਼ਾਂ ਦੀ ਲੋੜ ਹੈ। ਇਹਨਾਂ ਦੋਵਾਂ ਦੇਸ਼ਾਂ ਦੀਆਂ ਲੋੜਾਂ ਕਾਰਨ ਇਹ ਵਪਾਰਕ ਸਮਝੌਤਾ ਸਿਰੇ ਚੜ੍ਹਿਆ। ਇਸ ਸਮਝੌਤੇ ਦਾ ਸਭ ਤੋਂ ਪਹਿਲਾਂ ਦਾਅਵਾ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਕੀਤਾ ਅਤੇ ਉਹਨਾਂ ਵੱਲੋਂ ਭਾਰਤ ’ਤੇ ਟੈਰਿਫ਼ ਘਟਾਉਣ ਦਾ ਐਲਾਨ ਕੀਤਾ ਗਿਆ। ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੇ ਭਾਰਤ ਨਾਲ ਇੱਕ ਵਪਾਰ ਸਮਝੌਤਾ ਕੀਤਾ ਹੈ, ਜਿਸ ਵਿੱਚ 500 ਬਿਲੀਅਨ ਡਾਲਰ ਤੋਂ ਵੱਧ ਦੇ ਅਮਰੀਕੀ ਉਤਪਾਦਾਂ ਦੀ ਖਰੀਦਦਾਰੀ ਅਤੇ ਭਾਰਤ ਦੁਆਰਾ ਲਗਾਏ ਗਏ ਟੈਰਿਫ਼ ਅਤੇ ਗੈਰ-ਟੈਰਿਫ਼ ਰੁਕਾਵਟਾਂ ਨੂੰ ਜ਼ੀਰੋ ਤੱਕ ਘਟਾਉਣਾ ਸ਼ਾਮਲ ਹੈ।

ਮਾਹਿਰ ਕਹਿੰਦੇ ਹਨ ਕਿ ਟਰੰਪ ਵੱਲੋਂ ਭਾਰਤ ’ਤੇ ਟੈਰਿਫ਼ ਘਟਾਉਣ ਨਾਲ ਬਿਨਾਂ ਸ਼ੱਕ ਭਾਰਤੀ ਨਿਰਯਾਤਕਾਂ ਨੂੰ ਲਾਭ ਹੋਵੇਗਾ। ਇਸ ਕਦਮ ਨਾਲ ਪਾਕਿਸਤਾਨ, ਚੀਨ ਅਤੇ ਬੰਗਲਾਦੇਸ਼ ਤੋਂ ਆਉਣ ਵਾਲੀਆਂ ਵਸਤਾਂ ਦੇ ਮੁਕਾਬਲੇ ਅਮਰੀਕਾ ਵਿੱਚ ਭਾਰਤੀ ਉਤਪਾਦਾਂ ਦੀ ਮੰਗ ਵਧੇਗੀ। ਟਰੰਪ ਨੇ ਕਿਹਾ ਹੈ ਕਿ ਭਾਰਤ ’ਤੇ 25% ਟੈਰਿਫ਼ ਦੀ ਬਜਾਏ 18% ਟੈਰਿਫ਼ ਲਗਾਇਆ ਜਾਵੇਗਾ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਭਾਰਤ ’ਤੇ ਲਗਾਇਆ ਗਿਆ ਵਾਧੂ ਦੰਡਕਾਰੀ 25% ਟੈਰਿਫ਼ ਵੀ ਖਤਮ ਕਰ ਦਿੱਤਾ ਜਾਵੇਗਾ। ਇਸ ਦਾ ਮਤਲਬ ਹੈ ਕਿ ਭਾਰਤੀ ਸਮਾਨ ’ਤੇ ਹੁਣ 50% ਟੈਰਿਫ਼ ਦੀ ਬਜਾਏ ਸਿਰਫ਼ 18% ਟੈਰਿਫ਼ ਹੀ ਲੱਗੇਗਾ।

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਭਾਰਤ ’ਤੇ ਲਗਾਏ ਗਏ ਟੈਰਿਫ਼ ਘਟਾਉਣ ਦੇ ਐਲਾਨ ਦੇ ਨਾਲ ਭਾਰਤ ਹੁਣ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ ਜੋ ਚੀਨ, ਪਾਕਿਸਤਾਨ, ਇੰਡੋਨੇਸ਼ੀਆ, ਬੰਗਲਾਦੇਸ਼ ਅਤੇ ਵੀਅਤਨਾਮ ਸਮੇਤ ਹੋਰ ਦੇਸ਼ਾਂ ਦੇ ਮੁਕਾਬਲੇ ਅਮਰੀਕਾ ਵਿੱਚ ਘੱਟ ਟੈਰਿਫ਼ ਦਰਾਂ ਦਾ ਸਾਹਮਣਾ ਕਰਦੇ ਹਨ। ਹਾਲਾਂ ਕਿ ਭਾਰਤ ਨੂੰ ਅਜੇ ਵੀ ਯੂਰੋਪੀਅਨ ਯੂਨੀਅਨ, ਜਾਪਾਨ ਅਤੇ ਦੱਖਣੀ ਕੋਰੀਆ ਦੇ ਮੁਕਾਬਲੇ ਥੋੜ੍ਹਾ ਜਿਹਾ ਵਾਧੂ ਟੈਰਿਫ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਪਾਰ ਸਮਝੌਤੇ ਦੇ ਐਲਾਨ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਖੁਸ਼ ਹਨ ਕਿ ‘ਮੇਡ ਇਨ ਇੰਡੀਆ’ ਉਤਪਾਦਾਂ ’ਤੇ ਹੁਣ ਟੈਕਸ ਵਿੱਚ ਕਟੌਤੀ ਕੀਤੀ ਜਾਵੇਗੀ। ਇਸ ਸਮੇਂ ਅਮਰੀਕਾ ਦੌਰੇ ’ਤੇ ਗਏ ਹੋਏ ਭਾਰਤ ਦੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਐਕਸ ’ਤੇ ਇੱਕ ਪੋਸਟ ਪਾ ਕੇ ਕਿਹਾ, ‘ਇਸ ਸਮਝੌਤੇ ਨਾਲ ਨੌਕਰੀਆਂ ਵਧਣਗੀਆਂ ਤੇ ਇਹ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਅਤੇ ਦੋਵਾਂ ਅਰਥ ਵਿਵਸਥਾਵਾਂ ਵਿੱਚ ਨਵੇਂ ਕੰਮ ਹੋਣਗੇ। ਇਹ ਮੇਕ ਇਨ ਇੰਡੀਆ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰੇਗਾ ਅਤੇ ਤਕਨਾਲੋਜੀ ਬਾਰੇ ਸਬੰਧਾਂ ਨੂੰ ਉਤਸ਼ਾਹਿਤ ਕਰੇਗਾ। ਸਾਡੇ ਆਰਥਿਕ ਸਬੰਧਾਂ ਵਿੱਚ ਮੌਕੇ ਸੱਚਮੁੱਚ ਬਹੁਤ ਜ਼ਿਆਦਾ ਹਨ ਅਤੇ ਸਾਨੂੰ ਉਨ੍ਹਾਂ ਨੂੰ ਸਾਕਾਰ ਕਰਨ ਦਾ ਵਿਸ਼ਵਾਸ ਹੈ। ਇੱਕ ਮਜ਼ਬੂਤ ਆਰਥਿਕ ਸਬੰਧ ਸਾਡੀ ਰਣਨੀਤਕ ਭਾਈਵਾਲੀ ਦੀ ਸਭ ਤੋਂ ਮਜ਼ਬੂਤ ਨੀਂਹ ਹੈ।’

ਅਮਰੀਕਾ ਅਤੇ ਭਾਰਤ ਵਿਚਾਲੇ ਹੋਏ ਵਪਾਰਕ ਸਮਝੌਤੇ ਨਾਲ ਦੋਵਾਂ ਦੇਸ਼ਾਂ ਨੂੰ ਵੱਡਾ ਲਾਭ ਮਿਲ ਸਕਦਾ ਹੈ। ਇਸ ਤੋਂ ਇਲਾਵਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਸ ਸਮਝੌਤੇ ਨਾਲ ਦੋਵਾਂ ਦੇਸ਼ਾਂ ਦੀਆਂ ਅਰਥ ਵਿਵਸਥਾਵਾਂ ਹੋਰ ਮਜ਼ਬੂਤ ਹੋਣਗੀਆਂ। ਭਾਰਤ ਵੱਲੋਂ ਤਾਂ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਸਮਝੌਤੇ ਨਾਲ ਭਾਰਤ ਦੇ ‘ਮੇਕ ਇਨ ਇੰਡੀਆ’ ਸਿਧਾਂਤ ਨੂੰ ਹੱਲਾਸ਼ੇਰੀ ਮਿਲੀ ਹੈ। ਜ਼ਿਕਰਯੋਗ ਹੈ ਕਿ ਭਾਰਤ ਵਿੱਚ ਕਪੜਾ, ਗਹਿਣੇ, ਭਾਂਡੇ ਅਤੇ ਹੋਰ ਬਹੁਤ ਕਿਸਮ ਦਾ ਸਮਾਨ ਬਣਦਾ ਹੈ, ਜਿਸ ਦੀ ਅਮਰੀਕੀ ਬਾਜ਼ਾਰ ਵਿੱਚ ਵੱਡੀ ਮੰਗ ਹੈ। ਅਮਰੀਕਾ ਵਿੱਚ ਲੱਖਾਂ ਭਾਰਤੀ ਰਹਿੰਦੇ ਹਨ ਜੋ ਕਿ ਅਕਸਰ ਭਾਰਤ ਵਿੱਚ ਬਣਿਆ ਸਮਾਨ ਖਰੀਦਣ ਨੂੰ ਤਰਜੀਹ ਦਿੰਦੇ ਹਨ। ਇਹਨਾਂ ਭਾਰਤੀਆਂ ਦੀ ਸੋਚ ਹੈ ਕਿ ਅਮਰੀਕਾ ਵਿੱਚ ਰਹਿੰਦਿਆਂ ਭਾਰਤ ਵਿੱਚ ਬਣਿਆ ਸਮਾਨ ਖਰੀਦ ਕੇ ਉਹ ਆਪਣੇ ਦੇਸ਼ ਦੀਆਂ ਜੜ੍ਹਾਂ ਨਾਲ ਜੁੜੇ ਰਹਿੰਦੇ ਹਨ। ਇਸ ਤੋਂ ਇਲਾਵਾ ਅਮਰੀਕੀ ਲੋਕਾਂ ਵਿੱਚ ਵੀ ਭਾਰਤੀ ਸਮਾਨ ਦੀ ਵਿਸ਼ੇਸ਼ ਮਾਰਕੀਟ ਹੈ। ਅਮਰੀਕੀ ਲੋਕਾਂ ਨੂੰ ਵੀ ਭਾਰਤ ਵਿੱਚ ਬਣਿਆ ਵੱਖ- ਵੱਖ ਕਿਸਮ ਦਾ ਸਮਾਨ ਕਾਫ਼ੀ ਪਸੰਦ ਆਉਂਦਾ ਹੈ। ਭਾਰਤ ਦੇ ਵੱਖ- ਵੱਖ ਰਾਜਾਂ ਤੋਂ ਪਹਿਲਾਂ ਹੀ ਕਾਫ਼ੀ ਕਿਸਮ ਦਾ ਸਮਾਨ ਅਮਰੀਕਾ ਜਾਂਦਾ ਹੈ ਪਰ ਇਹ ਸਮਝੌਤਾ ਹੋਣ ਤੋਂ ਬਾਅਦ ਕਾਫ਼ੀ ਮਾਤਰਾ ਵਿੱਚ ਭਾਰਤ ’ਚ ਬਣਿਆ ਸਮਾਨ ਅਮਰੀਕਾ ਜਾਵੇਗਾ। ਇਸ ਨਾਲ ਭਾਰਤ ਦੀ ਅਰਥ ਵਿਵਸਥਾ ਮਜ਼ਬੂਤ ਹੋਵੇਗੀ। ਦੂਜੇ ਪਾਸੇ ਭਾਰਤ ਵਿੱਚ ਵੀ ਅਮਰੀਕਾ ਵਿੱਚ ਬਣਿਆ ਸਮਾਨ ਕਾਫ਼ੀ ਪਸੰਦ ਕੀਤਾ ਜਾਂਦਾ ਹੈ, ਜਿਸ ਕਾਰਨ ਭਾਰਤੀ ਬਾਜ਼ਾਰ ਵਿੱਚ ਅਮਰੀਕੀ ਸਮਾਨ ਦੀ ਕਾਫ਼ੀ ਮੰਗ ਹੈ। ਇਸੇ ਕਾਰਨ ਮਾਹਿਰ ਕਹਿ ਰਹੇ ਹਨ ਕਿ ਹੁਣ ਅਮਰੀਕਾ ਅਤੇ ਭਾਰਤ ਵਿਚਾਲੇ ਵਪਾਰਕ ਸਮਝੌਤਾ ਹੋਣ ਨਾਲ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਆਸਾਨ ਹੋ ਜਾਵੇਗਾ ਅਤੇ ਦੋਵਾਂ ਦੇਸ਼ਾਂ ਵਿੱਚ ਬਣਿਆ ਸਮਾਨ ਆਸਾਨੀ ਨਾਲ ਇੱਕ ਦੂਜੇ ਦੇਸ਼ ਵਿੱਚ ਆ ਜਾ ਸਕੇਗਾ। ਇਸ ਨਾਲ ਦੋਵਾਂ ਦੇਸ਼ਾਂ ਨੂੰ ਵੱਡਾ ਲਾਭ ਹੋਵੇਗਾ। ਭਾਰਤ ਅਤੇ ਅਮਰੀਕਾ ਵਿਚਾਲੇ ਵਪਾਰਕ ਸਮਝੌਤਾ ਹੋਣ ਬਾਰੇ ਗੱਲਬਾਤ ਕਾਫ਼ੀ ਸਮੇਂ ਤੋਂ ਚੱਲ ਰਹੀ ਸੀ ਜੋ ਕਿ ਹੁਣ ਸਮਝੌਤਾ ਹੋਣ ਤੋਂ ਬਾਅਦ ਮੁਕੰਮਲ ਹੋਈ ਹੈ, ਜਿਸ ਦਾ ਦੋਵਾਂ ਦੇਸ਼ਾਂ ਦੇ ਨੇਤਾਵਾਂ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ ਅਤੇ ਹੋਰਨਾਂ ਦੇਸ਼ਾਂ ਨਾਲ ਵਪਾਰਕ ਸਮਝੌਤੇ ਹੋਣ ਦੇ ਬਾਵਜੂਦ ਭਾਰਤ ਦੇ ਹਿੱਤਾਂ ਦੀ ਰਾਖੀ ਪੂਰੀ ਤਨਦੇਹੀ ਨਾਲ ਕਰੇ ਅਤੇ ਕਿਸੇ ਵੀ ਦੇਸ਼ ਨੂੰ ਅਜਿਹਾ ਕੰਮ ਨਾ ਕਰਨ ਦੇਵੇ, ਜਿਸ ਨਾਲ ਭਾਰਤੀ ਹਿੱਤਾਂ ਨੂੰ ਢਾਹ ਲੱਗਦੀ ਹੋਵੇ। ਇਸ ਤੋਂ ਇਲਾਵਾ ਭਾਰਤ-ਅਮਰੀਕਾ ਵਪਾਰਕ ਸਮਝੌਤੇ ਦੀ ਸਫ਼ਲਤਾ ਲਈ ਦੋਵਾਂ ਦੇਸ਼ਾਂ ਨੂੰ ਸਾਵਧਾਨੀ ਵਰਤਣ ਦੀ ਵੀ ਲੋੜ ਹੈ।

# ਪਹਿਲੀ ਨਜ਼ਰੇ ਲੋਕ-ਪੱਖੀ ਅਤੇ ਲੁਭਾਉਣਾ ਨਜ਼ਰ ਆਉਂਦੈ ਬਜਟ 2026

ਡਾ. ਰਾਜੀਵ ਖੋਸਲਾ
ਲੇਖਕ ਐਮਿਟੀ ਯੂਨੀਵਰਸਿਟੀ ਪੰਜਾਬ ਵਿੱਚ ਪ੍ਰੋਫ਼ੈਸਰ ਹੈ




ਕੇਂਦਰੀ ਬਜਟ 2026 ਉਸ ਵੇਲੇ ਪੇਸ਼ ਕੀਤਾ ਗਿਆ ਹੈ ਜਦੋਂ ਭਾਰਤੀ ਅਰਥਚਾਰਾ ਕੌਮਾਂਤਰੀ ਤੇ ਘਰੇਲੂ ਦੋਵਾਂ - ਬੁਨਿਆਦੀ ਤਰਾਂ ਦੇ ਦਬਾਅ ਦਾ ਸਾਹਮਣਾ ਕਰ ਰਿਹਾ ਹੈ। ਕੌਮਾਂਤਰੀ ਪੱਧਰ ’ਤੇ ਭਾਰਤ ਵੱਲੋਂ ਬਰਾਮਦ ਕੀਤੀਆਂ ਜਾਂਦੀਆਂ ਵਸਤਾਂ ਉਤੇ ਟਰੰਪ ਪ੍ਰਸ਼ਾਸਨ ਵੱਲੋਂ ਲਾਏ ਗਏ 10 ਫ਼ੀਸਦੀ ਤੱਕ ਦੇ ਟੈਰਿਫ਼, ਭਾਰਤੀ ਬਰਾਮਦਾਂ ਨੂੰ ਘੱਟ ਡਿਊਟੀ ’ਤੇ ਯੂਰੋਪ ਨੂੰ ਵੇਚਣ ਦੀ ਛੋਟ ਯੂਰੋਪੀਅਨ ਯੂਨੀਅਨ ਵੱਲੋਂ 2028 ਤੱਕ ਮੁਅੱਤਲ ਕਰਨਾ, ਭਾਰਤੀ ਰੁਪਏ ਵਿੱਚ ਬੇਤਹਾਸ਼ਾ ਗਿਰਾਵਟ, ਸਿੱਧੇ ਵਿਦੇਸ਼ੀ ਨਿਵੇਸ਼ ਵਿੱਚ ਕਮੀ ਅਤੇ ਵਿਦੇਸ਼ੀ ਸੰਸਥਾਗਤ ਨਿਵੇਸ਼ ਦਾ 2025 ਦੌਰਾਨ ਲਗਭਗ 1.6 ਲੱਖ ਕਰੋੜ ਰੁਪਏ ਤੋਂ ਵੱਧ ਦਾ ਨਿਕਾਸ ਆਦਿ ਕਾਰਕਾਂ ਨੇ ਆਰਥਿਕ ਮਾਹੌਲ ਨੂੰ ਅਨਿਸ਼ਚਿਤ ਬਣਾਇਆ ਹੈ। ਇਸੇ ਤਰ੍ਹਾਂ ਘਰੇਲੂ ਮੋਰਚੇ ’ਤੇ ਜੀ ਐੱਸ ਟੀ ਦਰਾਂ ਵਿੱਚ ਕਟੌਤੀ ਨਾਲ ਸੂਬਿਆਂ ਦੇ ਖ਼ਜ਼ਾਨਿਆਂ ’ਤੇ ਵਧਿਆ ਵਿੱਤੀ ਦਬਾਅ, 12 ਲੱਖ ਰੁਪਏ ਤੱਕ ਦੀ ਆਮਦਨ ਟੈਕਸ ਛੋਟ ਨਾਲ ਸਰਕਾਰੀ ਮਾਲੀਏ ਵਿੱਚ ਕਮੀ, ਤਿਉਹਾਰੀ ਤਿਮਾਹੀ (ਅਕਤੂਬਰ-ਦਸੰਬਰ) ਦੌਰਾਨ ਵੀ ਕਾਰਪੋਰੇਟ ਮੁਨਾਫਿਆਂ ਦਾ ਕਮਜ਼ੋਰ ਰਹਿਣਾ ਅਤੇ ਬੈਂਕਿੰਗ ਪ੍ਰਣਾਲੀ ਵਿੱਚ ਨਗਦੀ ਦੀ ਘਾਟ ਆਦਿ ਨੇ ਭਾਰਤੀ ਅਰਥਚਾਰੇ ਨੂੰ ਪ੍ਰਭਾਵਿਤ ਕੀਤਾ ਹੈ। ਸਰਕਾਰ ਦੇ ਨੁਮਾਇੰਦਿਆਂ ਅਤੇ ਸਮਰਥਕਾਂ ਦਾ ਮੰਨਣਾ ਹੈ ਕਿ ਅਜਿਹੇ ਨਾਜ਼ੁਕ ਮਾਹੌਲ ਵਿੱਚ ਵੀ ਵਿੱਤ ਮੰਤਰੀ ਨੇ ਵਿੱਤੀ ਅਨੁਸ਼ਾਸਨ ਕਾਇਮ ਰੱਖਦੇ ਹੋਏ ਬਜਟ ਤਜਵੀਜ਼ਾਂ ਨੂੰ ਲੰਬੇ ਸਮੇਂ ਦੇ ਆਰਥਿਕ ਵਿਕਾਸ ਤੇ ਮੰਗ ਪੈਦਾ ਕਰਨ ਵੱਲ ਸੇਧਿਤ ਰੱਖਿਆ ਹੈ।

ਮੁੱਖ ਬਜਟ ਐਲਾਨ

ਤਰਜੀਹੀ ਤੌਰ ’ਤੇ ਬਜਟ ਵਿੱਚ ਵਿੱਤੀ ਘਾਟੇ ਨੂੰ ਪਿਛਲੇ ਸਾਲ ਦੇ 44 ਫ਼ੀਸਦੀ ਦੇ ਮੁਕਾਬਲੇ 4.3 ਫ਼ੀਸਦੀ ਤੱਕ ਸੀਮਤ ਰੱਖਣ ਦੀ ਤਜਵੀਜ਼ ਦਿੱਤੀ ਗਈ ਹੈ। ਬੁਨਿਆਦੀ ਢਾਂਚੇ ਦੇ ਵਿਕਾਸ ’ਤੇ ਜ਼ੋਰ ਦਿੰਦਿਆਂ ਪੂੰਜੀ ਖਰਚ ਨੂੰ ਵਧਾ ਕੇ 12.2 ਲੱਖ ਕਰੋੜ ਰੁਪਏ ਕੀਤਾ ਗਿਆ ਹੈ, ਜਿਸ ਨਾਲ ਸੜਕਾਂ, ਰੇਲਮਾਰਗਾਂ, ਉੱਚ-ਰਫ਼ਤਾਰ ਰੇਲ ਤੇ ਲਾਂਘਿਆਂ, ਜਲ ਮਾਰਗਾਂ ਅਤੇ ਸ਼ਹਿਰੀ ਢਾਂਚੇ ਦੇ ਵਿਕਾਸ

ਨੂੰ ਉਤਸ਼ਾਹ ਮਿਲੇਗਾ। ਸਿੱਖਿਆ ਅਤੇ ਰੁਜ਼ਗਾਰ ਵਿੱਚ ਡੂੰਘਾ ਤਾਲਮੇਲ ਕਾਇਮ ਕਰਨ ਲਈ ਉਦਯੋਗਿਕ ਖੇਤਰਾਂ ਦੇ ਨੇੜੇ ਯੂਨੀਵਰਸਿਟੀਆਂ ਸਥਾਪਿਤ ਕਰਨ ਦੀ ਯੋਜਨਾ ਹੈ। ਸਿਹਤ ਖੇਤਰ ਨੂੰ ਮਜ਼ਬੂਤ ਕਰਨ ਲਈ ਬੁਨਿਆਦੀ ਸਿਹਤ ਸੰਭਾਲ, ਡਿਜੀਟਲ ਸਿਹਤ ਸਹੂਲਤਾਂ ਅਤੇ ਮੈਡੀਕਲ ਢਾਂਚੇ ਦੇ ਵਿਸਤਾਰ ਦੀ ਗੱਲ ਕੀਤੀ ਗਈ ਹੈ। ਆਮ ਲੋਕਾਂ, ਕਿਸਾਨਾਂ, ਛੋਟੇ ਵਪਾਰੀਆਂ, ਗਰੀਬ ਪਰਿਵਾਰਾਂ, ਘੱਟਗਿਣਤੀਆਂ, ਬਜ਼ੁਰਗਾਂ ਅਤੇ ਔਰਤਾਂ ਲਈ ਐਲਾਨ ਕਰ ਕੇ ਹਰੇਕ ਦੀ ਸ਼ਮੂਲੀਅਤ ਯਕੀਨੀ ਬਣਾਉਣ ਦਾ ਇੱਕ ਖਾਕਾ ਪੇਸ਼ ਕੀਤਾ ਗਿਆ ਹੈ। ਪਹਿਲੀ ਨਜ਼ਰੇ ਇਹ ਬਜਟ ਲੋਕ-ਪੱਖੀ ਅਤੇ ਲੁਭਾਉਣਾ ਨਜ਼ਰ ਆਉਂਦਾ ਹੈ, ਪਰ ਜਦੋਂ ਬਜਟ ਦੇ ਅੰਕੜਿਆਂ ਨੂੰ ਗਹਿਰਾਈ ਨਾਲ ਜਾਂਚੀਏ ਤਾਂ ਪਤਾ ਲੱਗਦਾ ਹੈ ਕਿ ਸਰਕਾਰ ਨੇ ਵਧੇਰੇ ਕੋਸ਼ਿਸ਼ ਵਿੱਤੀ ਘਾਟੇ ਨੂੰ ਕਾਬੂ ਰੱਖਣ ਦੀ ਹੀ ਕੀਤੀ ਹੈ।

ਮਾਲੀਆ ਇਕੱਠਾ ਕਰਨ ਤੇ ਅਮੀਰਾਂ-ਗਰੀਬਾਂ ਵਿਚਕਾਰ ਵਧ ਰਹੇ ਪਾੜੇ ਨੂੰ ਘਟਾਉਣ ਲਈ ਬਜਟ ਵਿੱਚ ਜਾਇਦਾਦ ਜਾਂ ਵਿਰਾਸਤ ਟੈਕਸ ਵਰਗੇ ਕਿਸੇ ਵੀ ਗੰਭੀਰ ਉਪਰਾਲੇ ਦੀ ਘਾਟ ਨਜ਼ਰ ਆਉਂਦੀ ਹੈ। ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਵਧਾਇਆ ਜਾ ਰਿਹਾ ਸਰਕਾਰੀ ਪੂੰਜੀ ਖਰਚ ਇਹ ਦਰਸਾਉਂਦਾ ਹੈ ਕਿ ਪ੍ਰਾਈਵੇਟ ਨਿਵੇਸ਼ ਇੱਕ ਵਾਰ ਫਿਰ ਤੋਂ ਕਮਜ਼ੋਰ ਹੈ ਅਤੇ ਨੇੜ ਭਵਿੱਖ ਵਿੱਚ ਵੀ ਇਸ ਦੇ ਮਜ਼ਬੂਤ ਹੋਣ ਦੀ ਸੰਭਾਵਨਾ ਘੱਟ ਹੈ। ਇਸ ਕਾਰਨ ਰੁਜ਼ਗਾਰ ਸਿਰਜਣਾ ਵੀ ਘੱਟ ਰਹੇਗੀ ਅਤੇ ਖਪਤ ਵਿੱਚ ਸੁਧਾਰ ਦੀ ਉਮੀਦ ਨਿਰੰਤਰ ਧੁੰਦਲੀ ਰਹੇਗੀ। ਨਤੀਜੇ ਵਜੋਂ ਕੇਂਦਰ ਸਰਕਾਰ ਨੂੰ ਵਧੇਰੇ ਕਰਜ਼ਾ ਲੈਣਾ ਪਵੇਗਾ। ਇਸ ਨਾਲ ਕੇਂਦਰ ਤੋਂ ਰਾਜਾਂ ਨੂੰ ਮਿਲਣ ਵਾਲੇ ਮਾਲੀ ਸਰੋਤਾਂ ਦੀ ਕਮੀ ਹੋਰ ਵਧੇਗੀ, ਜਿਸ ਨਾਲ ਰਾਜ ਸਰਕਾਰਾਂ ਬੇਤਹਾਸ਼ਾ ਕਰਜ਼ੇ ਦਾ ਬੋਝ ਚੁੱਕਣ ਲਈ ਮਜਬੂਰ ਹੋਣਗੀਆਂ। ਇਸ ਨਾਲ ਵਿੱਤੀ ਦਬਾਅ ਹੋਰ ਗਹਿਰਾ ਹੋਣ ਦਾ ਖ਼ਦਸ਼ਾ ਹੈ।

ਕੌਮਾਂਤਰੀ ਅਨੁਭਵਾਂ ਤੋਂ ਮਿਲੀ ਚਿਤਾਵਨੀ ਸਰਕਾਰ ਦੀ ਇਹ ਵਿੱਤੀ ਰਣਨੀਤੀ ਭਾਰਤ ਨੂੰ ਇੱਕ ਅਸਹਿਜ ਵਿਸ਼ਵਵਿਆਪੀ ਸੰਦਰਭ ’ਚ ਧੱਕ ਰਹੀ ਹੈ, ਜਿੱਥੇ ਅਜਿਹੇ ਉਪਾਵਾਂ ’ਤੇ ਨਿਰਭਰਤਾ ਅਕਸਰ ਵਿਸ਼ਾਲ ਆਰਥਿਕ ਤਣਾਵਾਂ ਨੂੰ ਸੱਦਾ ਦੇਂਦੀ ਹੈ। ਪਿਛਲੇ ਸਾਲ ਦੇ ਬਜਟ ਵਿੱਚ ਜਨਤਾ ਦੀ ਖਪਤ ਵਧਾਉਣ ਲਈ ਦਿੱਤੀ ਗਈ 12 ਲੱਖ ਰੁਪਏ ਦੀ ਆਮਦਨ ਟੈਕਸ ਛੋਟ ਅਤੇ ਸਤੰਬਰ ਮਹੀਨੇ ਵਿੱਚ ਕੀਤੀ ਗਈ ਜੀ ਐੱਸ ਟੀ ਦਰਾਂ ਵਿੱਚ ਕਟੌਤੀ ਦੀ ਭਰਪਾਈ ਕਰਨ ਦੀ ਕੋਸ਼ਿਸ਼ ਇਸ ਬਜਟ ਵਿੱਚ ਵੱਧ ਕਰਜ਼ੇ ਅਤੇ ਆਮ ਜਨਤਾ ਨੂੰ ਕਈ ਟੈਕਸ ਰਾਹਤ ਨਾ ਪ੍ਰਦਾਨ ਕਰਕੇ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਸਤੰਬਰ 2025 ਤੋਂ ਲਾਗੂ ਜੀ ਐੱਸ ਟੀ ਦਰਾਂ ਵਿੱਚ ਕਟੌਤੀ ਦਾ ਪੂਰਾ ਅਸਰ ਤਾਂ ਅਗਲੇ ਸਾਲ 2026-27 ਦੌਰਾਨ ਹੀ ਨਜ਼ਰ ਆਉਣਾ ਹੈ ਅਤੇ ਇਸ ਵਿੱਚ ਪਿਛਲੇ ਸਾਲ ਬੇਤਰਤੀਬੀ ਨਾਲ ਕੀਤੀ ਗਈ ਕਮੀ ਅਤੇ 12 ਲੱਖ ਰੁਪਏ ਦੀ ਆਮਦਨ ਟੈਕਸ ਛੋਟ ਨੇ ਮਾਲੀਏ ’ਤੇ ਅਸਰ ਦਿਖਾ ਕੇ ਕੇਂਦਰ ਅਤੇ ਰਾਜ ਸਰਕਾਰਾਂ ਦੋਹਾਂ ਉੱਤੇ ਵਿੱਤੀ ਦਬਾਅ ਬਣਾ ਦਿੱਤਾ ਹੈ। ਅਜਿਹੇ ਤਰਕਹੀਣ ਫੈਸਲੇ ਪਿਛਲੇ ਸਮੇਂ ਦੌਰਾਨ ਉੱਨਤ ਅਰਥਵਿਵਸਥਾਵਾਂ ਜਿਵੇਂ ਕਿ ਯੂ ਕੇ (ਲਿਜ਼ ਟਰੱਸ ਦੇ ਸਮੇਂ ਦੌਰਾਨ), ਫਰਾਂਸ (ਇਮੈਨੁਅਲ ਮੈਕਰੋਂ), ਜਪਾਨ (ਸ਼ਿਗੁਰੂ ਇਸ਼ੀਬਾ) ਅਤੇ ਕੈਨੇਡਾ (ਜਸਟਿਨ ਟਰੂਡੋ) ਨੂੰ ਨਿਘਾਰ ਵੱਲ ਧੱਕ ਕੇ ਗਏ ਹਨ, ਜਿਹਨਾਂ ਦੀ ਸੰਖੇਪ ਵਿੱਚ ਵਿਆਖਿਆ ਹੇਠਾਂ ਕੀਤੀ ਗਈ ਹੈ।

ਸਭ ਤੋਂ ਪਹਿਲਾਂ ਇਸ ਬਜਟ ਵਿੱਚ ਅਪਣਾਏ ਗਏ ਆਰਥਿਕ ਫੈਸਲਿਆਂ ਦੀ ਤੁਲਨਾ ਯੂ ਕੇ ਦੀ ਪ੍ਰਧਾਨ ਮੰਤਰੀ ਲਿਜ਼ ਟਰੱਸ (2022) ਦੇ ਅਧੀਨ ਸਤੰਬਰ 2022 ਵਿੱਚ ਪੇਸ਼ ਕੀਤੇ ਗਏ ਯੂ ਕੇ ਦੇ ਮਿੰਨੀ ਬਜਟ ਨਾਲ ਕੀਤੀ ਜਾ ਸਕਦੀ ਹੈ। ਉਸ ਬਜਟ ਅਧੀਨ ਕੁੱਲ 45 ਬਿਲੀਅਨ ਦੀਆਂ ਟੈਕਸ ਕਟੌਤੀਆਂ, ਜਿਨ੍ਹਾਂ ਵਿੱਚ 45 ਫੀਸਦੀ ਤੋਂ 40 ਫੀਸਦੀ ਤੱਕ ਦੀ ਸਿਖਰਲੀ ਆਮਦਨ ਟੈਕਸ ਦਰ ਵਿੱਚ ਕਮੀ, ਕਾਰਪੋਰੇਟ ਟੈਕਸ ਵਾਧੇ ’ਤੇ ਰੋਕ ਅਤੇ ਰਾਸ਼ਟਰੀ ਬੀਮਾ ਯੋਗਦਾਨ ਵਾਧੇ ਨੂੰ ਰੱਦ ਕਰਨਾ ਆਦਿ ਸ਼ਾਮਲ ਸਨ, ਜਿਸਦਾ ਐਲਾਨ ਬਿਨਾਂ ਕਿਸੇ ਮਾਲੀਆ ਪ੍ਰਬੰਧ ਦੇ ਉਸ ਸਮੇਂ ਕੀਤਾ ਗਿਆ ਜਦੋਂ ਦੇਸ਼ ਦੋਹਰੇ ਅੰਕਾਂ (11 ਫੀਸਦੀ) ਦੀ ਮਹਿੰਗਾਈ ਨਾਲ ਜੂਝ ਰਿਹਾ ਸੀ। ਅਮੀਰ ਵਰਗ ਵਿੱਚ ਖਰੀਦ ਸ਼ਕਤੀ ਦੇ ਵਾਧੇ ਨੇ ਮਹਿੰਗਾਈ ਦੇ ਦਬਾਅ ਨੂੰ ਹੋਰ ਤੇਜ਼ ਕੀਤਾ, ਜਿਸ ਨਾਲ ਪੌਂਡ ’ਤੇ ਭਰੋਸਾ ਕਮਜ਼ੋਰ ਪਿਆ ਅਤੇ ਬੈਂਕ ਆਫ਼ ਇੰਗਲੈਂਡ ਨੂੰ ਮਾਰਕੀਟ ਸਥਿਰ ਕਰਨ ਲਈ ਤੁਰੰਤ ਉਪਾਅ ਕਰਨੇ ਪਏ। ਆਖ਼ਰਕਾਰ, ਵਿੱਤੀ ਸਖ਼ਤੀ ਅਤੇ ਲੋਕ ਭਲਾਈ ਖਰਚਾ ਵਿੱਚ ਕਟੌਤੀਆਂ ਰਾਹੀਂ ਟਰੱਸ ਸਰਕਾਰ ਨੂੰ ਆਪਣੇ ਹੀ ਫੈਸਲੇ ਵਾਪਸ ਲੈਣੇ ਪਏ, ਜਿਸ ਨਾਲ 44 ਦਿਨਾਂ ਵਿੱਚ ਸਰਕਾਰ ਦਾ ਪਤਨ ਹੋ ਗਿਆ। ਇਸੇ ਤਰ੍ਹਾਂ, ਮਾਲੀਆ ਉਪਾਵਾਂ ਦੀ ਅਣਹੋਂਦ ਵਿੱਚ ਇੱਕ ਪਾਸੇ ਖਪਤ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵੱਲੋਂ ਦਿੱਤੀਆਂ ਟੈਕਸ ਛੋਟਾਂ ਤੇ ਜੀ ਐੱਸ ਟੀ ਸੁਧਾਰ ਅਤੇ ਦੂਜੇ ਪਾਸੇ ਲੋਕਾਂ ਦੇ ਖਰਚ ’ਚ ਕਟੌਤੀ ਆਰਥਿਕ ਬੇਚੈਨੀ ਨੂੰ ਜਨਮ ਦੇ ਸਕਦੀ ਹੈ।

ਜਪਾਨ ਦੇ ਮਾਮਲੇ ਵਿੱਚ, ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ (2024-25) ਦੇ ਅਧੀਨ ਵਿੱਤੀ ਸਥਿਰਤਾ ਕਾਇਮ ਰੱਖਣ ਲਈ ਕੀਤੀ ਗਈ ਜਨਤਕ ਖਰਚ ਕਟੌਤੀ ਆਖ਼ਰਕਾਰ ਰਾਜਨੀਤਿਕ ਜੋਖਮ ਵਿੱਚ ਤਬਦੀਲ ਹੋ ਗਈ। ਸਾਲ 2023 ਵਿੱਚ ਚਾਵਲ ਦੀ ਮਾੜੀ ਫ਼ਸਲ ਕਾਰਨ 2024 ਅਤੇ 2025 ਵਿੱਚ ਕੀਮਤਾਂ ਵਿੱਚ ਤੇਜ ਵਾਧੇ ਨਾਲ ਭੋਜਨ ਮਹਿੰਗਾਈ ਵਧੀ ਅਤੇ ਅਸਲ ਉਜਰਤਾ ਘੱਟ ਗਈਆਂ। ਗੰਭੀਰ ਸਥਿਤੀ ਵਿੱਚ ਵੀ, ਇਸ਼ੀਬਾ ਸਰਕਾਰ ਨੇ ਬਾਜ਼ਾਰ ਵਿੱਚ ਸੀਮਤ ਸਟਾਕ ਹੀ ਜਾਰੀ ਕੀਤਾ, ਜਿਸ ਨਾਲ ਸਰਕਾਰ ਦੀ ਕਾਫ਼ੀ ਆਲੋਚਨਾ ਹੋਈ। ਇਸ ਨਾਲ ਸਰਕਾਰ ’ਤੇ ਵੋਟਰਾਂ ਦਾ ਵਿਸ਼ਵਾਸ ਡਗਮਗਾ ਗਿਆ ਅਤੇ ਜੁਲਾਈ 2025 ਦੀਆਂ ਉੱਪਰਲੇ ਸਦਨ ਦੀਆਂ ਚੋਣਾਂ ਵਿੱਚ ਇਸ਼ੀਬਾ ਦੀ ਪਾਰਟੀ ਬਹੁਮਤ ਗੁਆ ਬੈਠੀ। ਭਾਰਤ ਲਈ ਵੀ ਇਹ ਚਿਤਾਵਨੀ ਹੈ ਕਿਉਂਕਿ ਸਾਨੂੰ ਵੀ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਨਤਕ ਖਰਚ ਕਟੌਤੀ ਅਤੇ ਰਾਜਾਂ ਦੀ ਕਮਜ਼ੋਰ ਵਿੱਤੀ ਹਾਲਤ ਕਿਸੇ ਵੀ ਸੰਕਟ ਦੀ ਸਥਿਤੀ ਵਿੱਚ (2125 ਵਿੱਚ ਮੌਨਸੂਨ ਦੀ ਘੱਟ ਬਰਸਾਤ ਜਿਸ ਬਾਰੇ ਆਸਟ੍ਰੇਲਿਆਈ ਮੌਸਮ ਏਜੰਸੀ ਦੀ ਭਵਿੱਖਬਾਣੀ ਅਤੇ ਆਰਥਿਕ ਸਰਵੇਖਣ ਵਿੱਚ ਜ਼ਿਕਰ ਗਰੀਬ ਵਰਗਾ ਲਈ ਰਾਹਤ ਦੇ ਰਾਹ ਬੰਦ ਕਰ ਸਕਦੀ ਹੈ।

ਫਰਾਂਸ ਵਿੱਚ 2017 ਤੋਂ ਸੱਤਾ ਸੰਭਾਲ ਰਹੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੀ ਸਰਕਾਰ ਦਾ ਮਾਮਲਾ ਦਰਸਾਉਂਦਾ ਹੈ ਕਿ ਕਿਵੇਂ ਵਿੱਤੀ ਸਖ਼ਤੀ ਨੇ ਦਸੰਬਰ 2021 ਵਿੱਚ ਪ੍ਰਧਾਨ ਮੰਤਰੀ ਮਿਸ਼ੇਲ ਬਾਰਨੀਅਰ ਅਤੇ ਸਤੰਬਰ 2025 ਵਿੱਚ ਪ੍ਰਧਾਨ ਮੰਤਰੀ ਵਾਸਿਆ ਬੇਰੂ ਦੀਆਂ ਸਰਕਾਰਾਂ ਨੂੰ ਢਹਿ ਢੇਰੀ ਕਰ ਦਿੱਤਾ। ਦਰਅਸਲ ਫਰਾਂਸ ਨੇ 2025 ਵਿੱਚ ਆਪਣੇ ਬਜਟ ਘਾਟੇ (5.8 ਫ਼ੀਸਦੀ) ਨੂੰ ਜੀ ਡੀ ਪੀ ਦੇ ਲਗਭਗ 5.45.5 ਫ਼ੀਸਦੀ ਤੱਕ ਘਟਾਉਣ ਖਾਤਿਰ, ਸਮਾਜਿਕ ਖਰਚਿਆਂ (ਪੈਨਸ਼ਨ ਸੁਧਾਰਾ ਸਮੇਤ) ਨੂੰ ਘਟਾ ਕੇ ਅਤੇ ਕਾਰੋਬਾਰਾਂ ਨੂੰ ਟੈਕਸ ਰਾਹਤ ਦੇਣ ਦੀ ਪੇਸ਼ਕਸ਼ ਕੀਤੀ। ਪਰ ਕਮਜ਼ੋਰ ਵਿਕਾਸ ਦਰ (0.7-1 ਫ਼ੀਸਦੀ), ਉੱਚੀ ਮਹਿੰਗਾਈ ਦਰ (4 ਫ਼ੀਸਦੀ) ਅਤੇ ਸਰਕਾਰ ਦੇ ਵੱਧ ਕਰਜ਼ਿਆਂ (ਜੀ ਡੀ ਪੀ ਦਾ 117 ਫ਼ੀਸਦੀ) ਨੇ ਆਮ ਜਨਤਾ ਦੀ ਰਹਿਣ-ਸਹਿਣ ਦੀ ਲਾਗਤ ਵਧਾ ਦਿੱਤੀ ਜਿਸ ਕਾਰਨ ਉੱਥੇ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਏ ਅਤੇ ਨਤੀਜੇ ਵੱਜੋਂ ਦੋ ਪ੍ਰਧਾਨ ਮੰਤਰੀਆਂ ਨੂੰ ਅਸਤੀਫ਼ਾ ਦੇਣਾ ਪਿਆ।

(ਬਾਕੀ ਸ.ਫ਼ਾ 27 ’ਤੇ)

## ਇਰਾਨ ਸੰਕਟ ਬਾਰੇ ਜਾਣਕਾਰੀ




ਪਾਠਕਾਂ ਦਾ ਨਜ਼ਰੀਆ

ਅੰਮ੍ਰਿਤਸਰ ਟਾਈਮਜ਼ ਦੇ 28 ਜਨਵਰੀ ਦੇ ਅੰਕ ਵਿੱਚ ਸਫ਼ਾ 3 ’ਤੇ ਪ੍ਰਕਾਸ਼ਿਤ ਹੋਏ ਜਗਮੋਹਨ ਸਿੰਘ ‘ਲੱਕੀ’ ਦੇ ਲੇਖ ‘ਕਿਉਂ ਸੁਲਗ ਰਿਹੈ ਇਰਾਨ’ ਵਿੱਚ ਇਰਾਨ ਸੰਕਟ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਰਾਨ ਵਿੱਚ ਪਾਰਸੀਆਂ (ਪੰਜਾਬ ਦੇ ਜੱਟਾਂ ਦੇ ਵੱਡੇ ਵਡੇਰੇ) ਨੇ ਭਾਰੀ ਜ਼ੁਲਮ ਸਹਿਣ ਕੀਤੇ ਹਨ। ਆਖ਼ਰ ਪਾਰਸੀਆਂ ਦਾ ਇਰਾਨ ਵਿੱਚੋਂ ਪੂਰੀ ਤਰ੍ਹਾਂ ਸਫ਼ਾਇਆ ਹੋ ਗਿਆ। ਹੁਣ ਇਰਾਨ ਵਿੱਚ ਕੱਟੜਪੰਥੀ ਮੁਸਲਿਮ ਸਮਰਾਜ ਹੈ। ਹਰ ਕਾਨੂੰਨ ਇਸਲਾਮੀ ਹੈ ਪਰ ਦਿਲਚਸਪ ਗੱਲ ਹੈ ਕਿ ਕੱਟੜਪੰਥੀਆਂ ਨੇ ਇਰਾਨ ਵਿੱਚ ਚੰਦ ਅਧਾਰਿਤ ਇਸਲਾਮੀ ਹਿਜਰੀ ਕੈਲੰਡਰ ਲਾਗੂ ਨਹੀਂ ਕੀਤਾ,ਸਗੋਂ ਪਾਰਸੀਆਂ ਦੁਆਰਾ ਬਣਾਇਆ ਸੂਰਜ ਅਧਾਰਿਤ ਕੈਲੰਡਰ ਹੀ ਓਥੇ ਲਾਗੂ ਹੈ। ਇਸ ਨਾਲੋਂ ਵੀ ਦਿਲਚਸਪ ਗੱਲ ਇਹ ਹੈ ਕਿ ਜਦੋਂ ਪਾਰਸੀਆਂ ਵਿੱਚ ਸੂਰਜ ਅਧਾਰਿਤ ਕੈਲੰਡਰ ਪੇਸ਼ ਕੀਤਾ ਗਿਆ ਸੀ ਤਾਂ ਪਾਰਸੀਆਂ ਵਿੱਚ ਸਿੱਖਾਂ ਵਾਂਗ ਹੀ (ਸਗੋਂ ਸਿੱਖਾਂ ਤੋਂ ਵੀ ਡੂੰਘੀ ਖਾਈ ਵਾਲੇ) ਦੋ ਧੜੇ ਬਣ ਗਏ ਸਨ, ਇੱਕ ਪੁਰਾਣੇ ਕੈਲੰਡਰ ਨੂੰ ਮੰਨਣ ਵਾਲੇ ਅਤੇ ਦੂਜੇ ਨਵੇਂ ਨੂੰ। ਹੁਣ ਪਾਰਸੀਆਂ ਦੇ ਵੈਰੀ, ਕੱਟੜ ਮੁਸਲਮਾਨ ਵੀ ਉਹਨਾਂ ਦੇ ਨਵੇਂ ਕੈਲੰਡਰ ਨੂੰ ਮੰਨਦੇ ਹਨ।

**-ਇਕਬਾਲ ਸਿੰਘ**

# ਦੋ ਵਿਸ਼ਵ ਸ਼ਕਤੀਆਂ ਦੇ ਮੁਕਾਬਲੇ ’ਚ ਭਾਰਤ ਦੀ ਸਥਿਤੀ

**ਰਾਜ ਸ਼ੁਕਲਾ**
ਲੇਖਕ ਸੇਵਾ ਮੁਕਤ ਲੈਫਟੀਨੈਂਟ ਜਨਰਲ ਹੈ

ਸਾਬਕਾ ਅਮਰੀਕੀ ਰਾਸ਼ਟਰਪਤੀ ਜੇਮਜ਼ ਮੁਨਰੋ ਦਾ ‘ਮੁਨਰੋ ਸਿਧਾਂਤ’ ਬਹੁਤ ਚਰਚਿਤ ਰਿਹਾ ਹੈ। ਇਸ ਦੇ ਮੂਲ ’ਚ ਉੱਤਰੀ ਅਤੇ ਦੱਖਣੀ ਅਮਰੀਕਾ ਵਿਚ ਯੂਰਪੀ ਸ਼ਕਤੀਆਂ ਦੇ ਵਿਰੋਧ ਅਤੇ ਅਮਰੀਕੀ ਅਜਾਰੇਦਾਰੀ ਨੂੰ ਸਥਾਪਤ ਕਰਨਾ ਸੀ। ਮੁਨਰੋ ਸਿਧਾਂਤ ਦੇ ਨਵੇਂ ਸਰੂਪ ਵਿੱਚ ਡੋਨਾਲਡ ਟਰੰਪ ਦਾ ‘ਡੋਨਰੋ ਸਿਧਾਂਤ’ ਵੀ ਸੁਰਖ਼ੀਆਂ ਵਿੱਚ ਹੈ। ਇਸ ਦਾ ਤਤਕਾਲੀ ਟੀਚਾ ਤਾਂ ਪੱਛਮੀ ਗੋਲਾਰਧ ਦੱਸਿਆ ਜਾ ਰਿਹਾ ਹੈ ਪਰ ਇਸ ਦਾ ਦੂਰਗਾਮੀ ਟੀਚਾ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਅਮਰੀਕੀ ਹਿੱਤਾਂ ਨੂੰ ਸੇਧਣਾ ਹੈ।

ਇਹੀ ਟਰੰਪ ਦੇ ਰਾਜਨੀਤਕ ਸਮਰਥਕ ‘ਮਾਗਾ’ ਦਾ ਵੀ ਏਜੰਡਾ ਹੈ। ਡੋਨਰੋ ਸਿਧਾਂਤ ਇੱਕ ਤਰ੍ਹਾਂ ਨਾਲ ਅਮਰੀਕਾ ਅਤੇ ਦੂਜੇ ਪਾਸੇ ਚੀਨ-ਰੂਸ ਵਿਚਕਾਰ ਠੰਡੀ ਜੰਗ ਦੇ ਨਵੇਂ ਦੌਰ ਦਾ ਸੰਕੇਤ ਹੈ। ਅਮਰੀਕਾ, ਰੂਸ ਤੇ ਚੀਨ ਇਸ ਕੋਸ਼ਿਸ਼ ਵਿੱਚ ਹਨ ਕਿ ਉਨ੍ਹਾਂ ਦੇ ਰੱਖਿਆ ਤੇ ਕਾਰੋਬਾਰੀ ਹਿੱਤ ਸੁਰੱਖਿਅਤ ਰਹਿਣ। ਇਸ ਕਾਰਨ ਉਹ ਹੋਰ ਮੁਲਕਾਂ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰ ਰਹੇ ਹਨ।

ਇਨ੍ਹਾਂ ਤਿੰਨਾਂ ਮੁਲਕਾਂ ਵਿਚਾਲੇ ਚੱਲ ਰਹੀ ਖਿੱਚੋਤਾਣ ਨੇ ਦੁਨੀਆ ਦੀਆਂ ਮੁਸੀਬਤਾਂ ਵਿਚ ਚੋਖਾ ਵਾਧਾ ਕਰ ਦਿੱਤਾ ਹੈ। ਫ਼ਿਲਹਾਲ ਅਮਰੀਕੀ ਖੇਮਾ ਪੱਛਮੀ ਗੋਲਾਰਧ ਵਿੱਚ ਸਰੋਤਾਂ ਦੀ ਪਹੁੰਚ ਅਤੇ ਆਰਕਟਿਕ ਖੇਤਰ ਵਿਚ ਰੱਖਿਆ ਮੋਰਚੇਬੰਦੀ ਨੂੰ ਮਜ਼ਬੂਤ ਕਰਨ ਦੀ ਗੱਲ ਕਹਿ ਰਿਹਾ ਹੈ ਪਰ ਅਖ਼ੀਰ ਇਸ ਦਾ ਟੀਚਾ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਆਪਣੀ ਸ਼ਕਤੀ ਦੇ ਦਮ ’ਤੇ ਚੀਨ ਦੀ ਚੜ੍ਹਤ ਨੂੰ ਰੋਕਣਾ ਹੈ। ਇਹ ਸਿਧਾਂਤ ਨਵੇਂ ਸ਼ਕਤੀ ਸੰਤੁਲਨ ’ਤੇ ਕੇਂਦ੍ਰਿਤ ਦਿਖਾਈ ਦਿੰਦਾ ਹੈ।

ਟਰੰਪ ਪੱਛਮੀ ਦੁਨੀਆ ਦਾ ਆਗੂ ਬਣਨ ਨਾਲੋਂ ਵੱਧ ਪੱਛਮੀ ਗੋਲਾਰਧ ਵਿੱਚ ਚੜ੍ਹਤ ਕਾਇਮ ਕਰਨ ਦੇ ਇੱਛਕ ਦਿਖਾਈ ਦਿੰਦੇ ਹਨ। ਉਨ੍ਹਾਂ ਦਾ ਨਜ਼ਰੀਆ ਸਾਫ਼ ਹੈ ਕਿ ਪੱਛਮੀ ਗੋਲਾਰਧ ਪੂਰੀ ਤਰ੍ਹਾਂ ਅਮਰੀਕੀ ਨਿਯੰਤਰਣ ਵਿੱਚ ਹੋਵੇ ਅਤੇ ਚੀਨ, ਰੂਸ ਅਤੇ ਇਰਾਨ ਵਰਗੇ ਦੇਸ਼ ਇਸ ਨੂੰ ਚੰਗੀ ਤਰ੍ਹਾਂ ਸਮਝ ਲੈਣ। ਟਰਾਂਸ-ਐਟਲਾਂਟਿਕ ਵਿਵਸਥਾ ਨੂੰ ਵੀ ਨਵੇਂ ਹਾਲਾਤ ਮੁਤਾਬਕ ਨਵੇਂ ਸਿਰੇ ਤੋਂ ਢਾਲਿਆ ਜਾ ਰਿਹਾ ਹੈ। ਗ੍ਰੀਨਲੈਂਡ ਦਾ ਮੁੱਦਾ ਤਣਾਅ ਦੇ ਕੇਂਦਰ ਵਿੱਚ ਬਣਿਆ ਹੀ ਹੋਇਆ ਹੈ। ਇਸ ’ਤੇ ਟਰੰਪ ਕਿਸੇ ਵੀ ਤਰ੍ਹਾਂ ਦੀ ਢਿੱਲ ਦੇਣ ਨੂੰ ਤਿਆਰ ਨਹੀਂ ਹਨ।

ਭਾਵੇਂ ਹੀ ਇਸ ਨਾਲ ਡੈਨਮਾਰਕ ਵਰਗਾ ਭਰੋਸੇਯੋਗ ਸਹਿਯੋਗੀ ਖੁੱਸ ਜਾਵੇ ਜਾਂ ਨਾਟੋ ਦੀ ਹੋਂਦ ’ਤੇ ਹੀ ਖ਼ਤਰਾ ਖੜ੍ਹਾ ਹੋ ਜਾਵੇ। ਉਹ ਚੀਨ ਅਤੇ ਰੂਸ ਦਾ ਡਰ ਦਿਖਾ ਕੇ ਉਸ ’ਤੇ ਕਬਜ਼ਾ ਕਰਨ ਲਈ ਤਤਪਰ ਹਨ। ਉਹ ਆਪਣੇ ਖ਼ੁਸ਼ਹਾਲ ਯੂਰਪੀ ਸਹਿਯੋਗੀਆਂ ਤੋਂ ਵੀ ਆਰਥਿਕ ਅਤੇ ਰੱਖਿਆ ਦੇ ਮੋਰਚੇ ’ਤੇ ਵੱਧ ਅੰਸ਼ਦਾਨ ਲੈਣ ਲਈ ਅੜੇ ਹੋਏ ਹਨ।

ਪੱਛਮੀ ਏਸ਼ੀਆ ਵਿੱਚ ਸੰਭਾਵੀ ਅਮਰੀਕੀ ਵਿਰੋਧ ਦੀ ਧੁਰੀ ਨੂੰ ਖੁੰਢੀ ਕਰਨ ਤੋਂ ਬਾਅਦ ਟਰੰਪ ਅਬਰਾਹਮ ਸਮਝੌਤੇ ਦੇ ਅਜਿਹੇ ਸਹਿਯੋਗੀਆਂ ਨੂੰ ਸੇਧਣ ਵਿਚ ਰੁੱਝ ਜਾਣਗੇ ਜੋ ਆਪਣੇ ਤੇਲ ਦਾ ਮੋਹ ਛੱਡਦੇ ਹੋਏ ਖ਼ੁਦ ਨੂੰ ਇਸਲਾਮਿਕ ਕੱਟੜਵਾਦ ਤੋਂ ਦੂਰ ਰੱਖ ਕੇ ਏਆਈ, ਡਾਟਾ ਕੇਂਦਰਾਂ, ਨਵਿਆਉਣਯੋਗ ਊਰਜਾ ਅਤੇ ਰੀਅਲ ਅਸਟੇਟ ਵਰਗੇ ਪਹਿਲੂਆਂ ਨੂੰ



ਲੈ ਕੇ ਉਨ੍ਹਾਂ ਦੀ ਮਨਸ਼ਾ ਮੁਤਾਬਕ ਅੱਗੇ ਵਧਣ।

ਦੂਜੇ ਖੇਮੇ ਦੀ ਗੱਲ ਕਰੀਏ ਤਾਂ ਚੀਨ-ਰੂਸ ਦਾ ਮਕਸਦ ਚੀਨੀ ਆਰਥਿਕ ਅਤੇ ਤਕਨੀਕੀ ਸਮਰੱਥਾਵਾਂ ਅਤੇ ਰੂਸੀ ਫ਼ੌਜੀ ਕਾਬਲੀਅਤਾਂ ਦੀ ਜੁਗਲਬੰਦੀ ਨਾਲ ਅਮਰੀਕੀ ਸ਼ਕਤੀ ਨੂੰ ਚੁਣੌਤੀ ਦੇਣਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਰਥਿਕ ਅਤੇ ਤਕਨੀਕੀ ਮੋਰਚੇ ’ਤੇ ਚੀਨ ਦਾ ਜ਼ਬਰਦਸਤ ਉਭਾਰ ਹੋਇਆ ਹੈ।

ਇਸ ਨੇ ਉਸ ਨੂੰ ਫ਼ੈਸਲਾਕੁੰਨ ਚੜ੍ਹਤ ਦਿਵਾਈ ਹੈ। ਪਿਛਲੇ ਦਿਨਾਂ ਵਿੱਚ ਇਸ ਦੀ ਮਿਸਾਲ ਉਦੋਂ ਵੇਖਣ ਨੂੰ ਮਿਲੀ ਜਦੋਂ ਟਰੰਪ ਟੈਰਿਫ਼ ਦੇ ਜਵਾਬ ਵਿੱਚ ਚੀਨ ਨੇ ਰੇਅਰ ਅਰਥ ਦੇ ਮੁੱਦੇ ’ਤੇ ਅਮਰੀਕਾ ਨੂੰ ਝੁਕਾਉਂਦਿਆਂ ਉਸ ਨੂੰ ਆਪਣਾ ਰੁਖ਼ ਬਦਲਣ ਲਈ ਮਜਬੂਰ ਕੀਤਾ। ਅਮਰੀਕੀ ਵਿਦਵਾਨ ਅਤੇ ਚੀਨ ਮਾਮਲਿਆਂ ਦੇ ਮਾਹਿਰ ਰਸ਼ ਡੋਸ਼ੀ ਦਾ ਇਕ ਹਾਲੀਆ ਮੁਲਾਂਕਣ ਦੋਵਾਂ ਦੇਸ਼ਾਂ ਵਿਚਕਾਰ ਵਧ ਰਹੇ ਫ਼ਰਕ ਨੂੰ ਬਾਖ਼ੂਬੀ ਜ਼ਾਹਰ ਕਰਦਾ ਹੈ ਜਿਸ ਵਿੱਚ ਪਲੜਾ ਚੀਨ ਦੇ ਪੱਖ ’ਚ ਝੁਕਿਆ ਹੋਇਆ ਹੈ।

ਇਸ ਨੂੰ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਅਮਰੀਕਾ ਦੀ ਤੁਲਨਾ ਵਿੱਚ ਚੀਨ ਦੀ ਸਟੀਲ ਉਤਪਾਦਨ ਸਮਰੱਥਾ 13 ਗੁਣਾ, ਸੀਮੈਂਟ ਉਤਪਾਦਨ 20 ਗੁਣਾ ਤੇ ਜਹਾਜ਼ ਨਿਰਮਾਣ ਸਮਰੱਥਾ 200 ਗੁਣਾ ਵੱਧ ਹੈ। ਵੱਡੀ ਗੱਲ ਇਹ ਹੈ ਕਿ ਚੀਨ ਅਮਰੀਕਾ ਦੇ ਮੁਕਾਬਲੇ ਤਿੰਨ ਗੁਣਾ ਵੱਧ ਜੰਗੀ ਬੇੜੇ ਬਣਾਉਣ ਵਿੱਚ ਸਮਰੱਥ ਹੋ ਗਿਆ ਹੈ।

ਉਹ ਹੋਰ ਖੇਤਰਾਂ ਵਿੱਚ ਵੀ ਤੇਜ਼ੀ ਨਾਲ ਤਰੱਕੀ ਕਰਦਾ ਜਾ ਰਿਹਾ ਹੈ। ਇਹ ਵੱਡ ਆਕਾਰੀ ਮੈਨੂਫੈਕਚਰਰ ਦੇਸ਼-ਦੁਨੀਆ ਦੇ ਲਗਪਗ ਅੱਧੇ ਰਸਾਇਣ, ਕਰੀਬ 70 ਪ੍ਰਤੀਸ਼ਤ ਇਲੈਕਟ੍ਰਿਕ ਵਾਹਨ, ਤਿੰਨ-ਚੌਥਾਈ ਬੈਟਰੀਆਂ, 80 ਪ੍ਰਤੀਸ਼ਤ ਡ੍ਰੋਨ, 90 ਫ਼ੀਸਦ ਸੂਰਜੀ ਪੈਨਲ ਅਤੇ ਮਹੱਤਵਪੂਰਨ ਹੋ ਚੁੱਕੇ ਰੇਅਰ ਅਰਥ ਤੱਤਾਂ ਦੇ 90 ਪ੍ਰਤੀਸ਼ਤ ਤੱਕ ਦੀ ਸਪਲਾਈ ਕਰਦਾ ਹੈ। ਇਸ ਦੇ ਬਾਵਜੂਦ ਅਮਰੀਕੀ ਫ਼ੌਜੀ ਸਮਰੱਥਾਵਾਂ ਅਜੇ ਵੀ ਕਿਤੇ ਅੱਗੇ ਹਨ। ਸੀਰੀਆ ਤੋਂ ਲੈ ਕੇ ਇਰਾਨ ਅਤੇ ਹਾਲ ਹੀ ਵਿੱਚ ਵੈਨੇਜ਼ੁਏਲਾ ਵਰਗੀ ਉਦਾਹਰਨ ਇਸ ਦੇ ਸਬੂਤ ਹਨ। ਜਿਵੇਂ-ਜਿਵੇਂ ਨਵੇਂ ਠੰਡੀ ਜੰਗ ਵਿੱਚ ਮੁਕਾਬਲੇਬਾਜ਼ੀ ਅੱਗੇ ਵਧੇਗੀ, ਤਿਵੇਂ-ਤਿਵੇਂ ਸੰਘਰਸ਼ ਦੇ ਕਈ ਮੋਰਚੇ ਖੁੱਲ੍ਹਦੇ ਹੋਏ ਦਿਖਾਈ ਦੇਣਗੇ ਪਰ ਫ਼ੈਸਲਾਕੁੰਨ ਅਖਾੜਾ ਹਿੰਦ-ਪ੍ਰਸ਼ਾਂਤ ਖੇਤਰ ਹੀ ਬਣੇਗਾ। ਇਸ ਸਿਲਸਿਲੇ ਵਿੱਚ ਟਰੰਪ ਨੂੰ ਵੱਖਰੇ ਤਰ੍ਹਾਂ ਦਾ ਆਗੂ ਸਮਝਣਾ ਗ਼ਲਤ ਹੋਵੇਗਾ।

ਉਹ ਤਾਂ ਨਵੀਆਂ ਚੁਣੌਤੀਆਂ ਦੇ ਹਿਸਾਬ ਨਾਲ ਅਮਰੀਕੀ ਸ਼ਾਸਨ ਕਲਾ ਦੇ ਸ਼ਸਤਰਾਂ ਦਾ ਹੀ ਇਸਤੇਮਾਲ ਕਰ ਰਹੇ ਹਨ। ਇਸ ਵਿੱਚ ਟੈਰਿਫ਼ ਉਨ੍ਹਾਂ ਦਾ ਪਹਿਲਾ ਵਾਰ ਸੀ। ਉਨ੍ਹਾਂ ਦਾ ਦਾਅਵਾ ਹੈ ਕਿ ਅਜਿਹੇ ਹੀ ਹੋਰ ਉਪਾਵਾਂ ਜ਼ਰੀਏ ਉਨ੍ਹਾਂ ਨੇ 18 ਟ੍ਰਿਲੀਅਨ (ਲੱਖ ਕਰੋੜ) ਡਾਲਰ ਦੀ ਰਕਮ ਇਕੱਠੀ ਕੀਤੀ ਹੈ।

ਵੈਨੇਜ਼ੁਏਲਾ ’ਤੇ ਆਪਣੇ ਰੁਖ਼ ਨਾਲ ਨਾ ਸਿਰਫ਼ ਉਨ੍ਹਾਂ ਨੇ ਤੇਲ ਦੇ ਵੱਡੇ ਭੰਡਾਰ ’ਤੇ ਅਮਰੀਕੀ ਝੰਡਾ ਗੱਡ ਦਿੱਤਾ ਬਲਕਿ ਡਾਲਰ ਖ਼ਿਲਾਫ਼ ਹੋ ਰਹੀ ਮੋਰਚਾਬੰਦੀ ਦੀ ਹਵਾ ਵੀ ਕੱਢਣ ਦਾ ਯਤਨ ਕੀਤਾ। ਭਵਿੱਖ ਦੇ ਕਈ ਪਹਿਲੂਆਂ ਨੂੰ ਨਿਰਧਾਰਤ ਕਰਨ ਵਾਲੀ ਏਆਈ ਤਕਨੀਕ ਵਿੱਚ ਅਮਰੀਕਾ ਮੋਹਰੀ ਬਣਿਆ ਹੋਇਆ ਹੈ। ਇਸ ਲਈ ਭਾਵੇਂ ਹੀ ਨਵੀਂ ਮੁਕਾਬਲੇਬਾਜ਼ੀ ਵਿੱਚ ਮੁਕਾਬਲਾ ਕੁਝ ਸੰਤੁਲਿਤ ਦਿਖਾਈ ਦੇਵੇ ਪਰ ਡੋਨਰੋ ਸਿਧਾਂਤ ਬਾਜ਼ੀ ਪਲਟ ਕੇ ਅਮਰੀਕਾ ਨੂੰ ਚੜ੍ਹਤ ਦਿਵਾ ਸਕਦਾ ਹੈ। ਇਸ ਮਾਹੌਲ ਵਿੱਚ ਭਾਰਤ ਦੀ ਪ੍ਰਤੀਕਿਰਿਆ ਕਿਹੋ ਜਿਹੀ ਹੋਣੀ ਚਾਹੀਦੀ ਹੈ? ਉਸ ਨੂੰ ਕਿਹੜੇ ਰਣਨੀਤਕ ਅਤੇ ਰੱਖਿਆ ਤਾਲਮੇਲ ਕਰਨੇ ਹੋਣਗੇ?

ਜੇਕਰ ਡੋਨਰੋ ਸਿਧਾਂਤ ਦਾ ਹਕੀਕੀ ਮਕਸਦ ਏਸ਼ੀਆ ਵਿੱਚ ਚੀਨ ਦੀ ਚੜ੍ਹਤ ’ਤੇ ਰੋਕ ਲਗਾਉਣਾ ਹੈ ਤਾਂ ਇਹ ਭਾਰਤ-ਅਮਰੀਕਾ ਦੇ ਲੰਬੇ ਸਮੇਂ ਦੇ ਹਿੱਤਾਂ ਦੇ ਅਨੁਕੂਲ ਹੀ ਹੈ। ਚੀਨ ਦੇ ਤੇਵਰ ਸਾਫ਼ ਹਨ ਕਿ ਏਸ਼ਿਆਈ ਜੰਗਲ ਵਿਚ ਸਿਰਫ਼ ਇਕ ਹੀ ਸ਼ੇਰ ਹੋ ਸਕਦਾ ਹੈ।ਜੇਕਰ ਇਸ ਜੰਗਲ ਵਿੱਚ ਦੋ ਸ਼ੇਰਾਂ ਲਈ ਜਗ੍ਹਾ ਬਣਾਉਣੀ ਹੈ ਤਾਂ ਭਾਰਤ ਨੂੰ ਅੰਦਰੂਨੀ ਮੋਰਚੇ ’ਤੇ ਆਪਣੇ-ਆਪ ਨੂੰ ਮਜ਼ਬੂਤ ਬਣਾਉਂਦੇ ਹੋਏ ਚੀਨ ਖ਼ਿਲਾਫ਼ ਚਤੁਰਾਈ ਭਰਿਆ ਬਾਹਰਲਾ ਚੱਕਰਵਿਊ ਬਣਾਉਣਾ ਹੋਵੇਗਾ। ਇਹੀ ਇਕਲੌਤਾ ਰਸਤਾ ਹੈ। ਇਸ ਲੜੀ ਵਿੱਚ ਜੇਕਰ ਅਸੀਂ ਅਮਰੀਕਾ ਨਾਲ ਵਪਾਰ ਸਮਝੌਤੇ ਵਿੱਚ ਆ ਰਹੀਆਂ ਛੋਟੀਆਂ-ਮੋਟੀਆਂ ਰੁਕਾਵਟਾਂ ਨੂੰ ਪਾਰ ਕਰ ਲੈਂਦੇ ਹਾਂ, ਤਾਂ ਕੀ ਤਕਨੀਕੀ ਸਾਂਝੇਦਾਰੀਆਂ, ਸਮਰੱਥਾ ਨਿਰਮਾਣ, ਬਾਜ਼ਾਰ ਤੱਕ ਪਹੁੰਚ ਅਤੇ ਪ੍ਰਤੀਰੋਧਕ ਸਮਰੱਥਾ ਦੇ ਨਿਰਮਾਣ ਦੇ ਸਬੰਧ ਵਿੱਚ ਇਹ ਇਕ ਵੱਡਾ ਉਛਾਲ ਹੋਵੇਗਾ ?ਆਲਮੀ ਭੂ-ਰਾਜਨੀਤੀ ਦੀ ਹਾਰਡ ਪਾਵਰ ਅਤੇ ਸਖ਼ਤ ਮੁਕਾਬਲੇਬਾਜ਼ੀ ਵੱਲ ਝੁਕਾਅ ਅਤੇ ਰਾਸ਼ਟਰੀ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਿੱਚ ਤਕਨੀਕੀ ਸਮਰੱਥਾਵਾਂ ਦੇ ਵਧਦੇ ਪ੍ਰਭਾਵ ਨੂੰ ਦੇਖਦੇ ਹੋਏ ਭਾਰਤ ਨੂੰ ਇਕੱਠੇ ਦੋ ਮੋਰਚਿਆਂ ’ਤੇ ਕੰਮ ਕਰਨਾ ਹੋਵੇਗਾ। ਪਹਿਲਾ, ਚੌਥੀ ਉਦਯੋਗਿਕ ਕ੍ਰਾਂਤੀ ਦੀਆਂ ਤਕਨੀਕੀ ਸਮਰੱਥਾਵਾਂ ਜਿਵੇਂ ਏਆਈ, ਕਵਾਂਟਮ, ਰੋਬੋਟਿਕਸ, ਖ਼ੁਦਮੁਖਤਾਰ ਪ੍ਰਣਾਲੀਆਂ, ਊਰਜਾ, ਡਾਟਾ ਉਪਯੋਗ ਆਦਿ ਵਿਚ ਮੁਹਾਰਤ ਹਾਸਲ ਕਰਨ ਲਈ ਸਰਗਰਮੀ ਨਾਲ ਫ਼ੈਸਲਾਕੁੰਨ ਕਦਮ ਚੁੱਕਣੇ ਹੋਣਗੇ। ਦੂਜਾ, ਸ਼ਕਤੀ ਦੇ ਸਰੋਤਾਂ ਨੂੰ ਕਿਤੇ ਵੱਧ ਦ੍ਰਿੜਤਾ ਨਾਲ ਸੰਯੋਜਿਤ ਕਰਨਾ ਹੋਵੇਗਾ। ਇਸ ਦੇ ਲਈ ਰਾਸ਼ਟਰੀ ਸੁਰੱਖਿਆ ਮੁਹਾਂਦਰੇ ਦੇ ਜਾਰੀ ਕਾਇਆਕਲਪ ਦੀ ਰਫ਼ਤਾਰ ਕਈ ਗੁਣਾ ਤੇਜ਼ ਕਰਨੀ ਹੋਵੇਗੀ। ਇਸੇ ਨਾਲ ਦੇਸ਼ ਦੇ ਹਿੱਤਾਂ ਦੀ ਅਸਰਦਾਰ ਤਰੀਕੇ ਨਾਲ ਰੱਖਿਆ ਕੀਤੀ ਜਾ ਸਕੇਗੀ।

# ਕੈਨੇਡਾ ਵਿੱਚ ਹੁੰਦੀ ਹੈ ਸਿਆਸੀ ਦਲ-ਬਦਲੀ



**ਦਰਬਾਰਾ ਸਿੰਘ ਕਾਹਲੋਂ**
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)।

ਸੱਤਾ ਦੇ ਮੋਹ ਖ਼ਾਤਰ ਲੋਕਤੰਤਰੀ ਪ੍ਰਣਾਲੀ ਦੇ ਨਾਲ ਹੀ ਦਲ ਬਦਲੀ ਵਰਗੀ ਅੱਤ ਦੀ ਸ਼ਰਮਨਾਕ ਕੁਰੀਤੀ ਨੇ ਵੀ ਜਨਮ ਲਿਆ। ਇਸ ਤੋਂ ਵਿਸ਼ਵ ਦੇ ਅਨੇਕ ਮੁਲਕ ਪੀੜਤ ਰਹੇ ਹਨ। ਭਾਰਤ ਵਰਗੇ ਗਿਆਨ ਕੁੰਡ ਨਾਲ ਲਬਰੇਜ਼ ਦੇਸ਼ ਅੰਦਰ ਸੱਤਾ ਖ਼ਾਤਰ ਦਲ ਬਦਲੀ ਦੇ ਬਹੁਤ ਹੀ ਸ਼ਰਮਨਾਕ ਪਰ ਦਿਲਚਸਪ ਕਿੱਸੇ ਮਸ਼ਹੂਰ ਹਨ। ਅਮਰੀਕਾ ਵਰਗੇ ਲੋਕਤੰਤਰੀ ਦੇਸ਼ ਅੰਦਰ ਸੱਤਾ ਸ਼ਕਤੀ ਦਾ ਜਾਦੂ ਕਿਵੇਂ ਸਿਰ ਚੜ੍ਹ ਕੇ ਬੋਲਦਾ ਹੈ, ਇਸ ਦੀ ਮਿਸਾਲ ਹੈ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ 45ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਹਾਰ ਨੂੰ ਜਬਰਦਸਤੀ ਜਿੱਤ ਵਿੱਚ ਬਦਲਣ ਲਈ 6 ਜਨਵਰੀ 2021 ਨੂੰ ਆਪਣੇ ਹਮਾਇਤੀਆਂ ਦੀ ਭੀੜ ਨੂੰ ਅਮਰੀਕੀ ਕੈਪੀਟਲ (ਪਾਰਲੀਮੈਂਟ) ’ਤੇ ਹਮਲਾ ਕਰਨ ਲਈ ਉਕਸਾਇਆ। ਉੱਥੇ ਬੜੀ ਮੁਸ਼ਕਿਲ ਨਾਲ ਕਾਂਗਰਸਮੈਨ ਹਿੰਸਾ ਅਤੇ ਭੰਨਤੋੜ ਦੇ ਭਿਆਨਕ ਮਾਹੌਲ ਵਿੱਚ ਆਪਣੀਆਂ ਜਾਨਾਂ ਬਚਾ ਸਕੇ ਸਨ। ਪੱਛਮੀ ਦੇਸ਼ਾਂ ਫਰਾਂਸ, ਇਟਲੀ, ਹੰਗਰੀ ਅਤੇ ਪੋਲੈਂਡ ਆਦਿ ’ਚ ਸੱਤਾ ਖ਼ਾਤਰ ਦਲ ਬਦਲੀ ਦੀਆਂ ਬਹੁਤ ਘੱਟ ਮਿਸਾਲਾਂ ਮਿਲਦੀਆਂ ਹਨ। ਉੱਥੇ ਲੋਕਤੰਤਰ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਬਹੁਤ ਸਨਮਾਨ ਕੀਤਾ ਜਾਂਦਾ ਹੈ। ਅਕਸਰ ਘੱਟ ਗਿਣਤੀ ਸਰਕਾਰਾਂ ਵਧੀਆ ਸ਼ਾਸਨ ਚਲਾਉਂਦੀਆਂ ਵੇਖੀਆਂ ਜਾਂਦੀਆਂ ਹਨ। ਇੱਕ ਸੰਸਦ ਮੈਂਬਰ ਦੇ ਬਹੁਮਤ ਨਾਲ ਰਾਸ਼ਟਰੀ ਅਤੇ ਇਵੇਂ ਹੀ ਇੱਕ ਮੈਂਬਰ ਦੇ ਬਹੁਮਤ ਨਾਲ ਰਾਜ ਸਰਕਾਰਾਂ ਆਪਣਾ ਕਾਰਜਕਾਲ ਜਨਤਕ ਫ਼ਤਵੇ ਦਾ ਸਨਮਾਨ ਕਰਦੇ ਹੋਏ ਪੂਰਾ ਕਰਦੀਆਂ ਵੇਖੀਆਂ ਜਾਂਦੀਆਂ ਹਨ। ਇਹ ਵਿਧਾਨਕਾਰ, ਸਾਂਸਦ ਅਤੇ ਸਰਕਾਰਾਂ ਲੋਕਤੰਤਰ, ਜਨ ਸੇਵਾ, ਜਵਾਬਦੇਹੀ, ਪਾਰਦਰਸ਼ਿਤਾ, ਇਮਾਨਦਾਰੀ ਅਤੇ ਉੱਚ ਮਾਨਵੀ ਕਦਰਾਂ-ਕੀਮਤਾਂ ਨੂੰ ਸਮਰਪਿਤ ਹੁੰਦੀਆਂ ਹਨ। ਇਹ ਪਦਾਰਥਵਾਦ ਦੀ ਚਕਾਚੌਂਧ ਤੋਂ ਬਿਲਕੁਲ ਨਿਰਲੇਪ ਹੁੰਦੀਆਂ ਹਨ।

ਕੈਨੇਡਾ ਉੱਤਰੀ ਅਮਰੀਕਾ ਮਹਾਦੀਪ ਦਾ ਇੱਕ ਖ਼ੂਬਸੂਰਤ ਲੋਕਤੰਤਰੀ ਦੇਸ਼ ਹੈ। ਨਿਰਸੰਦੇਹ ਇੱਥੇ ਫੈਡਰਲ ਅਤੇ ਪ੍ਰਾਂਤਕ ਪੱਧਰ ’ਤੇ ਲੋਕਤੰਤਰ ਬਹੁਤ ਵਧੀਆ ਢੰਗ ਨਾਲ ਚੱਲ ਰਿਹਾ ਹੈ। ਅਕਸਰ ਫੈਡਰਲ ਅਤੇ ਪ੍ਰਾਂਤਕ ਪੱਧਰ ’ਤੇ ਬਿਨਾਂ ਦਲ ਬਦਲੀ ਦੇ ਘੱਟ ਗਿਣਤੀ ਸਰਕਾਰਾਂ ਚੱਲਦੀਆਂ ਵੇਖੀਆਂ ਜਾਂਦੀਆਂ ਹਨ ਪਰ ਕਈ ਵਾਰ ਸੱਤਾ ਭੁੱਖ ਜਾਂ ਸੱਤਾਧਾਰੀ ਪਾਰਟੀ ਨਾਲ ਜੁੜ ਕੇ ਆਪਣੇ ਸੰਸਦੀ ਜਾਂ ਵਿਧਾਨਕਾਰ ਹਲਕੇ ਦੀ ਬਿਹਤਰ ਸੇਵਾ ਲਈ ਦਲ ਬਦਲੀ ਦਾ ਕਾਲਾ ਗ੍ਰਹਿਣ ਲੱਗਣ ਦਾ ਇਤਿਹਾਸ ਬੋਲਦਾ ਹੈ। ਇਹ ਸਿਲਸਿਲਾ ਅਜੋਕੀ ਮਾਰਕ ਕਾਰਨੀ ਦੀ ਲਿਬਰਲ ਪਾਰਟੀ ਦੀ ਸਰਕਾਰ ਵਿਚ ਜਾਰੀ ਹੈ।




ਬੀਤੇ ਸਾਲ 29 ਅਪ੍ਰੈਲ ਨੂੰ ਹੋਈਆਂ ਫੈਡਰਲ ਚੋਣਾਂ ਵਿੱਚ ਲਿਬਰਲ ਪਾਰਟੀ ਨੇ 343 ਮੈਂਬਰੀ ਹਾਊਸ ਵਿੱਚ ਬਹੁਮਤ ਤੋਂ ਤਿੰਨ ਘੱਟ ਭਾਵ 169 ਸੀਟਾਂ ਪ੍ਰਾਪਤ ਕੀਤੀਆਂ, ਕੰਜ਼ਰਵੇਟਿਵ ਪਾਰਟੀ ਨੇ 144, ਐੱਨਡੀਪੀ ਨੇ ਸੱਤ, ਬਲਾਕ ਕਿਊਬਿਕ ਨੇ 22 ਤੇ ਗ੍ਰੀਨ ਪਾਰਟੀ ਨੇ ਇੱਕ ਸੀਟ ਪ੍ਰਾਪਤ ਕੀਤੀ। ਲਿਬਰਲ ਪਾਰਟੀ ਨੇ ਮਾਰਕ ਕਾਰਨੀ ਦੀ ਅਗਵਾਈ ਵਿੱਚ ਘੱਟ ਗਿਣਤੀ ਸਰਕਾਰ ਗਠਿਤ ਕੀਤੀ। ਇਸ ਸਰਕਾਰ ਨੂੰ ਆਪਣਾ ਬਜਟ 17 ਨਵੰਬਰ 20 25 ਨੂੰ 168 ਦੇ ਮੁਕਾਬਲੇ 170 ਵੋਟਾਂ ਦੇ ਫ਼ਰਕ ਨਾਲ ਪਾਸ ਕਰਾਉਣ ਵੇਲੇ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਪ੍ਰਧਾਨ ਮੰਤਰੀ ਅਤੇ ਲਿਬਰਲ ਪਾਰਟੀ ਕਾਕਸ ਨਹੀਂ ਚਾਹੁੰਦੇ ਕਿ ਦੇਸ਼ ਨੂੰ ਮੁੜ ਮੱਧਕਾਲੀ ਚੋਣਾਂ ਹਵਾਲੇ ਕੀਤਾ ਜਾਵੇ। ਇਸ ਲਈ ਅੰਦਰਖਾਤੇ ਬਹੁਮਤ ਦਲ ਬਦਲੀ ਸਹਾਰੇ ਪ੍ਰਾਪਤ ਕਰਨ ਦੀ ਲੁਕਵੀਂ ਕਵਾਇਦ ਜਾਰੀ ਹੈ। ਗੁਆਂਢੀ ਦੇਸ਼ ਅਮਰੀਕਾ ਦੇ ਸਨਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟਰੰਪ ਟੈਰਰ ਅਤੇ ਕੈਨੇਡਾ ਨੂੰ ਮੁਨਰੋ ਨੀਤੀ 1823 ਤਹਿਤ 51ਵਾਂ ਸੂਬਾ ਬਣਾਉਣ ਦੇ ਦਾਅਵੇ ਕਰ ਕੇ ਕੈਨੇਡਾ ਅੰਦਰ ਕਾਰਨੀ ਲਿਬਰਲ ਸਰਕਾਰ ਦਾ ਸਥਿਰ, ਮਜ਼ਬੂਤ ਅਤੇ ਬਹੁਮਤ ਵਿਚ ਹੋਣਾ ਜ਼ਰੂਰੀ ਸਮਝਿਆ ਜਾ ਰਿਹਾ ਹੈ।

ਚਾਰ ਨਵੰਬਰ 2025 ਨੂੰ ਨੋਵਾ ਸਕੋਸ਼ੀਆ ਤੋਂ ਕੰਜ਼ਰਵੇਟਿਵ ਸਾਂਸਦ ਡੀ ਐਂਟਰਮੋਂਟ ਦਲ ਬਦਲੀ ਕਰਦਿਆਂ ਸੱਤਾਧਾਰੀ ਲਿਬਰਲ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਕਿਹਾ ਕਿ ਉਹ ਵਿਰੋਧੀ ਧਿਰ ਵਿੱਚ ਬੈਠਣ ਨਾਲੋਂ ਸਰਕਾਰੀ ਧਿਰ ਵਿੱਚ ਬੈਠਣਾ ਪਸੰਦ ਕਰਦੇ ਹਨ। ਲਗਪਗ ਪੰਜ ਸਾਲ ਵਿਰੋਧੀ ਧਿਰ ਵਿੱਚ ਬੈਠਣ ਦੌਰਾਨ ਉਨ੍ਹਾਂ ਨੂੰ ਉਨ੍ਹਾਂ ਦੇ ਹਲਕੇ ਦੇ ਲੋਕ ਪੁੱਛਦੇ ਅਤੇ ਮੁਤਾਲਬਾ ਕਰਦੇ ਹਨ ਕਿ ਉਨ੍ਹਾਂ ਨੇ ਜਨਤਾ ਦੀ ਭਲਾਈ ਲਈ ਕੀ ਕਾਰਜ ਕੀਤੇ ਹਨ?

11 ਦਸੰਬਰ 2020 ਨੂੰ ਓਂਟਾਰੀਓ ਸੂਬੇ ਦੇ ਮਾਈਕਲ ਮਾਅ ਕੰਜ਼ਰਵੇਟਰ ਸਾਂਸਦ ਮਰਖਮ ਯੂਨੀਅਨ ਵਿਲੇ ਨੇ ਸੱਤਾਧਾਰੀ ਲਿਬਰਲ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਉਸ ਨੇ ਕਿਹਾ ਕਿ ਉਹ ਹੁਣ ਆਪਣੇ ਹਲਕੇ ਦੇ ਲੋਕਾਂ ਦੀ ਆਵਾਜ਼ ਨੂੰ ਧਿਆਨ ਨਾਲ ਸੁਣ ਸਕੇਗਾ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਿਲਾਂ ਦੂਰ ਕਰ ਸਕੇਗਾ।ਹਾਊਸ ਆਫ ਕਾਮਨਜ਼ ਵਿੱਚ ਲਿਬਰਲ ਪਾਰਟੀ ਦੇ ਆਗੂ ਸਟੀਵਨ ਮੈਕਨਾਨ ਜੋ ਮਾਰਕ ਕਾਰਨੀ ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਵੀ ਹਨ, ਨੇ ਦਾਅਵਾ ਕੀਤਾ ਕਿ ਅਜੇ ਹੋਰ ਵੀ ਕੰਜ਼ਰਵੇਟਿਵ ਸਾਂਸਦ ਦਲ ਬਦਲੀ ਕਰਨ ਲਈ ਤਿਆਰ ਬੈਠੇ ਹਨ ਕਿਉਂਕਿ ਉਹ ਕੰਜ਼ਰਵੇਟਿਵ ਪਾਰਟੀ ਆਗੂ ਪੀਅਰ ਪੋਇਲੀਵਰ ਦੀਆਂ ਨੀਤੀਆਂ ਅਤੇ ਵਿਵਹਾਰ ਤੋਂ ਨਾਰਾਜ਼ ਹਨ। ਤਵੱਕੋ ਕੀਤੀ ਜਾ ਰਹੀ ਹੈ ਕਿ ਜਦੋਂ ਮੁੜ ਹਾਊਸ ਆਫ ਕਾਮਨਜ਼ ਜੁੜੇਗਾ ਤਾਂ ਸ਼ਾਇਦ ਮਾਰਕ ਕਾਰਨੀ ਦੀ ਲਿਬਰਲ ਸਰਕਾਰ ਦਲ ਬਦਲੀ ਸਹਾਰੇ ਬਹੁਮਤ ਪ੍ਰਾਪਤ ਕਰ ਲਵੇ। ਸਿਰਫ਼ ਇੱਕ ਸਾਂਸਦ ਵੱਲੋਂ ਦਲ ਬਦਲੀ ਕਰਨ ਨਾਲ ਕੰਮ ਸਰ ਜਾਵੇਗਾ।ਕੈਨੇਡਾ ਵਿੱਚ ਬਰੈਂਪਟਨ ਵੈਸਟ ਓਂਟਾਰੀਓ ਤੋਂ ਕੰਜ਼ਰਵੇਟਿਵ ਸੰਸਦ ਅਮਰਜੀਤ ਗਿੱਲ ਨੇ ਸੋਸ਼ਲ ਮੀਡੀਆ ’ਤੇ ਇਕ ਪੋਸਟ ਸਾਂਝੀ ਕਰਦਿਆਂ ਖ਼ੁਲਾਸਾ ਕੀਤਾ ਕਿ ਕੁਝ ਲਿਬਰਲ ਪਾਰਟੀ ਦੇ ਆਗੂ ਉਨ੍ਹਾਂ ਨੂੰ ਟੋਹਣ ਦਾ ਯਤਨ ਕਰਦੇ ਰਹੇ ਕਿ ਕੀ ਉਹ ਦਲ ਬਦਲੀ ਲਈ ਰਾਜ਼ੀ ਹਨ ਪਰ ਉਨ੍ਹਾਂ ਨੇ ਸਪਸ਼ਟ ਕਿਹਾ ਕਿ ਉਹ ਆਪਣੇ ਹਲਕੇ ਦੇ ਲੋਕਾਂ ਨਾਲ ਗ਼ਦਾਰੀ ਨਹੀਂ ਕਰ ਸਕਦੇ। ਜਿਨ੍ਹਾਂ ਨੇ ਉਸ ਵਿੱਚ ਭਰੋਸਾ ਕਰਦਿਆਂ ਉਸ ਨੂੰ ਚੁਣਿਆ, ਉਹ ਉਨ੍ਹਾਂ ਤੋਂ ਮੂੰਹ ਨਹੀਂ ਫੇਰਨਗੇ। ਉਹ ਕੰਜ਼ਰਵੇਟਿਵ ਆਗੂ ਨਾਲ ਚੱਟਾਨ ਵਾਂਗ ਖੜ੍ਹੇ ਹਨ। ਇਹ ਵੀ ਇੰਕਸ਼ਾਫ ਹੋਇਆ ਹੈ ਕਿ ਸੱਤਾਧਾਰੀਆਂ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਕੰਜ਼ਰਵੇਟਿਵ ਸਾਂਸਦ ਸਕਾਟ ਐਂਡਰਸਨ ਜੋ ਵਰਨਨ ਲੇਕ ਹਲਕੇ ਦੀ ਪ੍ਰਤੀਨਿਧਤਾ ਕਰਦੇ ਹਨ, ਉੱਤੇ ਦਲ ਬਦਲੀ ਦਾ ਦਬਾਅ ਬਣਾਉਣਾ ਚਾਹਿਆ ਪਰ ਉਹ ਮੰਤਰੀ ਪਦ ਦੀ ਸ਼ਰਤ ਰੱਖ ਰਹੇ ਸਨ।

ਕੰਜ਼ਰਵੇਟਿਵ ਪਾਰਟੀ ਦੇ ਬੁਲਾਰੇ ਸਾਮ ਲਿਲੀ ਨੇ ਦਲ ਬਦਲੀ ਦੀ ਕਵਾਇਦ ਨੂੰ ਕੈਨੇਡੀਅਨ ਲੋਕਾਂ ਦੀ ਤੌਹੀਨ ਦੱਸਿਆ ਜਿਨ੍ਹਾਂ ਨੇ ਘੱਟ ਗਿਣਤੀ ਸਰਕਾਰ ਦੇ ਹੱਕ ਵਿਚ ਫ਼ਤਵਾ ਦਿੱਤਾ ਸੀ। ਬ੍ਰਿਟਿਸ਼ ਕੋਲੰਬੀਆ ਤੋਂ ਸਾਂਸਦ ਐਰੋਗਨ ਬਾਰੇ ਵੀ ਖ਼ਦਸ਼ਾ ਹੈ ਕਿ ਕਿਤੇ ਨੇੜ ਭਵਿੱਖ ਵਿੱਚ ਉਹ ਦਲ ਬਦਲੀ ਨਾ ਕਰ ਲਵੇ।ਕੈਨੇਡਾ ਅੰਦਰ 1867 ਵਿੱਚ ਲੋਕਤੰਤਰੀ ਰਾਜ ਦੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਲਗਪਗ 300 ਸੰਸਦ ਮੈਂਬਰ ਦਲ ਬਦਲੀ ਕਰ ਚੁੱਕੇ ਹਨ ਪਰ ਭਾਰਤ ਵਾਂਗ ਇੱਥੇ ਦਲ ਬਦਲੀ ਕਾਨੂੰਨ ਬਣਾਉਣ ਦੀ ਨੌਬਤ ਨਹੀਂ ਆਈ।

(**ਬਾਕੀ ਸਫ਼ਾ 27 ’ਤੇ**)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਦਹਾਕਾ: ਇਤਫ਼ਾਕ ਜਾਂ ਡੂੰਘੀ ਸਾਜ਼ਿਸ਼ ?



ਬਘੇਲ ਸਿੰਘ ਧਾਲੀਵਾਲ

1 ਜੂਨ 2015 ਤੋਂ 19 ਜਨਵਰੀ 2026 ਤੱਕ ਦਾ ਸਮਾਂ ਸਿੱਖ ਇਤਿਹਾਸ ਵਿੱਚ ਬੇਹੱਦ ਨਮੋਸ਼ੀ ਭਰੇ ਦੌਰ ਵਜੋਂ ਦਰਜ ਕੀਤਾ ਜਾਵੇਗਾ। ਇਹ ਉਹ ਦੌਰ ਹੈ, ਜਦੋਂ ਸਿੱਖ ਕੌਮ ਦੀ ਰੂਹ ਨੂੰ ਵਾਰ-ਵਾਰ ਜ਼ਖ਼ਮੀ ਕੀਤਾ ਗਿਆ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਣ-ਸ਼ਾਨ ਅਤੇ ਮਰਯਾਦਾ ’ਤੇ ਲਗਾਤਾਰ ਹਮਲੇ ਹੋਏ ਹਨ। ਪਿਛਲੇ ਦਸ ਸਾਲਾਂ ਤੋਂ ਵੱਧ ਸਮੇਂ ਦੌਰਾਨ ਬੇਅਦਬੀ ਦੇ ਮਾਮਲੇ ਦਰਜਨਾਂ ਨਹੀਂ, ਸਗੋਂ ਸੈਂਕੜਿਆਂ ਦੀ ਗਿਣਤੀ ਵਿੱਚ ਸਾਹਮਣੇ ਆਏ।

**ਇਤਫ਼ਾਕ ਜਾਂ ਸੋਚੀ-ਸਮਝੀ ਚਾਲ ?**

ਪਰਜਾ ਮੰਡਲ ਦੇ ਮਹਾਨ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਜਨਮ ਭੂਮੀ ਵਿਖੇ, ਉਸੇ ਦਿਨ ਗੁਟਕਾ ਸਾਹਿਬ ਦੇ ਅੰਗਾਂ ਨੂੰ ਗਲੀਆਂ ਵਿੱਚ ਰੋਲ਼ਿਆ ਜਾਣਾ ਜਦੋਂ ਕੌਮ ਉਹਨਾਂ ਦਾ ਸ਼ਹੀਦੀ ਦਿਹਾੜਾ ਮਨਾ ਰਹੀ ਸੀ—ਇਸ ਨੂੰ ਮਹਿਜ਼ ‘ਇਤਫ਼ਾਕ’ ਕਿਵੇਂ ਕਿਹਾ ਜਾ ਸਕਦਾ ਹੈ ? ਇਹ ਕਹਿ ਦੇਣਾ ਕਿ ਇਹ ਕਿਸੇ ‘ਮੰਦਬੁੱਧੀ’ ਦੀ ਹਰਕਤ ਸੀ ਜਾਂ ਕਿਸੇ ਪ੍ਰਬੰਧਕ ਨਾਲ ‘ਸਿਰੋਪਾ’ ਨਾ ਦੇਣ ਦਾ ਝਗੜਾ ਸੀ, ਕੋਰਾ ਝੂਠ ਅਤੇ ਸੱਚ ਨਾਲ ਧੋਖਾ ਹੈ। ਇਤਫ਼ਾਕ ਇੱਕ ਵਾਰ ਹੁੰਦਾ ਹੈ, ਪਰ ਗਿਆਰਾਂ ਸਾਲਾਂ ਤੱਕ ਲਗਾਤਾਰ ਦੁਹਰਾਇਆ ਜਾਣ ਵਾਲਾ ਵਰਤਾਰਾ ਸਪੱਸ਼ਟ ਰੂਪ ਵਿੱਚ ਇੱਕ ਸਾਜ਼ਿਸ਼ ਹੈ।

**ਨਿਸ਼ਾਨਾ ਸਿਰਫ਼ ਗੁਰੂ ਗ੍ਰੰਥ ਸਾਹਿਬ ਹੀ ਕਿਉਂ ?**

ਸਭ ਤੋਂ ਅਹਿਮ ਅਤੇ ਅਸਹਿਜ ਸਵਾਲ ਇਹ ਹੈ ਕਿ ਨਿਸ਼ਾਨਾ ਹਮੇਸ਼ਾ ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਕਿਉਂ ਹੁੰਦੇ ਹਨ ? ਜੇ ਇਹ ਸਿਰਫ਼ ਆਮ ਧਾਰਮਿਕ ਨਫ਼ਰਤ ਦਾ ਮਾਮਲਾ ਹੁੰਦਾ, ਤਾਂ ਹੋਰ ਧਰਮਾਂ ਦੇ ਪਵਿੱਤਰ ਗ੍ਰੰਥ ਵੀ ਨਿਸ਼ਾਨੇ ’ਤੇ ਹੁੰਦੇ। ਗੀਤਾ, ਬਾਈਬਲ, ਕੁਰਾਨ ਅਤੇ ਹਦੀਸ—ਇਹ ਸਾਰੇ ਹੀ ਸਤਿਕਾਰਿਤ ਗ੍ਰੰਥ ਹਨ, ਪਰ ਉਹਨਾਂ ਨਾਲ ਅਜਿਹਾ ‘ਸਿਸਟਮੈਟਿਕ’ ਸਲੂਕ ਕਿਉਂ ਨਹੀਂ ਹੁੰਦਾ ?

ਇਸ ਦਾ ਜਵਾਬ ਸਾਫ਼ ਹੈ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਇੱਕ ਧਾਰਮਿਕ ਗ੍ਰੰਥ ਨਹੀਂ ਹਨ, ਬਲਕਿ ਇਹ ਬਿਪਰਵਾਦੀ ਢਾਂਚੇ ਲਈ ਇੱਕ ਵੱਡੀ ਚੁਣੌਤੀ ਹਨ। ਇਹ ਮਨੁੱਖ ਨੂੰ ਸਿਰ ਝੁਕਾਉਣਾ ਨਹੀਂ, ਸਗੋਂ ਸਿਰ ਉੱਚਾ ਕਰਕੇ ਜਿਊਣਾ ਸਿਖਾਉਂਦੇ ਹਨ। ਇਹ ਜਾਤੀਵਾਦ ਨੂੰ ਮਨੁੱਖੀ ਝੂਠ ਅਤੇ ਵਰਣ-ਵੰਡ ਨੂੰ ਇੱਕ ਵੱਡੀ ਠੱਗੀ ਕਰਾਰ ਦਿੰਦੇ ਹਨ।

ਇਹ ਰਾਜੇ ਨੂੰ ਪਰਜਾ ਪ੍ਰਤੀ ਜਵਾਬਦੇਹ ਬਣਾਉਂਦੇ ਹਨ ਅਤੇ ਧਰਮ ਦਾ ਮਤਲਬ ‘ਇਨਸਾਫ਼’ ਦੱਸਦੇ ਹਨ, ਨਾ ਕਿ ‘ਡਰ’।

ਇਹੀ ਕਾਰਨ ਹੈ ਕਿ ਇਹ ਪਵਿੱਤਰ ਗ੍ਰੰਥ ਹਰ ਉਸ ਤਾਕਤ ਨੂੰ ਚੁਭਦਾ ਹੈ ਜੋ ਲੋਕਾਂ ਨੂੰ ਅੰਧ-ਵਿਸ਼ਵਾਸ ਅਤੇ ਜਾਤੀ ਵੰਡ ਰਾਹੀਂ ਕਾਬੂ ਕਰਨਾ ਚਾਹੁੰਦੀ ਹੈ।



**‘ਮੰਦਬੁੱਧੀ’ ਵਾਲਾ ਸੁਵਿਧਾਜਨਕ ਨਾਟਕ**

ਸਿੱਖ ਕੌਮ ਦੀ ਗੈਰਤ ਅਤੇ ਸਿਧਾਂਤਕ ਜਜ਼ਬੇ ਨੂੰ ਪਰਖਣ ਲਈ ‘ਮੰਦਬੁੱਧੀ’ ਦਾ ਲੇਬਲ ਇੱਕ ਅਜਿਹਾ ਨਾਟਕ ਹੈ, ਜਿਸ ਦੀ ਕੋਈ ਕਾਨੂੰਨੀ ਤੋੜ ਨਹੀਂ ਲੱਭੀ ਜਾ ਰਹੀ। ਹਰ ਬੇਅਦਬੀ ਮਗਰੋਂ ਇੱਕੋ ਸਕ੍ਰਿਪਟ ਚੱਲਦੀ ਹੈ ਕਿ ‘ਦੋਸ਼ੀ ਮਾਨਸਿਕ ਤੌਰ ’ਤੇ ਬਿਮਾਰ ਹੈ।’ ਪਰ ਸਵਾਲ ਇਹ ਹੈ ਕਿ ਉਹ ਮੰਦਬੁੱਧੀ ਵਿਅਕਤੀ ਸਿਰਫ਼ ਗੁਰੂ ਘਰ ਵਿੱਚ ਹੀ ਕਿਵੇਂ ਪਹੁੰਚਦਾ ਹੈ ? ਉਹ ਕਿਸੇ ਹੋਰ ਧਾਰਮਿਕ ਸਥਾਨ ਵੱਲ ਕਿਉਂ ਨਹੀਂ ਜਾਂਦਾ ? ਸਾਡੀਆਂ ਸੁਰੱਖਿਆਵਾਂ ਅਤੇ ਜਾਂਚਾਂ ਹਰ ਵਾਰ ਅਧੂਰੀਆਂ ਕਿਉਂ ਰਹਿ ਜਾਂਦੀਆਂ ਹਨ ? ਅਸਲ ਵਿੱਚ, ਇਹ ਮੰਦਬੁੱਧੀ ਲੋਕ ਸਿਰਫ਼ ਹਥਿਆਰ ਹੁੰਦੇ ਹਨ, ਹਥਿਆਰ ਚਲਾਉਣ ਵਾਲੇ ਸਾਜ਼ਿਸ਼ਕਰਤਾ ਹਮੇਸ਼ਾ ਪਰਦੇ ਪਿੱਛੇ ਰਹਿੰਦੇ ਹਨ।

**ਸੱਤਾ ਦਾ ਮੌਨ ਅਤੇ ਵਿਚਾਰਧਾਰਕ ਯੁੱਧ**

ਦਸ ਸਾਲਾਂ ਵਿੱਚ ਵੱਖ-ਵੱਖ ਸਰਕਾਰਾਂ ਰਹੀਆਂ, ਪਰ ਨਤੀਜਾ ‘ਸਿਫ਼ਰ’ ਰਿਹਾ। ਜਾਂਚ ਕਮੇਟੀਆਂ ਅਤੇ ਫ਼ਾਈਲਾਂ ਦੇ ਢੇਰ ਤਾਂ ਲੱਗੇ, ਪਰ ਅਸਲ ਸਾਜ਼ਿਸ਼ਕਾਰ ਅੱਜ ਵੀ ਆਜ਼ਾਦ ਹਨ। ਸੱਤਾ ਦਾ ਮੌਨ ਰਹਿਣਾ ਆਪਣੇ ਆਪ ਵਿੱਚ ਇੱਕ ਵੱਡਾ ਬਿਆਨ ਹੈ। ਇਹ ਸਿਰਫ਼ ਪ੍ਰਸ਼ਾਸਨਿਕ ਨਾਕਾਮੀ ਨਹੀਂ, ਸਗੋਂ ਸਿੱਖ ਵਿਚਾਰਧਾਰਾ ਪ੍ਰਤੀ ਈਰਖਾ ਦਾ ਪ੍ਰਗਟਾਵਾ ਵੀ ਹੋ ਸਕਦਾ ਹੈ। ਬਿਪਰਵਾਦੀ ਤਾਕਤਾਂ ਸਿੱਖੀ ਦੀ ‘ਨਾਬਰੀ’ ਅਤੇ ‘ਬਰਾਬਰੀ’ ਦੇ ਸਿਧਾਂਤ ਤੋਂ ਭੈਭੀਤ ਹਨ। ਉਹ ਗੁਰੂ ਸਾਹਿਬ ਦੇ ਸਰੂਪ ਨੂੰ ਅਪਮਾਨਿਤ ਕਰਕੇ ਸਿੱਖ ਮਨਾਂ ਵਿੱਚ ਡਰ ਪੈਦਾ ਕਰਨਾ ਚਾਹੁੰਦੀਆਂ ਹਨ।

**ਸਿੱਖ ਕੌਮ ਲਈ ਸਵਾਲ**

ਹੁਣ ਸਿੱਖ ਕੌਮ ਨੂੰ ਸਿਰਫ਼ ‘ਗੁੱਸੇ’ ਤੋਂ ਅੱਗੇ ਵਧ ਕੇ ਸੋਚਣਾ ਪਵੇਗਾ। ਜੇ ਅਸੀਂ ਹਰ ਵਾਰ ਭੜਕ ਕੇ ਫਿਰ ਠੰਡੇ ਹੋ ਕੇ ਭੁੱਲ ਜਾਂਦੇ ਹਾਂ, ਤਾਂ ਇਹ ਸਾਜ਼ਿਸ਼ਕਾਰਾਂ ਦੀ ਜਿੱਤ ਹੈ। ਬੇਅਦਬੀ ਨੂੰ ਸਿਰਫ਼ ਇੱਕ ਧਾਰਮਿਕ ਮਸਲਾ ਨਹੀਂ, ਸਗੋਂ ਇੱਕ ਵਿਚਾਰਧਾਰਕ ਯੁੱਧ ਸਮਝਣ ਦੀ ਲੋੜ ਹੈ। ਨਿਸ਼ਾਨਾ ਸਿਰਫ਼ ਗੁਰੂ ਸਾਹਿਬ ਦੀ ‘ਦੇਹ’ (ਸਰੂਪ) ਨਹੀਂ, ਸਗੋਂ ਉਹਨਾਂ ਦੀ ‘ਰੂਹ’ ਅਤੇ ‘ਵਿਚਾਰਧਾਰਾ’ ਹੈ।

ਸਿੱਟਾ: ਜਦੋਂ ਤੱਕ ਅਸੀਂ ਇਸ ਡੂੰਘੀ ਸਾਜ਼ਿਸ਼ ਨੂੰ ਨਹੀਂ ਸਮਝਦੇ, ਇਹ ਵਰਤਾਰਾ ਨਹੀਂ ਰੁਕੇਗਾ। ਇਸ ਨੂੰ ਨਾਕਾਮ ਕਰਨ ਲਈ ਸਿਰਫ਼ ਗੁੱਸਾ ਕਾਫ਼ੀ ਨਹੀਂ, ਬਲਕਿ ਆਪਸੀ ਏਕਤਾ, ਸਿਧਾਂਤਕ ਪਕੜ ਅਤੇ ਦੁਸ਼ਮਣ ਦੀਆਂ ਚਾਲਾਂ ਨੂੰ ਸਮਝਣ ਦੀ ਸੂਝ-ਬੂਝ ਬਹੁਤ ਜ਼ਰੂਰੀ ਹੈ।

# ਲਾਟ ਸਾਹਿਬ ਦੀ ਭੂਮਿਕਾ ’ਤੇ ਉੱਠਦੇ ਸਵਾਲ



ਗੁਰਮੀਤ ਸਿੰਘ ਪਲਾਹੀ

ਦੇਸ਼ ਵਿੱਚ ਸੂਬਿਆਂ ਦੇ ਰਾਜਪਾਲਾਂ (ਗਵਰਨਰਾਂ) ਦੀ ਭੂਮਿਕਾ ਇੱਕ ਵਾਰ ਫਿਰ ਚਰਚਾ ਵਿੱਚ ਹੈ। ਕੇਵਲ ਕੁਝ ਦਿਨਾਂ ਵਿੱਚ ਹੀ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਿੱਚ ਸੂਬਾ ਸਰਕਾਰਾਂ ਅਤੇ ਰਾਜਪਾਲਾਂ ਵਿੱਚ ਵਿਵਾਦ ਖੜ੍ਹਾ ਹੋ ਗਿਆ। ਸਵਾਲ ਪੈਦਾ ਹੁੰਦਾ ਹੈ ਕਿ ਵਿਰੋਧੀ ਧਿਰ ਵਾਲੀਆਂ ਸਰਕਾਰਾਂ ਦੇ ‘ਲਾਟ ਸਾਹਿਬ’ ਹੀ ਇੰਨੇ ਉਤੇਜਿਤ ਕਿਉਂ ਹਨ ? ਦੱਖਣੀ ਸੂਬੇ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਤਿੰਨੇ ਇਹੋ ਜਿਹੇ ਸੂਬੇ ਹਨ, ਜਿੱਥੇ ਭਾਜਪਾ ਵਿਰੋਧੀ ਸਰਕਾਰਾਂ ਹਨ ਅਤੇ ਮੌਜੂਦਾ ਭਾਜਪਾ ਸਰਕਾਰ ਆਪਣੇ ਲਾਟ ਸਾਹਿਬਾਂ ਰਾਹੀਂ ਇੱਥੇ ਆਪਣੀਆਂ ਚੰਮ ਦੀਆਂ ਚਲਾਉਣਾ ਚਾਹੁੰਦੀ ਹੈ ਅਤੇ ਰਾਜ ਸਰਕਾਰਾਂ ਦੇ ਕੰਮਾਂ ’ਚ ਨਿੱਤ ਰੁਕਾਵਟਾਂ ਪਾਉਂਦੀ ਹੈ ?

ਤਾਜ਼ਾ ਵਿਵਾਦ ਕਰਨਾਟਕ ਦੇ ਰਾਜਪਾਲ ਥਾਬਰ ਚੰਦ ਗਹਿਲੋਤ ਨਾਲ਼ ਜੁੜਿਆ ਹੈ, ਜਿਹਨਾਂ 22 ਜਨਵਰੀ 2026 ਨੂੰ ਰਾਜ ਵਿਧਾਨ ਸਭਾ ਨੂੰ ਸੰਬੋਧਿਤ ਕੀਤਾ ਅਤੇ ਰਾਜ ਸਰਕਾਰ ਦਾ ਦਿੱਤਾ ਭਾਸ਼ਣ ਪੂਰਾ ਨਹੀਂ ਪੜ੍ਹਿਆ। ਤਾਮਿਲਨਾਡੂ ਦੇ ਰਾਜਪਾਲ ਆਰ. ਐੱਨ.ਰਵੀ ਵਿਧਾਨ ਸਭਾ ਵਿੱਚ ਆਪਣਾ ਉਦਘਾਟਨੀ ਭਾਸ਼ਣ ਦੇਣ ਤੋਂ ਪਹਿਲਾਂ ਹੀ ਸਦਨ ਵਿੱਚੋਂ ਬਾਹਰ ਚਲੇ ਗਏ। ਉਹਨਾਂ ਨੇ ਰਾਸ਼ਟਰਗਾਣ ਪ੍ਰਤੀ ਅਨਾਦਰ ਭਾਵਨਾ ਪ੍ਰਤੀ ਨਿਰਾਸ਼ਾ ਦਰਸਾਈ। ਕੇਰਲ ਵਿੱਚ ਉਸ ਵੇਲੇ ਵਿਵਾਦ ਪੈਦਾ ਹੋ ਗਿਆ, ਜਦੋਂ ਮੁੱਖ ਮੰਤਰੀ ਪਿਨਾਰਾਈ ਵਿਜੈਅਨ ਨੇ ਵਿਧਾਨ ਸਭਾ ਵਿੱਚ ਰਾਜਪਾਲ ਰਜੇਂਦਰ ਵਿਸ਼ਵਨਾਥ ਅਰਲੇਕਰ ਦਾ ਭਾਸ਼ਣ ਖ਼ਤਮ ਹੋਣ ਤੋਂ ਤੁਰੰਤ ਬਾਅਦ ਦੋਸ਼ ਲਗਾਇਆ ਕਿ ਉਹਨਾਂ ਨੇ ਰਾਜ ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੇ ਨੀਤੀਗਤ ਭਾਸ਼ਣ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹਿਆ।

ਇਸ ਤੋਂ ਪਹਿਲਾਂ ਮਹਾਰਾਸ਼ਟਰ (ਜਦੋਂ ਇੱਥੇ ਵਿਰੋਧੀ ਧਿਰ ਦਾ ਰਾਜ ਸੀ), ਪੱਛਮੀ ਬੰਗਾਲ, ਪੰਜਾਬ ਅਤੇ ਦਿੱਲੀ ਜਿਹੇ ਸੂਬਿਆਂ ਦੇ ਰਾਜਪਾਲਾਂ ਦੇ ਵੱਲੋਂ ਨਿਭਾਈ ਜਾ ਰਹੀ ਭੂਮਿਕਾ ’ਤੇ ਸਵਾਲ ਉੱਠੇ। ਤਾਮਿਲਨਾਡੂ ਦੇ ਤਤਕਾਲੀਨ ਰਾਜਪਾਲ ਮੁਹੰਮਦ ਖਾਨ ਅਤੇ ਪੱਛਮੀ ਬੰਗਾਲ ਦੇ ਤਤਕਾਲੀਨ ਰਾਜਪਾਲ ਜਗਦੀਪ ਧਨਖੜ ਅਤੇ ਮੌਜੂਦਾ ਰਾਜਪਾਲ ਸੀ.ਵੀ. ਅਨੰਦ ਬੋਸ ਦੀ ਰਾਜਪਾਲਾਂ ਵਜੋਂ ਭੂਮਿਕਾ ਚਰਚਾ ਵਿੱਚ ਰਹੀ। ਪੰਜਾਬ ਦੇ ਰਾਜਪਾਲ ਵੱਲੋਂ ਮੰਤਰੀ ਮੰਡਲ ਵੱਲੋਂ ਸਿਫ਼ਾਰਸ਼ ਦੇ ਬਾਵਜੂਦ ਵਿਧਾਨ ਸਭਾ ਇਜਲਾਸ ਨਾ ਬੁਲਾਏ ਜਾਣ ਦੇ ਮਾਮਲੇ ’ਚ ਕੇਸ ਸੁਪਰੀਮ ਕੋਰਟ ਪੁੱਜਾ। ਇਹਨਾਂ ਸਾਰੀਆਂ ਘਟਨਾਵਾਂ ਨਾਲ਼ ਰਾਜਪਾਲ ਦੀ ਭੂਮਿਕਾ ਉੱਤੇ ਗੰਭੀਰ ਸਵਾਲ ਉੱਠਣੇ ਲਾਜ਼ਮੀ ਸਨ।




ਰਾਜਾਸ਼ਾਹੀ ਸ਼ਾਸ਼ਨ ਦੇ ਦੌਰਾਨ ਬਰਤਾਨੀਆਂ ਹਕੂਮਤ ਨੇ ਭਾਰਤ ਵਿੱਚ ਰਾਜਪਾਲ ਦਾ ਸਜਾਵਟੀ ਅਹੁਦਾ ਬਣਾਇਆ ਸੀ। ਜਿਸਦੀ ਭੂਮਿਕਾ ਹੀ ਆਪਣੇ ਰਾਜ ਨਿਵਾਸ ਵਿੱਚ ਬਰਤਾਨਵੀ ਹੁਕਮਰਾਨਾ ਦੀ ਠਾਠ-ਬਾਠ ਦਿਖਾਉਣ ਦੀ ਸੀ। ਉਹ ਗਵਰਨਰ ਸਾਹਿਬ - ਲਾਟ ਸਾਹਿਬ ਵਜੋਂ ਜਾਣੇ ਜਾਂਦੇ ਸਨ।

ਅਜ਼ਾਦ ਭਾਰਤ ਨੇ ਜਦੋਂ ਆਪਣੇ-ਆਪ ਨੂੰ ਗਣਤੰਤਰ ਘੋਸ਼ਿਤ ਕਰਦਿਆਂ ਆਪਣਾ ਸੰਵਿਧਾਨ ਲਾਗੂ ਕੀਤਾ ਤਾਂ ਵੀ ਇਹ ਅਹੁਦਾ ਖ਼ਾਸ ਆਦਰਸ਼ਾਂ ਤਹਿਤ ਬਰਕਰਾਰ ਰੱਖਿਆ ਗਿਆ। ਕੇਂਦਰ ਅਤੇ ਸੂਬਿਆਂ ਦੇ ਵਿੱਚ ਇਸ ਗ਼ੈਰ-ਰਾਜਨੀਤਕ ਪ੍ਰਤੀਨਿਧ ਦੀ ਭੂਮਿਕਾ ਕਿਸੇ ਤਰ੍ਹਾਂ ਦੇ ਸਿਆਸੀ ਸੰਕਟ ਜਾਂ ਕਿਸੇ ਗੰਭੀਰ ਸੰਕਟ ਦੇ ਸੰਦਰਭ ’ਚ ਰੱਖੀ ਗਈ। ਪਰ ਅੱਜ ਇਹਨਾਂ ਰਾਜ ਭਵਨਾਂ ਉੱਤੇ ਸਿਆਸੀ ਲੋਕਾਂ ਦਾ ਡੰਕਾ ਵੱਜਦਾ ਹੈ ਅਤੇ ਇਹ ਰਾਜ-ਭਵਨ ਠਾਠ-ਬਾਠ ਦੇ ਪ੍ਰਤੀਕ ਬਣੇ ਹੋਏ ਹਨ ਅਤੇ ਇਹ ਰਾਜ ਭਵਨ ਸੰਕਟ-ਮੋਚਨ ਬਣਨ ਦੀ ਥਾਂ ਸ਼ਾਂਤੀ ਅਤੇ ਆਮ ਸਮੇਂ ’ਚ ਵੀ ਸੰਕਟ ਖੜ੍ਹਾ ਕਰ ਰਹੇ ਹਨ।

ਰਾਜਪਾਲ ਨੂੰ ਇੱਕ ਗ਼ੈਰ-ਸਿਆਸੀ ਪ੍ਰਮੁੱਖ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ, ਜਿਹੜਾ ਸੂਬੇ ਦੀ ਮੰਤਰੀ ਪਰਿਸ਼ਦ ਦੀ ਸਲਾਹ ਨਾਲ਼ ਕੰਮ ਕਰਦਾ ਹੈ, ਲੇਕਿਨ ਸੰਵਿਧਾਨ ਦੇ ਤਹਿਤ ਉਸਨੂੰ ਕੁਝ ਤਾਕਤਾਂ ਵੀ ਮਿਲੀਆਂ ਹੋਈਆਂ ਹਨ। ਇਸ ਵਿੱਚ ਰਾਜ ਵਿਧਾਨ ਮੰਡਲ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਸਹਿਮਤੀ ਦੇਣ ਜਾਂ ਨਾ ਦੇਣ ਦਾ ਅਧਿਕਾਰ ਵੀ ਸ਼ਾਮਲ ਹੈ, ਜਾਂ ਕਿਸੇ ਸਿਆਸੀ ਦਲ ਨੂੰ ਆਪਣਾ ਬਹੁਮਤ ਸਾਬਤ ਕਰਨ ਲਈ ਸਮਾਂ ਨਿਰਧਾਰਿਤ ਕਰਨਾ ਜਾਂ ਚੋਣ ਵਿੱਚ ਤ੍ਰਿਸ਼ੰਕੂ ਫੈਸਲੇ ਦੇ ਬਾਅਦ ਕਿਸੇ ਦਲ ਨੂੰ ਪਹਿਲਾਂ ਸਰਕਾਰ ਬਣਾਉਣ ਲਈ ਬੁਲਾਉਣਾ ਸ਼ਾਮਲ ਹੈ।

ਪਰ ਮੋਦੀ ਕਾਲ ਦੇ ਸਮੇਂ ’ਚ ਰਾਜਪਾਲ ਆਪਹੁਦਰੇ ਢੰਗ ਨਾਲ਼ ਕੰਮ ਕਰਦੇ ਨਜ਼ਰ ਆ ਰਹੇ ਹਨ। ਸਾਲ 2018 ਵਿੱਚ ਜੰਮੂ-ਕਸ਼ਮੀਰ ਦੇ ਤਤਕਾਲੀਨ ਰਾਜਪਾਲ ਸਤਿਆਪਾਲ ਮਲਿਕ ਨੇ ਵਿਧਾਨ ਸਭਾ ਭੰਗ ਕਰ ਦਿੱਤੀ, ਕਿਉਂਕਿ ਅਸ਼ੰਕਾ ਸੀ ਕਿ ਕੁਝ ਦਲ ਮਿਲ ਕੇ ਸਰਕਾਰ ਬਣਾਉਣ ਦੀ ਤਿਆਰੀ ਕਰ ਰਹੇ ਹਨ, ਜੋ ਕਿ ਕੇਂਦਰ ਸਰਕਾਰ ਨੂੰ ਪ੍ਰਵਾਨ ਨਹੀਂ ਸੀ।

2019 ਵਿੱਚ ਮਹਾਰਾਸ਼ਟਰ ਵਿੱਚ ਤ੍ਰਿਸ਼ੰਕੂ ਵਿਧਾਨ ਸਭਾ ਬਣਨ ਬਾਅਦ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਚੁੱਪ-ਚਾਪ ਭਾਜਪਾ ਨੇਤਾ ਦੇਵਿੰਦਰ ਫਰਨਵੀਸ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਵਾ ਦਿੱਤੀ। ਕੇਂਦਰ ਸਰਕਾਰ ਉੱਤੇ ਰਾਜਪਾਲ ਦੇ ਅਹੁਦੇ ਦੇ ਦੁਰਉਪਯੋਗ ਕਰਨ ਦੇ ਦੋਸ਼ ਸਾਲ 1950 ਦੇ ਦਹਾਕੇ ਤੋਂ ਹੀ ਲੱਗਣੇ ਸ਼ੁਰੂ ਹੋ ਗਏ ਸਨ।

ਸਾਲ 1959 ਵਿੱਚ ਰਾਜਪਾਲ ਦੀ ਇੱਕ ਰਿਪੋਰਟ ਦੇ ਆਧਾਰ ’ਤੇ ਕੇਰਲ ਦੀ ਈ.ਐੱਮ.ਐੱਸ. ਨੰਬੂਦਰੀਪਾਦ ਸਰਕਾਰ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ। ਸਾਲ 1971 ਤੋਂ ਸਾਲ 1990 ਦੇ ਵਿਚਕਾਰ ਰਾਜਪਾਲਾਂ ਵੱਲੋਂ ਜਾਰੀ ਰਾਸ਼ਟਰਪਤੀ ਸ਼ਾਸਨ ਦੇ ਆਦੇਸ਼ਾਂ ਅਧੀਨ 63 ਰਾਜ ਸਰਕਾਰਾਂ ਬਰਖ਼ਾਸਤ ਕੀਤੀਆਂ ਗਈਆਂ। ਹਰਿਆਣਾ (1967), ਕਰਨਾਟਕ ਦੀ 1971 ਦੀ ਪਾਟਿਲ ਸਰਕਾਰ, ਉੱਤਰ ਪ੍ਰਦੇਸ਼, ਉੜੀਸਾ, ਆਂਧਰ ਪ੍ਰਦੇਸ਼ ਅਤੇ ਗੁਜਰਾਤ ਵਿੱਚ ਰਾਜਪਾਲਾਂ ਨੇ ਸਰਕਾਰਾਂ ਭੰਗ ਕੀਤੀਆਂ। ਪਰ ਇਹ ਮਾਮਲੇ ਗਠਜੋੜ ਸਰਕਾਰਾਂ ਦੇ ਦੌਰ ਵਿੱਚ ਘੱਟ ਗਏ।

ਸੰਵਿਧਾਨ ਸਭਾ ਨੇ ਰਾਜਪਾਲ ਦੇ ਅਹੁਦੇ ਉੱਤੇ ਵਿਸਥਾਰ ਨਾਲ਼ ਚਰਚਾ ਕੀਤੀ ਸੀ। ਸੰਵਿਧਾਨ ਸਭਾ ਦੇ ਕਈ ਮੈਂਬਰਾਂ ਦਾ ਮੰਨਣਾ ਸੀ ਕਿ ਨਿਯੁਕਤ ਕੀਤਾ ਰਾਜਪਾਲ ਚੁਣੇ ਹੋਏ ਮੁੱਖ ਮੰਤਰੀ ਦੇ ਅਧਿਕਾਰ ਕਮਜ਼ੋਰ ਕਰ ਦੇਵੇਗਾ। ਉਹਨਾਂ ਨੇ ਤਰਕ ਦਿੱਤਾ ਕਿ ਕਿਸੇ ਪਾਰਟੀ ਟਿਕਟ ਉੱਤੇ ਚੁਣੇ ਗਏ ਵਿਅਕਤੀ ਦੀ ਬਜਾਏ ਕਿਸੇ ਨਿਰਪੱਖ ਵਿਅਕਤੀ ਨੂੰ ਇਸ ਅਹੁਦੇ ਉੱਤੇ ਨਿਯੁਕਤ ਕੀਤਾ ਜਾਵੇ।

ਸੰਵਿਧਾਨ ਸਭਾ ਦੇ ਮੈਂਬਰਾਂ ਨੇ ਰਾਜਪਾਲ ਤੇ ਮੁੱਖ ਮੰਤਰੀ ਦੀ ਭੂਮਿਕਾ ਬਾਰੇ ਵੀ ਚਰਚਾ ਕੀਤੀ। ਧਾਰਾ 163 ਵਿੱਚ ਲਿਖਿਆ ਹੈ ਕਿ ਰਾਜਪਾਲ ਨੂੰ ਆਪਣੇ ਕੰਮ ਕਰਨ ਲਈ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਸਲਾਹ ਦੇਣਗੇ, ਸਿਵਾਏ ਉਹਨਾਂ ਮਾਮਲਿਆਂ ਦੇ ਜਿੱਥੇ ਸੰਵਿਧਾਨ ਦੇ ਤਹਿਤ ਉਸਨੂੰ ਆਪਣੇ ਕੰਮ ਜਾਂ ਉਹਨਾਂ ਵਿੱਚੋਂ ਕਿਸੇ ਵੀ ਕੰਮ ਨੂੰ ਆਪਣੇ ਵਿਵੇਕ ਨਾਲ਼ ਕਰਨ ਦੀ ਲੋੜ ਹੋਵੇ ਜਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ।

ਸੰਵਿਧਾਨ ਰਾਜਪਾਲ ਨੂੰ ਕੁਝ ਵਿਸ਼ੇਸ਼ ਕੰਮ ਕਰਨ ਲਈ ਵਿਸ਼ੇਸ਼ ਅਧਿਕਾਰ ਦਿੰਦਾ ਹੈ। ਇਨ੍ਹਾਂ ਸ਼ਕਤੀਆਂ ਵਿੱਚ ਰਾਜਪਾਲ ਨੂੰ ਉਸ ਵੇਲੇ ਕਾਰਵਾਈ ਕਰਨ ਦਾ ਅਧਿਕਾਰ ਹੈ, ਜਦੋਂ ਰਾਸ਼ਟਰ ਦੀ ਏਕਤਾ ਖਤਰੇ ਵਿੱਚ ਹੋਵੇ।

ਰਾਜਪਾਲਾਂ ਨੇ ਸਮੇਂ-ਸਮੇਂ ’ਤੇ ਕੀਤੇ ਕੰਮਾਂ ਸੰਬੰਧੀ ਕਈ ਵਿਵਾਦ ਖੜ੍ਹੇ ਕੀਤੇ ਹਨ। ਉਹਨਾਂ ਦੀ ਭੂਮਿਕਾ ਤੈਅ ਕਰਨ ਲਈ ਸਮੇਂ-ਸਮੇਂ ਕਈ ਆਯੋਗ ਬਣਾਏ ਗਏ, ਤਾਂ ਜੋ ਉਹਨਾਂ ਦੇ ਕੰਮ ਦੀ ਸਮੀਖਿਆ ਹੋ ਸਕੇ। ਪੁੰਛੀ ਆਯੋਗ (2010) ਇਨ੍ਹਾਂ ਵਿੱਚੋਂ ਅਹਿਮ ਸੀ, ਜਿਸ ਨੇ ਸੁਝਾਅ ਦਿੱਤਾ ਕਿ ਰਾਜਪਾਲ ਕਿਸੇ ਦੂਜੇ ਸੂਬੇ ਦਾ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ, ਜੋ ਹਾਲ ਹੀ ਵਿੱਚ ਸਿਆਸਤ ਵਿੱਚ ਸ਼ਾਮਲ ਨਾ ਰਿਹਾ ਹੋਵੇ ਅਤੇ ਉਸਦੀ ਨਿਯੁਕਤੀ ਤੋਂ ਪਹਿਲਾਂ ਸਬੰਧਤ ਮੁੱਖ ਮੰਤਰੀ ਨਾਲ਼ ਸਲਾਹ ਕੀਤੀ ਜਾਣੀ ਚਾਹੀਦੀ ਹੈ। ਪਰ ਉਹਨਾਂ ਦੀਆਂ ਸਿਫ਼ਾਰਸ਼ਾਂ ਨੂੰ ਲਗਭਗ ਨਜ਼ਰਅੰਦਾਜ਼ ਕਰ ਦਿੱਤਾ ਗਿਆ।

ਸਿੱਟਾ ਇਹ ਹੈ ਕਿ ਪਾਰਟੀਆਂ ਦੇ ਧੁਰੰਦਰ ਨੇਤਾ ਅੱਜ ਰਾਜਪਾਲ ਦੀ ਕੁਰਸੀ ’ਤੇ ਬਿਰਾਜਮਾਨ ਹਨ। ਉਹ ਠਾਠ-ਬਾਠ ਨਾਲ਼ ਰਾਜ ਭਵਨ ਵਿੱਚ ਰਹਿੰਦੇ ਹਨ, ਸੁੱਖ-ਸੁਵਿਧਾਵਾਂ ਭੋਗਦੇ ਹਨ ਅਤੇ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਵਜੋਂ ਉਸਦੇ ਹਿੱਤ ਵਿੱਚ ਕੰਮ ਕਰਦੇ ਹਨ। ਇਸ ਦੇ ਸਿੱਟੇ ਵਜੋਂ ਵਿਰੋਧੀ ਧਿਰਾਂ ਦੇ ਮੁੱਖ ਮੰਤਰੀਆਂ ਅਤੇ ਕੇਂਦਰ ਦੇ ਹਾਕਮਾਂ ਦੇ ਨਿਯੁਕਤ ਕੀਤੇ ਰਾਜਪਾਲਾਂ ਵਿਚਕਾਰ ਤਕਰਾਰ ਵਧਦਾ ਹੈ ਅਤੇ ਮੁੱਖ ਮੰਤਰੀ ਅਤੇ ਕਈ ਵਾਰ ਰਾਜਪਾਲਾਂ ਦਾ ਆਪਸੀ ਤਣਾਅ ਕਈ ਹਾਲਤਾਂ ਵਿੱਚ ਸਿਖ਼ਰਾਂ ’ਤੇ ਪੁੱਜ ਜਾਂਦਾ ਹੈ।

ਫਿਰ ਇਹ ਮਾਮਲੇ ਦੇਸ਼ ਦੀ ਸੁਪਰੀਮ ਕੋਰਟ ਤੱਕ ਪੁੱਜਦੇ ਹਨ। ਮਹਿੰਗੇ-ਭਾਰੇ ਵਕੀਲ ਇੱਕ ਪਾਸੇ ਰਾਜਪਾਲ ਵੱਲੋਂ ਅਤੇ ਦੂਜੇ ਪਾਸੇ ਮੁੱਖ ਮੰਤਰੀ ਵੱਲੋਂ ਪੇਸ਼ ਹੁੰਦੇ ਹਨ, ਜਿਸ ਨਾਲ਼ ਸਰਕਾਰੀ ਖਜ਼ਾਨੇ ਉੱਤੇ ਵਕੀਲਾਂ ਦੀ ਫ਼ੀਸ ਅਤੇ ਹੋਰ ਖ਼ਰਚਿਆਂ ਦਾ ਬੋਝ ਪੈਂਦਾ ਹੈ।

ਦੱਖਣ ਦੇ ਤਿੰਨ ਸੂਬਿਆਂ ਵੱਲੋਂ ਪਾਸ ਕੀਤੇ ਗਏ ਕੁਝ ਬਿੱਲਾਂ ਨੂੰ ਰਾਜਪਾਲਾਂ ਵੱਲੋਂ ਮਨਜ਼ੂਰੀ ਨਾ ਦਿੱਤੇ ਜਾਣ ਜਾਂ ਲੰਮੇ ਸਮੇਂ ਤੱਕ ਰੋਕ ਕੇ ਰੱਖਣ ਕਾਰਨ ਕਾਫ਼ੀ ਵਿਵਾਦ ਖੜ੍ਹੇ ਹੋਏ। ਸੂਬਾ ਸਰਕਾਰਾਂ ਨੇ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਦਾ ਰੁਖ਼ ਕੀਤਾ। ਪਿਛਲੇ ਕੁਝ ਦਿਨਾਂ ਵਿੱਚ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਿੱਚ ਸੂਬਾ ਸਰਕਾਰਾਂ ਅਤੇ ਰਾਜਪਾਲਾਂ ਵਿਚਕਾਰ ਜਿਸ ਤਰ੍ਹਾਂ ਟਕਰਾਅ ਨਜ਼ਰ ਆ ਰਿਹਾ ਹੈ ਅਤੇ ਤਾਕਤ ਦਾ ਮੁਜ਼ਾਹਰਾ ਕੀਤਾ ਜਾ ਰਿਹਾ ਹੈ, ਇੱਕ-ਦੂਜੇ ਉੱਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ, ਉਹ ਕਿਸੇ ਵੀ ਤਰ੍ਹਾਂ ਲੋਕ-ਹਿੱਤ ਵਿੱਚ ਨਹੀਂ ਹੈ। ਇਹ ਗੱਲ ਤੈਅ ਹੈ ਕਿ ਮੁੱਖ ਮੰਤਰੀ ਲੋਕਾਂ ਪ੍ਰਤੀ ਜਵਾਬਦੇਹ ਹੁੰਦਾ ਹੈ, ਪਰ ਰਾਜਪਾਲ ਨਹੀਂ। ਉਸ ਦੀ ਜਵਾਬਦੇਹੀ ਕੇਂਦਰ ਸਰਕਾਰ ਤੱਕ ਸੀਮਿਤ ਹੈ। ਉਹ ਪੰਜ ਸਾਲ ਲਈ ਨਿਯੁਕਤ ਹੁੰਦਾ ਹੈ ਅਤੇ ਕੇਂਦਰ ਸਰਕਾਰ ਆਪਣੀ ਇੱਛਾ ਅਨੁਸਾਰ ਉਸਨੂੰ ਅਹੁਦੇ ਤੋਂ ਹਟਾ ਸਕਦੀ ਹੈ। ਰਾਜਪਾਲਾਂ ਵੱਲੋਂ ਟਕਰਾਅ ਦੀ ਸਥਿਤੀ ਪੈਦਾ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਸੰਵਿਧਾਨ ਰਾਜਪਾਲ ਦੀਆਂ ਸ਼ਕਤੀਆਂ ਲਈ ਸਪਸ਼ਟ ਦਿਸ਼ਾ-ਨਿਰਦੇਸ਼ ਨਹੀਂ ਦਿੰਦਾ। ਇਸ ਕਾਰਨ ਕਈ ਹਾਲਾਤਾਂ ਵਿੱਚ ਰਾਜਪਾਲ ਮਨਮਾਨੀਆਂ ਕਰਦੇ ਹਨ। ਆਮ ਤੌਰ ’ਤੇ ਇਹ ਵੇਖਿਆ ਗਿਆ ਹੈ ਕਿ ਰਾਜਪਾਲ ਕੇਂਦਰੀ ਪਰਿਸ਼ਦ ਦੇ ਹੁਕਮਾਂ ਅਨੁਸਾਰ ਕੰਮ ਕਰਦੇ ਹਨ, ਜਿਸ ਨਾਲ਼ ਇਹ ਧਾਰਨਾ ਬਣਦੀ ਹੈ ਕਿ ਉਹ ਕੇਂਦਰ ਦੇ ਪ੍ਰਤੀਨਿਧ ਹਨ।

(ਬਾਕੀ ਸਫ਼ਾ 27 ’ਤੇ)

# ਕੀ ਹੋਵੇ ਲੋਕਤੰਤਰ ਦੇ ਹਿਤ ’ਚ ਭਾਜਪਾ ਵਿਰੋਧੀ ਦਲਾਂ ਦਾ ਰਾਜਨੀਤਕ ਬਿਰਤਾਂਤ ?

ਸਤਨਾਮ ਮਾਣਕ
ਸੀਨੀਅਰ ਪੱਤਰਕਾਰ

2014 ਤੋਂ ਕੇਂਦਰ ਵਿੱਚ ਜਦੋਂ ਭਾਜਪਾ ਦੇ ਆਪਣੇ ਬਹੁਮਤ ਵਾਲੀਆਂ ਸਰਕਾਰਾਂ ਬਣਨ ਲੱਗੀਆਂ ਤਾਂ ਦੇਸ਼ ਦੀਆਂ ਵਿਰੋਧੀ ਪਾਰਟੀਆਂ ਦਾ ਇੱਕ ਵੱਡਾ ਹਿੱਸਾ ਅਤੇ ਬਹੁਤ ਸਾਰੇ ਬੁੱਧੀਜੀਵੀ ਇਹ ਮਹਿਸੂਸ ਕਰਨ ਲੱਗੇ ਕਿ ਭਾਜਪਾ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਰਾਜਨੀਤਕ ਵਿੰਗ ਹੋਣ ਕਰਕੇ ਸੰਘ ਦੇ ਸਿਧਾਂਤਾਂ ਨੂੰ ਅੱਗੇ ਵਧਾਉਂਦੀ ਹੋਈ ਹੌਲ਼ੀ-ਹੌਲ਼ੀ ਸੰਵਿਧਾਨ ਅਤੇ ਪ੍ਰਸ਼ਾਸਨ ਵਿੱਚ ਇਹੋ ਜਿਹੀਆਂ ਤਬਦੀਲੀਆਂ ਲਿਆਉਂਦੀ ਜਾ ਰਹੀ ਹੈ, ਜਿਸ ਨਾਲ ਕਿ ਦੇਸ਼ ਨੂੰ ਅੰਤਿਮ ਤੌਰ ‘ਤੇ ਹਿੰਦੂ ਰਾਸ਼ਟਰ ਵਿਚ ਬਦਲਿਆ ਜਾ ਸਕੇ। ਇਸ ਦੇ ਨਾਲ ਹੀ ਇਨ੍ਹਾਂ ਵੱਲੋਂ ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਨੂੰ ਜਿਸ ਤਰ੍ਹਾਂ ਅੱਗੇ ਵਧਾ ਰਹੀਆਂ ਹਨ ਉਸ ਨਾਲ ਜਲ, ਜੰਗਲ ਤੇ ਜ਼ਮੀਨ ਆਦਿ ਸਾਧਨਾਂ ਤੋਂ ਆਮ ਲੋਕਾਂ ਦੇ ਅਧਿਕਾਰ ਖੁਸਦੇ ਜਾ ਰਹੇ ਹਨ ਅਤੇ ਪੈਦਾਵਾਰ ਦੇ ਬਹੁਤੇ ਵਸੀਲੇ ਗਿਣੇ-ਚੁਣੇ ਵੱਡੇ ਕਾਰਪੋਰੇਟਰਾਂ ਦੇ ਕਬਜ਼ੇ ਵਿੱਚ ਆਉਂਦੇ ਜਾ ਰਹੇ ਹਨ। ਇਸ ਕਾਰਨ ਦੇਸ਼ ਵਿਚ ਵੱਡੀ ਪੱਧਰ ’ਤੇ ਆਰਥਿਕ ਅਸਮਾਨਤਾ ਪੈਦਾ ਹੋ ਗਈ ਹੈ। ਦੇਸ਼ ਦੀ ਉਪਰਲੀ 1 ਫ਼ੀਸਦੀ ਆਬਾਦੀ ਕੋਲ 40 ਫ਼ੀਸਦੀ ਸੰਪਤੀ ਕੇਂਦਰਿਤ ਹੋ ਗਈ ਹੈ। ਹੇਠਲੀ 50 ਫ਼ੀਸਦੀ ਆਬਾਦੀ ਕੋਲ ਮਹਿਜ਼ 3 ਤੋਂ 6.4 ਫ਼ੀਸਦੀ ਤੱਕ ਸੰਪਤੀ ਰਹਿ ਗਈ ਹੈ। ਆਮਦਨੀ ਦੀ ਅਸਮਾਨਤਾ ਸੰਬੰਧੀ ਵੀ ਇਹ ਕਿਹਾ ਜਾ ਰਿਹਾ ਹੈ ਕਿ ਉਪਰਲੀ 10 ਫ਼ੀਸਦੀ ਆਬਾਦੀ ਦੀ ਆਮਦਨੀ 58 ਫ਼ੀਸਦੀ ਹੈ ਅਤੇ ਹੇਠਲੀ 50 ਫ਼ੀਸਦੀ ਆਬਾਦੀ ਦੀ ਆਮਦਨੀ ਸਿਰਫ਼ 15 ਫ਼ੀਸਦੀ ਹੀ ਰਹਿ ਗਈ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਭਾਜਪਾ ਦੀ ਕੇਂਦਰੀ ਸਰਕਾਰ ਵੱਲੋਂ ਕੇਂਦਰੀ ਏਜੰਸੀਆਂ ਤੇ ਚੋਣ ਕਮਿਸ਼ਨ ਦੀ ਦੁਰਵਰਤੋਂ ਕਰਕੇ ਵਿਰੋਧੀ ਪਾਰਟੀਆਂ ਨੂੰ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਮੀਡੀਆ ਨੂੰ ਕਾਬੂ ਕਰਕੇ ਸਰਕਾਰ ਨੇ ਲਿਖਣ ਤੇ ਬੋਲਣ ਦੀ ਆਜ਼ਾਦੀ ਵੀ ਸੀਮਤ ਕਰ ਦਿੱਤੀ ਹੈ। ਯੂ.ਪੀ.ਏ. ਤੇ ਐਨ.ਐਸ.ਏ. ਵਰਗੇ ਕਾਲੇ ਕਾਨੂੰਨ ਲਾਗੂ ਕਰਕੇ ਵਿਰੋਧੀਆਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। ਨਿਆਂ ਪਾਲਕਾ ਵੀ ਕਾਰਜਪਾਲਿਕਾ ਦੇ ਦਬਾਅ ਹੇਠ ਹੈ।




ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਅਤੇ ਬੁਧੀਜੀਵੀਆਂ ਦੇ ਉਪਰੋਕਤ ਬਿਰਤਾਂਤ ਦੇ ਬਾਵਜੂਦ ਭਾਜਪਾ ਨੇ ਕੇਂਦਰ ਵਿਚ ਲਗਾਤਾਰ ਆਪਣੀ ਸੱਤਾ ਬਣਾ ਕੇ ਰੱਖੀ ਹੋਈ ਹੈ। 2014 ਤੇ 2019 ਵਿਚ ਉਸ ਨੇ ਦੋ ਵਾਰ ਆਪਣੀ ਬਹੁਸੰਮਤੀ ਵਾਲੀਆਂ ਸਰਕਾਰਾਂ ਬਣਾਈਆਂ ਹਨ। ਭਾਵੇਂ ਕਿ ਇਨ੍ਹਾਂ ਸਰਕਾਰਾਂ ਵਿਚ ਉਸ ਦੇ ਕੌਮੀ ਲੋਕਤੰਤਰਿਕ ਗੱਠਜੋੜ ਦੇ ਹੋਰ ਭਾਈਵਾਲ ਵੀ ਸ਼ਾਮਿਲ ਸਨ। ਪਰ 2024 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਆਪਣੇ ਤੌਰ ’ਤੇ ਬਹੁਮਤ ਨਹੀਂ ਮਿਲਿਆ ਪਰ ਉਹ ਹੁਣ ਵੀ ਕੇਂਦਰ ਵਿੱਚ ਰਾਸ਼ਟਰੀ ਜਨਤਾ ਦਲ, ਲੋਕ ਜਨਸ਼ਕਤੀ (ਪਾਸਵਾਨ), ਤੇਲਗੂ ਦੇਸਮ ਅਤੇ ਕਈ ਹੋਰ ਛੋਟੀਆਂ ਪਾਰਟੀਆਂ ਦੇ ਸਹਿਯੋਗ ਨਾਲ ਸਰਕਾਰ ਚਲਾ ਰਹੀ ਹੈ। ਇਸ ਤੋਂ ਇਲਾਵਾ 18 ਦੇ ਲਗਭਗ ਸੂਬਿਆਂ ਵਿੱਚ ਵੀ ਭਾਜਪਾ ਦੀਆਂ ਸਰਕਾਰਾਂ ਚੱਲ ਰਹੀਆਂ ਹਨ। ਜੇਕਰ ਭਾਜਪਾ ਵਿਰੋਧੀ ਪਾਰਟੀਆਂ ਦੇ ਬਿਰਤਾਂਤ ਅਨੁਸਾਰ ਇਹ ਮੰਨ ਲਿਆ ਜਾਏ ਕਿ ਭਾਜਪਾ ਅਤੇ ਉਸ ਦੀਆਂ ਸਰਕਾਰਾਂ ਫ਼ਿਰਕੂ ਵਿਰੁੱਧ ਧਰੁਵੀਕਰਨ ਦੀਆਂ ਨੀਤੀਆਂ ਨਾਲ ਦੇਸ਼ ਦੀ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ ਅਤੇ ਪੈਦਾਵਾਰ ਦੇ ਬਹੁਤੇ ਸਾਧਨ ਕਾਰਪੋਰੇਟਰਾਂ ਦੇ ਹਵਾਲੇ ਕਰੀ ਜਾ ਰਹੀਆਂ ਹਨ, ਤਾਂ ਅਹਿਮ ਸਵਾਲ ਇਹ ਉੱਭਰਦਾ ਹੈ ਕਿ ਵਿਰੋਧੀ ਪਾਰਟੀਆਂ ਲਾਮਬੰਦੀ ਕਰਕੇ ਕੇਂਦਰ ਜਾਂ ਵੱਖ-ਵੱਖ ਰਾਜਾਂ ਵਿਚ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਵਿੱਚ ਕਾਮਯਾਬ ਕਿਉਂ ਨਹੀਂ ਹੋ ਰਹੀਆਂ ਜਾਂ ਲੋਕ, ਵਿਰੋਧੀ ਪਾਰਟੀਆਂ ਵਲੋਂ ਪੇਸ਼ ਕੀਤੇ ਜਾ ਰਹੇ ਬਿਰਤਾਂਤ ’ਤੇ ਵਿਸ਼ਵਾਸ ਕਿਉਂ ਨਹੀਂ ਕਰ ਰਹੇ ? ਜਦੋਂ ਅਸੀਂ ਇਸ ਸਵਾਲ ਦਾ ਜਵਾਬ ਲੱਭਦੇ ਹਾਂ ਤਾਂ ਵੱਡੀ ਪੱਧਰ ’ਤੇ ਵਿਰੋਧੀ ਪਾਰਟੀਆਂ ਦੀਆਂ ਆਪਣੀਆਂ ਕਮੀਆਂ, ਕਮਜ਼ੋਰੀਆਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਮੁੱਖ ਵਿਰੋਧੀ ਪਾਰਟੀਆਂ ਵਿਚ ਕਾਂਗਰਸ, ਖੱਬੇ ਪੱਖੀ ਪਾਰਟੀਆਂ ਅਤੇ ਕੁਝ ਖੇਤਰੀ ਪਾਰਟੀਆਂ ਜਿਵੇਂ ਕਿ ਸਮਾਜਵਾਦੀ ਪਾਰਟੀ, ਡੀ.ਐਮ.ਕੇ., ਤ੍ਰਿਣਮੂਲ ਕਾਂਗਰਸ, ਰਾਸ਼ਟਰੀ ਜਨਤਾ ਦਲ ਤੇ ਆਮ ਆਦਮੀ ਪਾਰਟੀ ਆਦਿ ਸ਼ਾਮਿਲ ਹਨ। ਇਹ ਪਾਰਟੀਆਂ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਦਾ ਸਿਧਾਂਤਕ ਤੌਰ ’ਤੇ ਤਾਂ ਵਿਰੋਧ ਕਰਦੀਆਂ ਨਜ਼ਰ ਆਉਂਦੀਆਂ ਹਨ ਪਰ ਹੇਠਲੀ ਪੱਧਰ ’ਤੇ ਲੋਕਾਂ ਤੱਕ ਪਹੁੰਚ ਕਰਨ ਲਈ ਆਪਣੇ ਸੰਗਠਨਾਂ ਨੂੰ ਮਜ਼ਬੂਤ ਕਰਦੀਆਂ ਦਿਖਾਈ ਨਹੀਂ ਦਿੰਦੀਆਂ। ਇਨ੍ਹਾਂ ਪਾਰਟੀਆਂ ਦੀ ਬਹੁਤੀ ਸਰਗਰਮੀ ਮੀਡੀਆ ਤੱਕ ਜਾਂ ਕਦੇ-ਕਦੇ ਕੀਤੀਆਂ ਜਾਣ ਵਾਲੀਆਂ ਰੈਲੀਆਂ ਤੱਕ ਸੀਮਤ ਹੁੰਦੀ ਹੈ। ਰਾਹੁਲ ਗਾਂਧੀ ਦੀ ‘ਭਾਰਤ ਜੋੜੋ ਯਾਤਰਾ’ ਤੋਂ ਇਲਾਵਾ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਲੋਕਾਂ ਦੇ ਮੁੱਦਿਆਂ ’ਤੇ ਪਿਛਲੇ 11 ਸਾਲਾਂ ਵਿੱਚ ਕੋਈ ਵੱਡਾ ਅੰਦੋਲਨ ਖੜ੍ਹਾ ਨਹੀਂ ਕਰ ਸਕੀਆਂ। ਵਿਰੋਧੀ ਪਾਰਟੀਆਂ ਦੀ ਇਸ ਕਮਜ਼ੋਰੀ ਦੀ ਇੱਕ ਮਿਸਾਲ ਭਾਰਤੀ ਚੋਣ ਕਮਿਸ਼ਨ ਵਲੋਂ ਕੁਝ ਰਾਜਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਲਈ ਚਲਾਈ ਜਾ ਰਹੀ ਮੁਹਿੰਮ ਤੋਂ ਦੇਖੀ ਜਾ ਸਕਦੀ ਹੈ। ਇਸ ਮੁਹਿੰਮ ਦਾ ਵਿਰੋਧੀ ਪਾਰਟੀਆਂ ਨੇ ਸਖ਼ਤ ਵਿਰੋਧ ਕੀਤਾ ਅਤੇ ਇਹ ਗੰਭੀਰ ਦੋਸ਼ ਲਗਾਏ ਕਿ ਭਾਜਪਾ ਨਾਲ ਰਲ ਕੇ ਚੋਣ ਕਮਿਸ਼ਨ ਵਿਰੋਧੀ ਪਾਰਟੀਆਂ ਨਾਲ ਸੰਬੰਧਿਤ ਵੋਟਰਾਂ ਨੂੰ ਵੋਟਰ ਸੂਚੀਆਂ ਤੋਂ ਬਾਹਰ ਕੱਢ ਰਿਹਾ ਹੈ। ਇਹ ਮਾਮਲਾ ਲੈ ਕੇ ਉਹ ਸੁਪਰੀਮ ਕੋਰਟ ਵਿਚ ਵੀ ਗਈਆਂ। ਪਰ ਜਦੋਂ ਕੋਰਟ ਵਿੱਚ ਵਾਜਬ ਵੋਟਰਾਂ ਨੂੰ ਵੋਟਰ ਸੂਚੀਆਂ ਵਿਚੋਂ ਖਾਰਜ ਕਰਨ ਦੇ ਸਬੂਤ ਪੇਸ਼ ਕਰਨ ਦੀ ਗੱਲ ਆਈ ਤਾਂ ਵਿਰੋਧੀ ਪਾਰਟੀਆਂ (ਖ਼ਾਸ ਕਰਕੇ ਬਿਹਾਰ ਦੇ ਮਾਮਲੇ) ਵਿੱਚ ਠੋਸ ਸਬੂਤ ਸਾਹਮਣੇ ਲੈ ਕੇ ਆਉਣ ਵਿਚ ਅਸਫ਼ਲ ਰਹੀਆਂ। ਉਸ ਦਾ ਵੱਡਾ ਕਾਰਨ ਇਹ ਸੀ ਕਿ ਬਿਹਾਰ ਵਿਚ ਰਾਸ਼ਟਰੀ ਜਨਤਾ ਦਲ, ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਦਾ ਸਾਰੇ ਦਾਅਵਿਆਂ ਦੇ ਬਾਵਜੂਦ ਹੇਠਲੀ ਪੱਧਰ ’ਤੇ ਆਮ ਵੋਟਰਾਂ ਨਾਲ ਮਜ਼ਬੂਤ ਰਾਬਤਾ ਸਾਹਮਣੇ ਨਹੀਂ ਆਇਆ ਅਤੇ ਉਹ ਹੇਠਲੀ ਪੱਧਰ ਤੋਂ ਸਮੇਂ ਸਿਰ ਡਾਟਾ ਇਕੱਠਾ ਕਰਕੇ ਸੁਪਰੀਮ ਕੋਰਟ ਵਿੱਚ ਪੇਸ਼ ਕਰਨ ਵਿੱਚ ਅਸਫ਼ਲ ਰਹੀਆਂ। ਜਿਸ ਕਾਰਨ ਚੋਣ ਕਮਿਸ਼ਨ ਸੁਪਰੀਮ ਕੋਰਟ ਤੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੀ ਆਪਣੀ ਮੁਹਿੰਮ ਨੂੰ ਜਾਰੀ ਰੱਖਣ ਲਈ ਹਰੀ ਝੰਡੀ ਪ੍ਰਾਪਤ ਕਰਨ ਵਿੱਚ ਸਫ਼ਲ ਰਿਹਾ। ਇਸ ਸਮੇਂ ਵੀ 9 ਰਾਜਾਂ ਅਤੇ 3 ਕੇਂਦਰ ਸ਼ਾਸਤ ਖੇਤਰਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦਾ ਕੰਮ ਚੋਣ ਕਮਿਸ਼ਨ ਵੱਲੋਂ ਜਾਰੀ ਰੱਖਿਆ ਜਾ ਰਿਹਾ ਹੈ। ਇਸ ਅਮਲ ਵਿੱਚ ਚੋਣ ਕਮਿਸ਼ਨ ਦੀਆਂ ਅਨੇਕਾਂ ਤਰ੍ਹਾਂ ਦੀਆਂ ਤਰੁਟੀਆਂ ਨੂੰ ਲੈ ਕੇ ਵਿਰੋਧੀ ਪਾਰਟੀਆਂ ਫਿਰ ਸੁਪਰੀਮ ਕੋਰਟ ਵਿਚ ਗਈਆਂ ਹਨ ਅਤੇ ਉਥੇ ਉਹ ਆਪਣਾ ਪੱਖ ਪੇਸ਼ ਕਰ ਰਹੀਆਂ ਹਨ। ਪਰ ਜੇਕਰ ਚੋਣ ਕਮਿਸ਼ਨ ਦੀਆਂ ਤਰੁਟੀਆਂ ਸੰਬੰਧੀ ਉਹ ਹੇਠਲੀ ਪੱਧਰ ਦਾ ਡਾਟਾ ਸੁਪਰੀਮ ਕੋਰਟ ਦੇ ਅੱਗੇ ਰੱਖਣ ਵਿੱਚ ਮੁੜ ਸਫ਼ਲ ਨਾ ਹੋਈਆਂ ਤਾਂ ਉਨ੍ਹਾਂ ਨੂੰ ਇਕ ਵਾਰ ਫਿਰ ਅਸਫ਼ਲਤਾ ਦਾ ਸਾਹਮਣਾ ਕਰਨਾ ਪਵੇਗਾ। ਇਸੇ ਤਰ੍ਹਾਂ ਜੇਕਰ ਵਿਰੋਧੀ ਪਾਰਟੀਆਂ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਜਪਾ ਦੀ ਰਾਜਨੀਤੀ ਨੂੰ ਚੁਣੌਤੀ ਦੇਣਾ ਚਾਹੁੰਦੀਆਂ ਹਨ ਜਾਂ ਉਸਨੂੰ ਸੱਤਾ ਤੋਂ ਬਾਹਰ ਧੱਕਣਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਹੇਠਲੀ ਪੱਧਰ ’ਤੇ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਜਪਾ ਦੀ ਤਰ੍ਹਾਂ ਹੀ ਆਪਣੇ ਸੰਗਠਨਾਂ ਨੂੰ ਮਜ਼ਬੂਤ ਕਰਨਾ ਪਵੇਗਾ ਅਤੇ ਇਸ ਦੇ ਨਾਲ ਹੀ ਕੌਮੀ ਪੱਧਰ ’ਤੇ ਜੋ ਉਨ੍ਹਾਂ ਨੇ ਇੰਡੀਆ ਬਲਾਕ ਦੇ ਨਾਂਅ ਨਾਲ ਗੱਠਜੋੜ ਬਣਾਇਆ ਹੈ, ਉਸ ਨੂੰ ਵੀ ਮਜ਼ਬੂਤ ਕਰਨਾ ਪਵੇਗਾ।

ਦੇਸ਼ ਦੇ ਲੋਕਾਂ ਨੇ ਦੇਖਿਆ ਹੈ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿਰੋਧੀ ਕੌਮੀ ਅਤੇ ਖੇਤਰੀ ਪਾਰਟੀਆਂ ਨੇ ਇੰਡੀਆ ਬਲਾਕ ਦੇ ਨਾਂਅ ਨਾਲ ਆਪਣਾ ਗੱਠਜੋੜ ਤਾਂ ਜ਼ਰੂਰ ਬਣਾਇਆ ਪਰ ਇਸ ਗੱਠਜੋੜ ਦਾ ਸਮੇਂ ਸਿਰ ਨਾ ਕੋਈ ਚੇਅਰਮੈਨ ਬਣਾਇਆ ਗਿਆ, ਨਾ ਕੋਈ ਕਨਵੀਨਰ ਬਣਾਇਆ ਗਿਆ ਅਤੇ ਨਾ ਹੀ ਇਸ ਗੱਠਜੋੜ ਦਾ ਕੋਈ ਦਫ਼ਤਰ ਬਣਾਇਆ ਗਿਆ।

(ਬਾਕੀ ਸਫ਼ਾ 27 ’ਤੇ)

# ਕੀ ਹੋਵੇ ਭਾਰਤੀ ਅਰਥਚਾਰੇ ਦੀਆਂ ਮੁੱਖ ਸਮੱਸਿਆਵਾਂ ਦਾ ਹੱਲ ?

ਡਾ. ਕੇਸਰ ਸਿੰਘ ਭੰਗੂ

ਭਾਰਤ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੇ ਹਿਸਾਬ ਨਾਲ ਦੁਨੀਆ ’ਚ ਉੱਚ ਦਰਜਾਬੰਦੀ ਵੇਖ ਕੇ ਮਾਣ ਮਹਿਸੂਸ ਹੁੰਦਾ ਹੈ। ਦੇਸ਼ ਵਾਸੀ ਵੀ ਬਹੁਤ ਆਸਵੰਦ ਹਨ ਕਿਉਂਕਿ ਸਰਕਾਰ ਤੇ ਸੱਤਾਧਾਰੀ ਗੱਠਜੋੜ ਵੱਲੋਂ ਪ੍ਰਚਾਰਿਆ ਜਾ ਰਿਹਾ ਹੈ ਕਿ ਦੇਸ਼ ਜਲਦੀ ਹੀ ਵਿਕਸਿਤ ਦੇਸ਼ਾਂ ਦੀ ਕਤਾਰ ’ਚ ਸ਼ਾਮਿਲ ਹੋ ਜਾਵੇਗਾ। ਇਸ ਪ੍ਰਾਪਤੀ ਦੇ ਆਰਥਿਕ ਨਾਲੋਂ ਸਿਆਸੀ ਮਾਅਨੇ ਜ਼ਿਆਦਾ ਹਨ ਕਿਉਂਕਿ ਇਹ ਸੱਤਾਧਾਰੀ ਪਾਰਟੀ ਤੇ ਸਰਕਾਰ ਨੂੰ ਸਿਆਸੀ ਤੌਰ ’ਤੇ ਤਸੱਲੀ ਤੇ ਹੁਲਾਰਾ ਪ੍ਰਦਾਨ ਕਰਦੀ ਹੈ। ਪ੍ਰਧਾਨ ਮੰਤਰੀ ਤੇ ਭਾਜਪਾ ਨੇ ਹੁਣ ਤੱਕ ਹੋਈਆਂ ਸਾਰੀਆਂ ਚੋਣਾਂ ’ਚ ਇਸ ਮੁੱਦੇ ਨੂੰ ਉਭਾਰ ਕੇ ਸਿਆਸੀ ਲਾਹਾ ਖੱਟਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਵਿਚਾਰਨਯੋਗ ਇਹ ਹੈ ਕੀ ਸੁਧਰ ਰਹੀ ਦਰਜਾਬੰਦੀ ਨਾਲ ਭਾਰਤੀ ਅਰਥਚਾਰੇ ਦੀਆਂ ਪ੍ਰਮੁੱਖ ਆਰਥਿਕ ਚੁਣੌਤੀਆਂ- ਪ੍ਰਤੀ ਵਿਅਕਤੀ ਆਮਦਨ, ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ ਤੇ ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ, ਮਹਿੰਗਾਈ ਤੇ ਹੋਰ ਆਰਥਿਕ ਸੂਚਕਾਂ @ਚ ਕੋਈ ਸੁਧਾਰ ਹੋ ਰਿਹਾ ਹੈ ਜਾਂ ਨਹੀਂ ? ਭਾਵ ਭਾਰਤੀ ਅਰਥਵਿਵਸਥਾ ਦੀ ਉਪਰ ਆ ਰਹੀ ਦਰਜਾਬੰਦੀ ਦਾ ਦੇਸ਼ ਦੇ ਆਮ ਨਾਗਰਿਕਾਂ ਨੂੰ ਕੋਈ ਲਾਭ ਮਿਲ ਰਿਹਾ ਹੈ ਜਾਂ ਨਹੀਂ ? ਜੇਕਰ ਦੇਸ਼ ਦੇ ਅਰਥਚਾਰੇ ’ਤੇ ਇੱਕ ਪੰਛੀ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਦੇਸ਼ ’ਚ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ 1991 ’ਚ ਲਾਗੂ ਹੋਈਆਂ ਸਨ। ਆਰਥਿਕ ਸੁਧਾਰਾਂ ਦੇ ਨਾਂਅ ’ਤੇ ਸ਼ੁਰੂ ਹੋਏ ਸੁਧਾਰ ਅੱਜ ਵੀ ਜਾਰੀ ਹਨ, ਜਿਨ੍ਹਾਂ ਨੂੰ ਵੱਖ-ਵੱਖ ਨਾਵਾਂ ਨਾਲ ਪ੍ਰਚਾਰਦਿਆਂ ਪਹਿਲੀ ਪੀੜ੍ਹੀ ਦੇ ਸੁਧਾਰ, ਦੂਜੀ ਪੀੜ੍ਹੀ ਦੇ ਸੁਧਾਰ, ਤੀਜੀ ਪੀੜ੍ਹੀ ਦੇ ਸੁਧਾਰ ਤੇ ਚੌਥੀ ਪੀੜ੍ਹੀ ਦੇ ਸੁਧਾਰ ਕਿਹਾ ਜਾ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਨੇ ਇਨ੍ਹਾਂ ਸੁਧਾਰਾਂ ਦੀ ਗਤੀ ਹੋਰ ਤੇਜ਼ ਕਰਨ ਬਾਰੇ ਕਿਹਾ ਹੈ।



ਇਨ੍ਹਾਂ ਨੀਤੀਆਂ ਤੇ ਸੁਧਾਰਾਂ ਦਾ ਮੁੱਖ ਮੰਤਵ ਆਰਥਿਕ ਵਿਕਾਸ ਦਾ ਰਾਹ ਮੋਕਲਾ ਕਰਕੇ ਰੁਜ਼ਗਾਰ ਦੇ ਮੌਕੇ ਵਧਾਉਣੇ ਤੇ ਅਰਥਵਿਵਸਥਾ ’ਚ ਮੁਕਾਬਲੇ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ। ਇਨ੍ਹਾਂ ਸੁਧਾਰਾਂ ਤਹਿਤ ਸਰਮਾਏਦਾਰਾਂ ਨੂੰ ਹੋਰ ਛੋਟਾਂ ਦੇਣ ਲਈ ਜਿੱਥੇ ਨਵੇਂ ਕਾਨੂੰਨ ਘੜੇ ਗਏ, ਉੱਥੇ ਪੁਰਾਣੇ ਕਾਨੂੰਨਾਂ ’ਚ ਸਰਮਾਏਦਾਰਾਂ ਪੱਖੀ ਸੋਧਾਂ ਵੀ ਕੀਤੀਆਂ ਗਈਆਂ ਹਨ। ਪਰ ਅਸੀਂ ਵੇਖਦੇ ਹਾਂ ਕਿ ਇਨ੍ਹਾਂ ਨੀਤੀਆਂ ਦੇ ਲਾਗੂ ਹੋਣ ਨਾਲ ਆਰਥਿਕ ਵਿਕਾਸ ਦੀ ਦਰ ਭਾਵੇਂ ਸੁਧਾਰਾਂ ਦੇ ਸਮੇਂ ਤੋਂ ਪਹਿਲਾਂ ਦੀ 3-4 ਫ਼ੀਸਦੀ ਤੋਂ ਵਧ ਕੇ 7-8 ਫ਼ੀਸਦੀ ਹੋ ਗਈ। ਪਰ ਇਸ ਵਧੀ ਹੋਈ ਵਿਕਾਸ ਦਰ ਨੇ ਜ਼ਰੂਰੀ ਤੇ ਲੋੜੀਂਦੇ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਭਾਵ ਰੁਜ਼ਗਾਰ ਤੋਂ ਬਿਨਾਂ ਵਿਕਾਸ ਦਾ ਵਰਤਾਰਾ ਸਾਹਮਣੇ ਆਉਣ ਨਾਲ ਰੁਜ਼ਗਾਰ ਸੰਬੰਧੀ ਹੋਰ ਗੰਭੀਰ ਸਮੱਸਿਆਵਾਂ ਵੀ ਉਜਾਗਰ ਹੋਈਆਂ ਹਨ। ਭਾਰਤੀ ਗਣਰਾਜ ਦੀ ਮੌਜੂਦਾ ਬੇਰੁਜ਼ਗਾਰੀ ਦੀ ਸਥਿਤੀ ਨੂੰ ਸਮਝਣਾ ਜ਼ਰੂਰੀ ਹੈ। ਆਰਥਿਕ ਮਾਹਿਰਾਂ ਤੇ ਹੋਰਾਂ ਵਲੋਂ ਅਕਸਰ ਕਿਹਾ ਜਾਂਦਾ ਹੈ ਕਿ ਜਦੋਂ ਆਰਥਿਕ ਵਿਕਾਸ ਦਰ ਉੱਚੀ ਹੋਵੇਗੀ ਤਾਂ ਰੁਜ਼ਗਾਰ ਦੇ ਲੋੜੀਂਦੇ ਮੌਕੇ ਆਪਣੇ-ਆਪ ਪੈਦਾ ਹੋ ਜਾਣਗੇ ਪਰ ਅਜਿਹਾ ਹੋਇਆ ਨਹੀਂ। 2000 ਤੋਂ 2012 ਦਰਮਿਆਨ ਵਿਕਾਸ ਦੀ ਦਰ 6.2 ਫ਼ੀਸਦੀ ਸੀ, ਪਰ ਰੁਜ਼ਗਾਰ ਦੀ ਸਾਲਾਨਾ ਦਰ ਸਿਰਫ਼ 1.6 ਫ਼ੀਸਦੀ ਹੀ ਰਹੀ। ਇਸੇ ਤਰ੍ਹਾਂ 2012 ਤੋਂ 2019 ਦੇ ਸਮੇਂ ਦੌਰਾਨ ਆਰਥਿਕ ਵਿਕਾਸ ਦੀ ਦਰ ਵਧ ਕੇ 6.7 ਫ਼ੀਸਦੀ ਸਾਲਾਨਾ ਹੋ ਗਈ, ਪਰ ਰੁਜ਼ਗਾਰ ਦੇ ਮੌਕੇ ਮਹਿਜ਼ 0.01 ਫ਼ੀਸਦੀ ਹੀ ਵਧੇ। ਇਹ ਤੱਥ ਸਪੱਸ਼ਟ ਕਰਦੇ ਹਨ ਕਿ ਆਰਥਿਕ ਵਿਕਾਸ ਦੀ ਦਰ ਤੇ ਰੁਜ਼ਗਾਰ ਦੀ ਦਰ ਦਾ ਆਪਸ ’ਚ ਕੋਈ ਸਬੰਧ ਨਹੀਂ ਹੈ। ਦੇਸ਼ ਵਿਚ ਆਮ ਬੇਰੁਜ਼ਗਾਰੀ ਦਰ 2000-2012 ਦੌਰਾਨ 2-3 ਫ਼ੀਸਦੀ ਸੀ, ਜੋ 2012-2019 ਦੌਰਾਨ ਵਧ ਕੇ 5.8 ਫ਼ੀਸਦੀ ਹੋ ਗਈ, ਹਾਲਾਂਕਿ 2022 ਵਿਚ ਇਹ ਘਟ ਕੇ 4.1 ਫ਼ੀਸਦੀ ਹੋ ਗਈ ਸੀ। ਦੇਸ਼ ’ਚ ਬੇਰੁਜ਼ਗਾਰੀ ਦੀ ਉੱਚੀ ਦਰ ਦਾ ਮੁੱਖ ਕਾਰਨ ਕਿਰਤ ਸ਼ਕਤੀ ਦੇ ਵਾਧੇ ਦੇ ਮੁਕਾਬਲੇ ਰੁਜ਼ਗਾਰ ਦੇ ਮੌਕੇ ਘੱਟ ਵਧਣਾ ਹੈ। ਇਸ ਦੇ ਨਾਲ ਹੀ ਰੁਜ਼ਗਾਰ ਉਜਰਤਾਂ ਬਹੁਤ ਘੱਟ ਹੋਣ ਤੋਂ ਇਲਾਵਾ ਰੁਜ਼ਗਾਰ ਦੀ ਸੁਰੱਖਿਆ ਵੀ ਯਕੀਨੀ ਨਹੀਂ ਹੈ। ਦੂਜਾ, ਆਰਥਿਕ ਮਾਹਿਰ ਤੇ ਸੰਸਥਾਵਾਂ ਕੁੱਲ ਘਰੇਲੂ ਪੈਦਾਵਾਰ ਦੇ ਸੂਚਕ ਨਾਲੋਂ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਸੂਚਕ ਨੂੰ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਿਆਦਾ ਕਾਰਗਰ ਸੂਚਕ ਮੰਨਦੇ ਹਨ। ਆਮ ਕਰਕੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਪੱਧਰ ਅਨੁਸਾਰ ਦੁਨੀਆ ਦੇ ਦੇਸ਼ਾਂ ਨੂੰ 3 ਭਾਗਾਂ- ਪਹਿਲਾਂ ਉੱਚੀ ਆਮਦਨ ਵਾਲੇ ਦੇਸ਼, ਦੂਜਾ ਮਾਧਿਅਮ ਆਮਦਨ ਵਾਲੇ ਤੇ ਤੀਜਾ ਨੀਵੀਂ ਆਮਦਨ ਵਾਲੇ ਦੇਸ਼ਾਂ ’ਚ ਵੰਡਿਆ ਜਾਂਦਾ ਹੈ। ਭਾਰਤ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਿਲ ਹੈ। ਜਦੋਂ ਭਾਰਤ 2013-14 ਵਿਚ ਜੀ.ਡੀ.ਪੀ. ਦੇ ਹਿਸਾਬ ਨਾਲ ਦੁਨੀਆ ’ਚ 9ਵੇਂ ਸਥਾਨ ’ਤੇ ਸੀ, ਪਰ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੁਨੀਆ ’ਚ 147ਵੇਂ ਸਥਾਨ ’ਤੇ ਸੀ। ਦੱਸਣਯੋਗ ਹੈ ਕਿ ਭਾਰਤ ਦਾ ਗਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿਚ ਸਾਡੇ ਤੋਂ ਅੱਗੇ ਹੈ। ਹੁਣ ਜਦੋਂ ਭਾਰਤ ਜੀ.ਡੀ.ਪੀ. ਮੁਤਾਬਕ ਦੁਨੀਆ ’ਚ ਚੌਥੇ ਸਥਾਨ ’ਤੇ ਹੈ ਤਾਂ ਪ੍ਰਤੀ ਵਿਅਕਤੀ ਆਮਦਨ ਵਿਚ 139ਵੇਂ ਸਥਾਨ ’ਤੇ ਹੈ। ਭਾਰਤ ਜੀ.ਡੀ.ਪੀ. ਮਾਮਲੇ ’ਚ ਪਿਛਲੇ ਇਕ ਦਹਾਕੇ ਦੌਰਾਨ ਬ੍ਰਾਜ਼ੀਲ, ਫਰਾਂਸ, ਇਟਲੀ, ਬਰਤਾਨੀਆ ਤੇ ਜਾਪਾਨ ਨੂੰ ਪਛਾੜ ਕੇ ਚੌਥੇ ਸਥਾਨ ’ਤੇ ਪੁੱਜਾ ਹੈ ਅਤੇ 2027 ਤੱਕ ਜਰਮਨੀ ਨੂੰ ਪਛਾੜ ਦੇਵੇਗਾ। ਸਾਲ 2013 ’ਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 1,438 ਅਮਰੀਕੀ ਡਾਲਰ ਸੀ, ਜਦਕਿ ਬਰਤਾਨੀਆ ਦੀ 43,449 ਡਾਲਰ, ਫਰਾਂਸ 42,603 ਡਾਲਰ, ਇਟਲੀ 35,560 ਡਾਲਰ ਤੇ ਬ੍ਰਾਜ਼ੀਲ 12,259 ਡਾਲਰ ਸੀ। ਭਾਰਤ ਨੇ ਜਿਨ੍ਹਾਂ ਦੇਸ਼ਾਂ ਨੂੰ ਜੀ.ਡੀ.ਪੀ. ’ਚ ਪਿੱਛੇ ਛੱਡਿਆ ਹੈ, ਪ੍ਰਤੀ ਵਿਅਕਤੀ ਆਮਦਨ ਵਿੱਚ ਉਨ੍ਹਾਂ ਨਾਲੋਂ ਅਸੀਂ ਬਹੁਤ ਹੇਠਾਂ ਹੈ। ਭਾਵੇਂ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2013-14 ’ਚ 1,438 ਅਮਰੀਕੀ ਡਾਲਰ ਤੋਂ ਵਧ ਕੇ 2022-23 ’ਚ 2,389 ਡਾਲਰ ਹੋ ਗਈ ਹੈ, ਪਰ ਉਕਤ ਦੇਸ਼ਾਂ ਦੇ ਆਰਥਿਕ ਸੂਚਕ ਅੰਕ ਜਿਵੇਂ ਕਿ ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ ਆਦਿ ਭਾਰਤ ਨਾਲੋਂ ਕਿਤੇ ਬਿਹਤਰ ਹਨ। ਭਾਰਤ ਉਦੋਂ ਹੀ ਖੁਸ਼ਹਾਲ ਦੇਸ਼ ਬਣ ਸਕੇਗਾ, ਜਦੋਂ ਉਹ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੁਨੀਆ ਵਿੱਚ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਿਲ ਹੋ ਜਾਵੇਗਾ। ਜੇਕਰ ਭਾਰਤੀ ਗਣਰਾਜ ਨੇ ਅਸਲੀਅਤ ’ਚ ਆਰਥਿਕ ਲਾਭ ਆਮ ਲੋਕਾਂ ਤੱਕ ਪਹੁੰਚਾਉਣੇ ਹਨ ਤਾਂ ਮੌਜੂਦਾ ਕੇਂਦਰੀ ਤੇ ਸੂਬਾਈ ਸਰਕਾਰਾਂ ਦੀਆਂ ਆਰਥਿਕ ਨੀਤੀਆਂ ਨੂੰ ਸਭ ਨਾਗਰਿਕਾਂ ਦੇ ਹਿੱਤਾਂ ’ਚ ਬਦਲਣਾ ਪਵੇਗਾ, ਜੋ ਸਰਮਾਏਦਾਰਾਂ, ਪੂੰਜੀਪਤੀਆਂ, ਅਮੀਰਾਂ ਤੇ ਕਾਰਪੋਰੇਟ ਦਾ ਪੱਖ ਪੂਰ ਰਹੀਆਂ ਹਨ। ਸਰਕਾਰ ਸਿਰਫ਼ ਨੀਤੀਆਂ ਹੀ ਅਮੀਰਾਂ ਲਈ ਨਹੀਂ ਬਣਾ ਰਹੀ, ਸਗੋਂ ਨਵੇਂ ਕਾਨੂੰਨ ਤੇ ਮੌਜੂਦਾ ਕਾਨੂੰਨਾਂ ’ਚ ਤਰਮੀਮਾਂ ਵੀ ਕਾਰਪੋਰੇਟ ਤੇ ਪੂੰਜੀਪਤੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕਰ ਰਹੀ ਹੈ। ਜੇਕਰ ਵਧੀ ਹੋਈ ਜੀ.ਡੀ.ਪੀ. ਦਾ ਲਾਭ ਦੇਸ਼ ਦੇ ਆਮ ਲੋਕਾਂ ਤੱਕ ਪਹੁੰਚਾਉਣਾ ਹੈ ਤਾਂ ਐਲਾਨਾਂ ਤੇ ਪ੍ਰਚਾਰ ਨਾਲ ਸਿਰਫ਼ ਸਿਆਸੀ ਲਾਹਾ ਹੀ ਖੱਟਿਆ ਜਾ ਸਕਦਾ ਹੈ, ਪਰ ਜ਼ਮੀਨੀ ਪੱਧਰ ’ਤੇ ਆਮ ਲੋਕਾਂ ਲਈ ਕੁਝ ਵੀ ਨਹੀਂ ਬਦਲੇਗਾ। ਆਰਥਿਕ ਤਰੱਕੀ ਦਾ ਲਾਭ ਕੁਝ ਅਮੀਰਾਂ ਤੱਕ ਸੀਮਿਤ ਨਾ ਰਹਿ ਕੇ ਦੇਸ਼ ਦੇ ਆਮ ਲੋਕਾਂ ਤੱਕ ਵੀ ਪਹੁੰਚਣਾ ਚਾਹੀਦਾ ਹੈ। ਇਸ ਦੇ ਨਾਲ ਹੀ ਦੇਸ਼ ਵਿੱਚ ਬਹੁਤ ਵੱਡੇ ਪੱਧਰ ’ਤੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਪੈਣਗੇ ਕਿਉਂਕਿ ਭਾਰਤ ਵਿੱਚ ਬਹੁਤ ਵੱਡੇ ਪੱਧਰ ’ਤੇ ਆਮ ਬੇਰੁਜ਼ਗਾਰੀ ਹੈ। ਭਾਰਤ ਵਿੱਚ ਸਿਹਤ ਤੇ ਸਿੱਖਿਆ ਸਹੂਲਤਾਂ ਵੀ ਸਮੇਂ ਦੇ ਹਾਣ ਦੀਆਂ ਨਹੀਂ ਹਨ, ਜਿਸ ਕਾਰਨ ਦੇਸ਼ ਦੇ ਸਿਹਤ ਤੇ ਸਿੱਖਿਆ ਨਾਲ ਸਬੰਧਤ ਸੂਚਕ ਅੰਕ ’ਚ ਦੁਨੀਆ ਦੇ ਮੋਹਰੀ ਦੇਸ਼ਾਂ ਦੇ ਮੁਕਾਬਲੇ ’ਚ ਬਹੁਤ ਪਿੱਛੇ ਹੈ। ਜਦੋਂ ਤੱਕ ਦੇਸ਼ ਦੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੁੰਦੇ, ਦੇਸ਼ ’ਚੋਂ ਭੁੱਖਮਰੀ ਤੇ ਗਰੀਬੀ ਦਾ ਖ਼ਾਤਮਾ ਨਹੀਂ ਹੋ ਸਕੇਗਾ। ਕੁੱਲ ਘਰੇਲੂ ਪੈਦਾਵਾਰ ਦੀ ਕਾਣੀਵੰਡ ਦਾ ਖ਼ਾਤਮਾ ਕੀਤੇ ਬਗੈਰ ਭਾਰਤ ਨੂੰ ਦੁਨੀਆ ਦੇ ਪਹਿਲੇ ਜਾਂ ਤੀਜੇ ਦਰਜੇ ਦਾ ਦੇਸ਼ ਬਣਨ ਦਾ ਲੋਕਾਂ ਨੂੰ ਕੋਈ ਲਾਭ ਨਹੀਂ ਹੋਵੇਗਾ। ਸਰਕਾਰ ਨੂੰ ਦੇਸ਼ ਦੇ ਸਭ ਲੋਕਾਂ ਦੇ ਹਿੱਤਾਂ ਨੂੰ ਧਿਆਨ ‘ਚ ਰੱਖਦਿਆਂ ਅਸਲੀਅਤ ’ਚ ਨਿਵੇਸ਼ ਵਧਾਉਣਾ ਹੋਵੇਗਾ।



# ਵਿਸ਼ਵ ਦਾ 'ਸਰਦਾਰ' ਕੌਣ?

## ਪੂਰੀ ਦੁਨੀਆ ਦਾ ਨੇਤਾ ਬਣਨ ਲਈ ਅਮਰੀਕਾ ਅਤੇ ਚੀਨ ਵਿਚਾਲੇ ਲੱਗੀ ਦੌੜ




ਜਗਮੋਹਨ ਸਿੰਘ 'ਲੱਕੀ'
9463819174

**ਇਸ ਸਮੇਂ ਪੂਰੇ ਵਿਸ਼ਵ ਦੇ ਦੇਸ਼ ਦੋ ਧੜਿਆਂ 'ਚ ਵੰਡੇ ਨਜ਼ਰ ਆ ਰਹੇ ਹਨ। ਦੋ ਸ਼ਕਤੀਸ਼ਾਲੀ ਧੁਰਿਆਂ ਵਾਲੀ ਇਸ ਦੁਨੀਆ ਵਿੱਚ ਇੱਕ ਪਾਸੇ ਅਮਰੀਕਾ ਦਾਦਾਗਿਰੀ ਦਿਖਾ ਰਿਹਾ ਹੈ, ਦੂਜੇ ਪਾਸੇ ਚੀਨ ਆਪਣੀ ਆਰਥਿਕ ਅਤੇ ਰਣਨੀਤਿਕ ਛੁਰੀ ਨੂੰ ਏਨੀ ਬਾਰੀਕੀ ਨਾਲ ਘੁਮਾਉਂਦਾ ਹੈ ਕਿ ਉਸ ਦਾ ਦਰਦ ਵੀ ਮਹਿਸੂਸ ਨਹੀਂ ਹੁੰਦਾ। ਅਮਰੀਕਾ ਦਿਨੋਂ ਦਿਨ ਆਪਣੀ ਸ਼ਕਤੀ ਵਿੱਚ ਵਾਧਾ ਕਰਦਿਆਂ ਆਪਣੇ ਖੇਤਰ ਨੂੰ ਹੋਰ ਵਧਾਉਣ ਦੇ ਯਤਨ ਕਰ ਰਿਹਾ ਹੈ। ਉਸ ਵੱਲੋਂ ਕਈ ਬਹਾਨੇ ਲਗਾ ਕੇ ਗ੍ਰੀਨਲੈਂਡ ਟਾਪੂ 'ਤੇ ਅਮਰੀਕੀ ਹੱਕ ਜਤਾਉਣ ਨੂੰ ਇਸੇ ਲੜੀ ਵਿੱਚ ਪਰੋ ਕੇ ਵੇਖਿਆ ਜਾ ਰਿਹਾ ਹੈ। ਦੂਜੇ ਪਾਸੇ ਰੂਸ, ਚੀਨ, ਨਾਟੋ ਦੇਸ਼, ਯੂਰੋਪੀਅਨ ਯੂਨੀਅਨ ਹੁਣ ਅਮਰੀਕਾ ਤੋਂ ਦੂਰ ਹੁੰਦੇ ਜਾ ਰਹੇ ਹਨ। ਚੀਨ ਤਾਂ ਖੁੱਲ੍ਹ ਕੇ ਅਮਰੀਕਾ ਦੇ ਮੁਕਾਬਲੇ ਵਿੱਚ ਆ ਗਿਆ ਹੈ। ਅਜਿਹੇ ਸਮੇਂ ਵਿੱਚ ਭਾਰਤ ਵਰਗੇ ਦੇਸ਼ ਨਿਰਪੱਖ ਰਹਿ ਕੇ 'ਗੁੱਟ ਨਿਰਪੇਖ ਲਹਿਰ' ਨੂੰ ਮਜ਼ਬੂਤ ਕਰ ਰਹੇ ਹਨ।**



ਸੰਯੁਕਤ ਰਾਜ ਅਮਰੀਕਾ ਪਰਮਾਣੂ ਹਥਿਆਰ, ਸ਼ਕਤੀਸ਼ਾਲੀ ਫ਼ੌਜ, ਡਾਲਰ ਦੀ ਮਜ਼ਬੂਤੀ ਅਤੇ ਮਜ਼ਬੂਤ ਅਰਥ ਵਿਵਸਥਾ ਕਾਰਨ ਵਿਸ਼ਵ ਦੀ ਵੱਡੀ ਸ਼ਕਤੀ ਬਣਿਆ ਹੋਇਆ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਟੈਰਿਫ਼ ਦਾ ਡੰਡਾ ਦਿਖਾ ਕੇ ਵਿਸ਼ਵ ਦੇ ਵੱਖ- ਵੱਖ ਦੇਸ਼ਾਂ ਨੂੰ ਆਪਣੇ ਪੱਖ ਵਿੱਚ ਕੀਤਾ ਜਾ ਰਿਹਾ ਹੈ, ਜਿਸ ਕਾਰਨ ਕਈ ਦੇਸ਼ ਤਾਂ ਅਮਰੀਕੀ ਘੁਰਕੀ ਤੋਂ ਡਰਦਿਆਂ ਉਸ ਦੀ ਸ਼ਰਨ ਵਿੱਚ ਪਹੁੰਚ ਗਏ ਹਨ, ਜਦੋਂਕਿ ਕਈ ਦੇਸ਼ ਅਮਰੀਕੀ ਗਲਬੇ ਤੋਂ ਦੂਰ ਰਹਿਣ ਵਿੱਚ ਆਪਣੀ ਭਲਾਈ ਸਮਝ ਰਹੇ ਹਨ। ਚੀਨ ਅਤੇ ਰੂਸ ਦੀ ਅਗਵਾਈ ਵਿੱਚ ਵੀ ਵਿਸ਼ਵ ਦੇ ਕਈ ਦੇਸ਼ ਇੱਕਜੁੱਟ ਹੋ ਰਹੇ ਹਨ, ਜੋ ਕਿ ਅਮਰੀਕਾ ਲਈ ਨਵੀਂ ਸਿਰਦਰਦੀ ਬਣਦੇ ਜਾ ਰਹੇ ਹਨ। ਇਸ ਤੋਂ ਇਲਾਵਾ ਕਈ ਦਹਾਕਿਆਂ ਤੋਂ ਅਮਰੀਕਾ ਦੀ ਸਹਿਯੋਗੀ ਅਤੇ ਚੰਗਾ ਦੋਸਤ ਰਹੀ ਯੂਰੋਪੀਅਨ ਯੂਨੀਅਨ ਵੀ ਹੁਣ ਅਮਰੀਕਾ ਤੋਂ ਦੂਰੀ ਬਣਾਉਣ ਲੱਗੀ ਹੈ। ਯੂਰੋਪੀਅਨ ਦੇਸ਼ਾਂ ਨੇ ਹੁਣ ਅਮਰੀਕੀ ਫ਼ੌਜ ਤੋਂ ਆਪਣੀ ਸੁਰੱਖਿਆ ਕਰਵਾਉਣ ਦੀ ਥਾਂ ਆਪਣਾ ਰੱਖਿਆ ਬਜਟ ਦੁੱਗਣਾ ਕਰਨ ਬਾਰੇ ਸੋਚਣਾ ਆਰੰਭ ਕਰ ਦਿੱਤਾ ਹੈ। ਜਿਸ ਤੋਂ ਪਤਾ ਚੱਲਦਾ ਹੈ ਕਿ ਵਿਸ਼ਵ ਦੇ ਵੱਡੀ ਗਿਣਤੀ ਦੇਸ਼ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਕਾਰਨ ਹੋਰਨਾਂ ਦੇਸ਼ਾਂ ਵੱਲ ਆਪਣੀਆਂ ਮੁਹਾਰਾਂ ਮੋੜ ਚੁੱਕੇ ਹਨ। ਯੂਰੋਪੀਅਨ ਯੂਨੀਅਨ ਅਤੇ ਭਾਰਤ ਵਿਚਾਲੇ ਹੋਏ ਮੁਕਤ ਵਪਾਰ ਸਮਝੌਤੇ ਨੂੰ ਵੀ ਇਸੇ ਲੜੀ ਵਿੱਚ ਪਰੋ ਕੇ ਵੇਖਿਆ ਜਾ ਰਿਹਾ ਹੈ। ਯੂਰੋਪੀਅਨ ਯੂਨੀਅਨ ਅਤੇ ਭਾਰਤ ਵਿਚਾਲੇ ਕਈ ਦਹਾਕਿਆਂ ਤੋਂ ਵਪਾਰਕ ਸਮਝੌਤਾ ਹੋਣ ਸਬੰਧੀ ਗੱਲਬਾਤ ਹੋ ਰਹੀ ਸੀ ਜੋ ਕਿ ਪਿਛਲੇ ਦਿਨੀਂ ਵਪਾਰਕ ਸਮਝੌਤਾ ਹੋਣ ਤੋਂ ਬਾਅਦ ਮੁਕੰਮਲ ਹੋਈ। ਈ.ਯੂ. ਅਤੇ ਭਾਰਤ ਵਿਚਾਲੇ ਹੋਏ ਇਸ ਮਹੱਤਵਪੂਰਨ ਸਮਝੌਤੇ ਤੋਂ ਬਾਅਦ ਅਮਰੀਕਾ ਵਰਗੇ ਦੇਸ਼ਾਂ ਨੂੰ ਵੀ ਭਾਰਤ ਦੀ ਮਹੱਤਤਾ ਦਾ ਪਤਾ ਲੱਗ ਗਿਆ ਹੈ।

ਯੂਰੋਪੀਅਨ ਯੂਨੀਅਨ ਅਤੇ ਭਾਰਤ ਵਿਚਾਲੇ ਮੁਕਤ ਵਪਾਰ ਸਮਝੌਤਾ ਹੋਣ ਤੋਂ ਬਾਅਦ ਕੈਨੇਡਾ, ਬਰਤਾਨੀਆ ਅਤੇ ਹੋਰ ਦੇਸ਼ ਵੀ ਭਾਰਤ ਨਾਲ ਵਪਾਰਕ ਭਾਈਵਾਲੀ ਵਧਾਉਣ ਅਤੇ ਨਵੇਂ ਵਪਾਰਕ ਸਮਝੌਤੇ ਕਰਨ ਦੀ ਇੱਛਾ ਦਾ ਪ੍ਰਗਟਾਵਾ ਕਰ ਰਹੇ ਹਨ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਮਾਰਚ ਦੇ ਪਹਿਲੇ ਹਫ਼ਤੇ ਭਾਰਤ ਦਾ ਦੌਰਾ ਕਰਨ ਲਈ ਤਿਆਰ ਹਨ। ਇਸ ਦੌਰਾਨ ਦੋਵੇਂ ਦੇਸ਼ ਆਪਣੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਮਾਮਲਿਆਂ 'ਤੇ ਗੱਲਬਾਤ ਕਰਨਗੇ ਤੇ ਸਮਝੌਤੇ ਸਹੀਬੰਦ ਕਰਨਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਯਾਤਰਾ ਦੌਰਾਨ ਯੂਰੇਨੀਅਮ, ਊਰਜਾ, ਖਣਿਜ ਅਤੇ ਮਸਨੂਈ ਬੌਧਿਕਤਾ ਦੇ ਮਾਮਲਿਆਂ 'ਤੇ ਸਮਝੌਤਿਆਂ 'ਤੇ ਦਸਤਖ਼ਤ ਹੋਣਗੇ। ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਦੋ ਸਾਲਾਂ ਦੇ ਤਣਾਅਪੂਰਨ ਸਬੰਧਾਂ ਮਗਰੋਂ ਕੈਨੇਡਾ ਤੇ ਭਾਰਤ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਗੇ।

ਅਮਰੀਕਾ ਆਪਣੇ ਆਪ ਨੂੰ ਦੁਨੀਆ ਦਾ 'ਥਾਣੇਦਾਰ' ਸਮਝਦਾ ਹੈ। ਇਹੋ ਕਾਰਨ ਹੈ ਕਿ ਵਿਸ਼ਵ ਦੇ ਹਰ ਇਲਾਕੇ ਵਿੱਚ ਹੁੰਦੀਆਂ ਅਹਿਮ ਘਟਨਾਵਾਂ ਵਿੱਚ ਅਕਸਰ ਅਮਰੀਕੀ ਦਖ਼ਲ-ਅੰਦਾਜ਼ੀ ਦੀ ਗੱਲ ਸਾਹਮਣੇ ਆਉਂਦੀ ਹੈ। ਅਨੇਕਾਂ ਦੇਸ਼ਾਂ ਵਿੱਚ ਹੋਈਆਂ ਬਗਾਵਤਾਂ ਦਾ ਗਵਾਹ ਵੀ ਪਿਛਲੇ ਸਮੇਂ ਦੌਰਾਨ ਅਮਰੀਕਾ ਬਣਦਾ ਰਿਹਾ ਹੈ। ਉਸ ਦੀ ਦੂਜੇ ਦੇਸ਼ਾਂ ਵਿੱਚ ਲੋੜ ਤੋਂ ਵੱਧ ਦਖ਼ਲ-ਅੰਦਾਜ਼ੀ ਦੀ ਨੀਤੀ ਅਜੇ ਵੀ ਜਾਰੀ ਹੈ ਅਤੇ ਉਹ ਆਪਣੇ ਆਪ ਨੂੰ ਅਜੇ ਵੀ ਦੁਨੀਆ ਦਾ ਸ਼ਹਿਨਸ਼ਾਹ ਸਮਝਦਾ ਹੈ।

ਅਮਰੀਕਾ ਦੇ ਸਖ਼ਤ ਵੀਜ਼ਾ ਨਿਯਮਾਂ ਅਤੇ ਨਵੇਂ ਕਾਨੂੰਨਾਂ ਕਾਰਨ ਅਮਰੀਕਾ ਤੋਂ ਦੂਜੇ ਦੇਸ਼ਾਂ ਦੇ ਲੋਕਾਂ ਦਾ ਮੋਹ ਭੰਗ ਹੋ ਰਿਹਾ ਹੈ। ਇਹੋ ਕਾਰਨ ਹੈ ਕਿ ਦੂਜੇ ਦੇਸ਼ਾਂ ਤੋਂ ਪਰਵਾਸ ਕਰਨ ਦੇ ਚਾਹਵਾਨ ਵਿਅਕਤੀ ਹੁਣ ਅਮਰੀਕਾ ਜਾਣ ਦੀ ਥਾਂ ਹੋਰਨਾਂ ਦੇਸ਼ਾਂ ਵੱਲ ਜਾਣ ਨੂੰ ਤਰਜੀਹ ਦੇ ਰਹੇ ਹਨ। ਭਾਵੇਂ ਕਿ ਅਮਰੀਕੀ ਡਾਲਰ ਦੀ ਮਜ਼ਬੂਤੀ ਉਹਨਾਂ ਨੂੰ ਅਮਰੀਕਾ ਵੱਲ ਵੀ ਖਿੱਚ ਪਾ ਰਹੀ ਹੈ ਪਰ ਹੁਣ ਉਹਨਾਂ ਨੂੰ ਅਮਰੀਕਾ ਵਿੱਚ ਆਪਣਾ ਭਵਿੱਖ ਸੁਰੱਖਿਅਤ ਨਹੀਂ ਲੱਗ ਰਿਹਾ। ਅਮਰੀਕੀ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਅਡਮਿਸ਼ਨ ਵਿੱਚ ਲਗਭਗ 75% ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਗਿਰਾਵਟ ਸਖ਼ਤ ਵੀਜ਼ਾ ਨੀਤੀਆਂ, ਇੰਟਰਵਿਊ ਸਲਾਟਾਂ ਦੀ ਭਾਰੀ ਕਮੀ ਅਤੇ ਵਧਦੇ ਰਿਜੈਕਸ਼ਨ ਰੇਟ ਕਾਰਨ ਹੋਈ ਹੈ, ਜਿਸ ਨੇ 'ਅਮਰੀਕਨ ਡ੍ਰੀਮ' ਨੂੰ ਅਨਿਸ਼ਚਿਤਤਾ ਵਿੱਚ ਬਦਲ ਦਿੱਤਾ ਹੈ। ਸਿਰਫ਼ ਵਿਦਿਆਰਥੀ ਹੀ ਨਹੀਂ, ਸਗੋਂ ਐਚ-1 ਬੀ ਵੀਜ਼ਾ 'ਤੇ ਕੰਮ ਕਰ ਰਹੇ ਭਾਰਤੀ ਪੇਸ਼ੇਵਰ ਮਾਹਿਰ ਵੀ ਇਸ ਪ੍ਰਸ਼ਾਸਨਿਕ ਸਖ਼ਤੀ ਅਤੇ ਬਦਲਦੀਆਂ ਆਰਥਿਕ ਨੀਤੀਆਂ ਕਾਰਨ ਭਾਰੀ ਦਬਾਅ ਮਹਿਸੂਸ ਕਰ ਰਹੇ ਹਨ।

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਹਰ ਦਿਨ ਵੱਖ ਵੱਖ ਦੇਸ਼ਾਂ 'ਤੇ ਅਮਰੀਕੀ ਟੈਰਿਫ਼ ਦਾ ਦਬਾਓ ਪਾ ਰਹੇ ਹਨ, ਜਿਸ ਕਾਰਨ ਅਮਰੀਕਾ ਪੀੜਤ ਦੇਸ਼ਾਂ ਦੀ ਗਿਣਤੀ ਵਿੱਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ ਅਤੇ ਇਹ ਦੇਸ਼ ਹੁਣ 'ਟਰੰਪ ਪੀੜਤ ਯੂਨੀਅਨ' ਬਣਾਉਣ ਬਾਰੇ ਆਪਸ ਵਿੱਚ ਵਿਚਾਰ ਵਟਾਂਦਰਾ ਕਰ ਰਹੇ ਹਨ। ਅੰਤਰਰਾਸ਼ਟਰੀ ਮਾਹਿਰ ਅੰਦਾਜ਼ਾ ਲਗਾ ਰਹੇ ਹਨ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਵਿਸਤਾਰਵਾਦੀ ਅਤੇ ਅਮਰੀਕਾ ਫਸਟ ਦੀਆਂ ਨੀਤੀਆਂ ਇੱਕ ਦਿਨ ਅਮਰੀਕਾ ਨੂੰ ਪੂਰੀ ਦੁਨੀਆ ਵਿੱਚ ਅਲੱਗ ਥਲੱਗ ਪਾ ਸਕਦੀਆਂ ਹਨ। ਦੂਜੇ ਪਾਸੇ ਚੀਨ ਇੱਕ ਮਜ਼ਬੂਤ ਸ਼ਕਤੀ ਵਜੋਂ ਉਭਰ ਰਿਹਾ ਹੈ, ਜੋ ਕਿ ਅਮਰੀਕਾ ਨੂੰ ਹਰ ਖੇਤਰ ਵਿੱਚ ਚੁਣੌਤੀ ਦੇ ਰਿਹਾ ਹੈ। ਅਜਿਹੇ ਮਾਹੌਲ ਵਿੱਚ ਵਿਸ਼ਵ ਦੇ ਦੇਸ਼ ਦੋ ਖੇਮਿਆਂ ਵਿੱਚ ਵੰਡੇ ਨਜ਼ਰ ਆ ਰਹੇ ਹਨ। ਇਹ ਤਾਂ ਹੁਣ ਆਉਣ ਵਾਲਾ ਸਮਾਂ ਦੱਸੇਗਾ ਕਿ ਅਮਰੀਕਾ ਅਤੇ ਚੀਨ ਵਿਚੋਂ ਕਿਹੜਾ ਸ਼ਕਤੀਸ਼ਾਲੀ ਦੇਸ਼ ਦੁਨੀਆ ਦਾ ਨੇਤਾ ਬਣਦਾ ਹੈ?

### 'ਟਰੇਡ ਡੀਲ' ਦਾ ਸਾਲ ਬਣਿਆ 2026

ਨਵੇਂ ਸਾਲ 2026 ਦੇ ਪਹਿਲੇ ਮਹੀਨੇ ਹੀ ਵੱਖ- ਵੱਖ ਦੇਸ਼ਾਂ ਵਿਚਾਲੇ ਮਹੱਤਵਪੂਰਨ ਵਪਾਰਕ ਸਮਝੌਤੇ ਹੋਣ ਕਾਰਨ ਇਸ ਸਾਲ ਨੂੰ 'ਟਰੇਡ ਡੀਲ' ਉਰਫ਼ ਵਪਾਰਕ ਸਮਝੌਤੇ ਵਾਲਾ ਸਾਲ ਕਿਹਾ ਜਾਣ ਲੱਗਿਆ ਹੈ। ਇਸ ਸਾਲ ਵੱਖ- ਵੱਖ ਦੇਸ਼ਾਂ ਵਿਚਾਲੇ ਹੋਰ ਵੀ ਅਨੇਕਾਂ ਮਹੱਤਵਪੂਰਨ ਸਮਝੌਤੇ ਹੋਣ ਦੀ ਉਮੀਦ ਹੈ। ਭਾਰਤ ਪਿਛਲੇ ਸਾਲ ਭਾਰਤ ਨੇ ਯੂ.ਕੇ.,ਓਮਾਨ, ਨਿਊਜ਼ੀਲੈਂਡ ਅਤੇ ਯੂਰੋਪੀਅਨ ਮੁਕਤ ਵਪਾਰ ਸੰਘ ਦੇ ਚਾਰ ਮੈਂਬਰਾਂ ਨਾਲ ਸਮਝੌਤੇ ਕੀਤੇ ਸਨ, ਜਦੋਂਕਿ ਪਿਛਲੇ ਦਿਨੀਂ ਭਾਰਤ ਨੇ ਯੂਰੋਪੀਅਨ ਯੂਨੀਅਨ ਨਾਲ ਮੁਕਤ ਵਪਾਰ ਸਮਝੌਤਾ ਕੀਤਾ ਹੈ।

### ਦੁਨੀਆ ਦੇ 'ਮਿਡਲ- ਪਾਵਰ' ਦੇਸ਼ਾਂ 'ਚ ਏਕਤਾ ਦੀ ਲੋੜ

ਬਦਲਾਓ ਕੁਦਰਤ ਦਾ ਅਟੱਲ ਨਿਯਮ ਹੈ। ਇਸ ਸਮੇਂ ਪੂਰੀ ਦੁਨੀਆ ਬਦਲ ਰਹੀ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨਾਲ ਨਾਰਾਜ਼ ਅਮਰੀਕਾ ਦੇ ਪੁਰਾਣੇ ਸਹਿਯੋਗੀ, ਅਮੀਰ ਅਤੇ ਵਿਕਸਤ ਦੇਸ਼ ਹੁਣ ਨਵੇਂ ਦੋਸਤਾਂ ਦੀ ਤਲਾਸ਼ ਕਰ ਰਹੇ ਹਨ। 'ਦਾਵੋਸ' ਵਿੱਚ ਸੰਬੋਧਨ ਕਰਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੇ 'ਮਿਡਲ-ਪਾਵਰ' ਦੇਸ਼ਾਂ ਦੀ ਜੋ ਪਰਿਭਾਸ਼ਾ ਦਿੱਤੀ, ਇਹ ਇੱਕ ਯੁੱਗ ਨੂੰ ਦਰਸਾਉਣ ਵਾਲਾ ਵਿਚਾਰ ਬਣ ਗਿਆ। ਦੋ ਮਹਾਂਸ਼ਕਤੀਆਂ ਦੇ ਬਾਅਦ 10 ਮੁੱਖ ਅਰਥ ਵਿਵਸਥਾਵਾਂ ਦੀ ਗਿਣਤੀ ਸ਼ੁਰੂ ਕੀਤੀ ਜਾਵੇ ਤਾਂ ਤੀਜੇ, ਚੌਥੇ ਤੇ ਪੰਜਵੇਂ ਨੰਬਰ 'ਤੇ ਲੜੀਵਾਰ ਜਰਮਨੀ, ਜਾਪਾਨ ਅਤੇ ਭਾਰਤ ਦਿਖਾਈ ਦਿੰਦੇ ਹਨ, ਜਿਨ੍ਹਾਂ 'ਮਿਡਲ-ਪਾਵਰ' ਦੇਸ਼ ਮੰਨਿਆ ਜਾ ਸਕਦਾ ਹੈ। ਫਰਾਂਸ ਅਤੇ ਇਟਲੀ ਨੂੰ 7ਵੇਂ ਅਤੇ 8ਵੇਂ, ਕੈਨੇਡਾ ਨੂੰ 10ਵੇਂ ਨੰਬਰ 'ਤੇ ਰੱਖਿਆ ਜਾ ਸਕਦਾ ਹੈ। ਇਸ ਤੋਂ ਅਗਲੀ ਸੂਚੀ ਵਿੱਚ ਬ੍ਰਾਜੀਲ, ਸਪੇਨ, ਮੈਕਿਸਕੋ ਅਤੇ ਦੱਖਣੀ ਕੋਰੀਆ ਆਦਿ ਦੇਸ਼ ਸ਼ਾਮਲ ਹਨ। ਇਹ ਸਾਰੇ ਦੇਸ਼ ਇਸ ਸਮੇਂ ਆਪਣੀ ਮੌਜੂਦਾ ਸਥਿਤੀ 'ਤੇ ਪੁਨਰ ਵਿਚਾਰ ਕਰ ਰਹੇ ਹਨ। ਜੇ ਇਹ ਸਾਰੇ 'ਮਿਡਲ- ਪਾਵਰ' ਦੇਸ਼ ਏਕਤਾ ਕਰ ਲੈਣ ਤਾਂ ਅਮਰੀਕਾ ਦਾ ਡਟ ਕੇ ਮੁਕਾਬਲਾ ਕਰ ਸਕਦੇ ਹਨ।



### ਪੱਛਮੀ ਦੇਸ਼ਾਂ ਦੇ ਨੇਤਾ ਕਰਨ ਲੱਗੇ ਚੀਨ ਦਾ ਦੌਰਾ

ਪਿਛਲੇ ਦਿਨਾਂ ਦੌਰਾਨ 5 ਪੱਛਮੀ ਦੇਸ਼ਾਂ ਦੇ ਨੇਤਾ ਚੀਨ ਦਾ ਦੌਰਾ ਕਰ ਚੁੱਕੇ ਹਨ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਪਿਛਲੇ ਦਿਨੀਂ ਚੀਨ ਦੇ ਦੌਰੇ 'ਤੇ ਪਹੁੰਚੇ। ਸਟਾਰਮਰ ਤੋਂ ਪਹਿਲਾਂ ਫਰਾਂਸ, ਕੈਨੇਡਾ, ਫਿਨਲੈਂਡ ਅਤੇ ਆਇਰਲੈਂਡ ਦੇ ਨੇਤਾ ਚੀਨ ਦਾ ਦੌਰਾ ਕਰ ਚੁੱਕੇ ਹਨ।ਉੱਥੇ ਹੀ, ਜਰਮਨੀ ਦੇ ਚਾਂਸਲਰ ਫ੍ਰੈਡਰਿਕ ਮਰਜ਼ ਅਗਲੇ ਮਹੀਨੇ 24 ਤੋਂ 27 ਫਰਵਰੀ ਦੇ ਵਿਚਕਾਰ ਚੀਨ ਦਾ ਦੌਰਾ ਕਰਨ ਵਾਲੇ ਹਨ।

ਪੱਛਮੀ ਦੇਸ਼ ਹੁਣ ਚੀਨ ਨਾਲ ਟਕਰਾਅ ਦੀ ਬਜਾਏ ਸੀਮਤ ਅਤੇ ਸੰਭਲੇ ਹੋਏ ਰਿਸ਼ਤੇ ਰੱਖਣਾ ਚਾਹੁੰਦੇ ਹਨ, ਤਾਂ ਜੋ ਉਹ ਵਿਸ਼ਵ ਪੱਧਰ 'ਤੇ ਇਕੱਲੇ ਨਾ ਪੈ ਜਾਣ। ਦੂਜੇ ਪਾਸੇ, ਚੀਨ ਵੀ ਪੱਛਮੀ ਦੇਸ਼ਾਂ ਨਾਲ ਆਪਣੇ ਰਿਸ਼ਤੇ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਵਿਸ਼ਵ ਵਪਾਰ ਸੰਗਠਨ ਦੇ ਮੰਚ ਤੋਂ ਟਰੰਪ ਨੇ ਕਿਹਾ ਕਿ ਅਮਰੀਕਾ ਹੁਣ ਯੂਰਪੀਅਨ ਦੇਸ਼ਾਂ ਨੂੰ ਆਪਣੇ ਬਾਜ਼ਾਰ ਅਤੇ ਫ਼ੌਜੀ ਸੁਰੱਖਿਆ ਦੀ ਸਹੂਲਤ ਮੁਫ਼ਤ ਵਿੱਚ ਨਹੀਂ ਦੇਵੇਗਾ। ਟਰੰਪ ਨੇ ਕਿਹਾ ਕਿ ਉਹ ਆਪਣੇ 'ਟ੍ਰੇਡ ਵਾਰ' ਨੂੰ ਅੱਗੇ ਵਧਾਉਣਗੇ ਅਤੇ ਟੈਰਿਫ਼ ਨੂੰ ਅਮਰੀਕੀ ਬਾਜ਼ਾਰ ਵਿੱਚ ਆਉਣ ਦੀ 'ਕੀਮਤ' ਦੱਸਿਆ।

ਟਰੰਪ ਦੀਆਂ ਟੈਰਿਫ਼ ਧਮਕੀਆਂ ਦੇ ਵਿਚਕਾਰ ਪੱਛਮੀ ਦੇਸ਼ ਹੁਣ ਚੀਨ ਨਾਲ ਰਿਸ਼ਤੇ ਸੁਧਾਰਨ ਦੀ ਕੋਸ਼ਿਸ਼ ਵਿੱਚ ਲੱਗ ਗਏ ਹਨ। ਪੱਛਮੀ ਦੇਸ਼ਾਂ ਦੀਆਂ ਚੀਨ ਯਾਤਰਾਵਾਂ ਸਿਰਫ਼ ਆਰਥਿਕ ਜ਼ਰੂਰਤ ਨਹੀਂ ਹਨ, ਸਗੋਂ ਇਨ੍ਹਾਂ ਨੂੰ ਰਿਸ਼ਤਿਆਂ ਅਤੇ ਵਿਸ਼ਵ ਰਾਜਨੀਤੀ ਵਿੱਚ ਹੋਣ ਵਾਲੇ ਵੱਡੇ ਬਦਲਾਅ ਵਜੋਂ ਦੇਖਿਆ ਜਾ ਰਿਹਾ ਹੈ।

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035



ਸੁਖਵਿੰਦਰ ਸਿੰਘ
ਮੁੱਲਾਂਪੁਰ

# ਕੁੱਪ ਰਹੀੜੇ ਦਾ ਵੱਡਾ ਘੱਲੂਘਾਰਾ



18ਵੀਂ ਸਦੀ ਵਿੱਚ ਵਾਪਰੇ ਦੋ ਘੱਲੂਘਾਰਿਆਂ ਦਾ ਇਤਿਹਾਸ ਵੱਖਰਾ ਹੀ ਹੈ। ਇਹ ਦੋਵੇਂ ਘੱਲੂਘਾਰੇ ਛੋਟੇ ਅਤੇ ਵੱਡੇ ਘੱਲੂਘਾਰੇ ਦੇ ਨਾਮ ਨਾਲ ਜਾਣੇ ਜਾਂਦੇ ਹਨ। ਛੋਟਾ ਘੱਲੂਘਾਰਾ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ’ਚ ਵਾਪਰਿਆ। ਇਹ ਜਗ੍ਹਾ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ ’ਤੇ 8 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇਸ ਘੱਲੂਘਾਰੇ ਵਿੱਚ ਦਸ ਹਜ਼ਾਰ ਸਿੰਘ, ਬੀਬੀਆਂ ਅਤੇ ਬੱਚੇ ਸ਼ਹੀਦ ਹੋਏ। ਵੱਡਾ ਘੱਲੂਘਾਰਾ ਇਸ ਛੋਟੇ ਘੱਲੂਘਾਰੇ ਤੋਂ 16 ਸਾਲ ਬਾਅਦ 5 ਫ਼ਰਵਰੀ 1762 ਨੂੰ ਰੋਹੀੜੇ (ਨੇੜੇ ਕੁੱਪ) ਜ਼ਿਲ੍ਹਾ ਸੰਗਰੂਰ ਵਿੱਚ ਵਾਪਰਿਆ।

ਮੁਗਲਾਂ ਦਾ ਰਾਜ ਲਗਪਗ ਖ਼ਤਮ ਹੋ ਚੱਲਿਆ ਸੀ। ਮਰਹੱਟੇ ਤਾਕਤ ਫੜ੍ਹਦੇ ਜਾ ਰਹੇ ਸਨ। ਉਨ੍ਹਾਂ ਦੀ ਤਾਕਤ ਘੱਟ ਕਰਨ ਲਈ ਅਬਦਾਲੀ ਨੇ ਮਰਹੱਟਿਆਂ ’ਤੇ ਹੱਲਾ ਬੋਲ ਦਿੱਤਾ। ਏਸ਼ੀਆ ਦੇ ਵੱਡੇ ਸੈਨਾਪਤੀਆਂ ਵਿੱਚ ਗਿਣੇ ਜਾਣ ਵਾਲੇ ਅਬਦਾਲੀ ਨੇ ਹਿੰਦੁਸਤਾਨ ਉਪਰ ਅੱਠ ਹਮਲੇ ਕੀਤੇ ਆਪਣੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਨਾਲ ਯੁੱਧ ਕਰਨ ਸਮੇਂ ਉਨ੍ਹਾਂ ਦਾ ਚੰਗੀ ਤਰ੍ਹਾਂ ਲੱਕ ਤੋੜ ਦਿੱਤਾ। ਅਬਦਾਲੀ ਮਰਹੱਟਿਆਂ ਨੂੰ ਲੁੱਟ ਕੇ ਮਹਾਨ ਜੇਤੂ ਦੇ ਰੂਪ ਵਿੱਚ ਕਾਬਲ ਜਾ ਰਿਹਾ ਸੀ। ਪੰਜਾਬ ਵਿਚ ਦੀ ਲੰਘਦਿਆਂ ਖ਼ਾਲਸੇ ਨੇ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਫ਼ੈਸਲਾ ਕੀਤਾ। ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਆਪਣੇ ਯੋਧਿਆਂ ਨਾਲ ਅਬਦਾਲੀ ਦੇ ਪਿੱਛੇ ਲੱਗ ਗਿਆ। ਜੋ ਮਾਲ ਅਬਦਾਲੀ ਮਰਹੱਟਿਆਂ ਤੋਂ ਲੁੱਟ ਕੇ ਲਿਜਾ ਰਿਹਾ ਸੀ, ਉਸ ਨੇ ਉਹ ਸਾਰਾ ਮਾਲ ਹੱਲਾ ਬੋਲ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ। ਇਹ ਵੇਖ ਕੇ ਅਬਦਾਲੀ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ।

ਅਬਦਾਲੀ ਨੂੰ ਮਹੰਤ ਆਕਲ ਦਾਸ ਹੰਡਾਲੀਆ ਜੰਡਿਆਲੇ ਵਾਲਾ, ਚੁਗਲਾ ਰਾਮ ਰੰਧਾਵਾ, ਰਾਜਾ ਘੁਮੰਡ ਅਤੇ ਹੋਰ ਨਵਾਬਾਂ-ਚੌਧਰੀਆਂ ਨੇ ਸਿੰਘਾਂ ਬਾਰੇ ਉਕਸਾ ਕੇ ਸਿੰਘਾਂ ’ਤੇ ਛੇਵਾਂ ਹਮਲਾ ਕਰਕੇ ਖੋਜ-ਖੁਰਾ ਮਿਟਾਉਣ ਲਈ ਕਿਹਾ। ਜਦੋਂ ਸਿੰਘਾਂ ਨੂੰ ਅਬਦਾਲੀ ਦੇ ਛੇਵੇਂ ਹਮਲੇ ਦੀ ਸੂਹ ਮਿਲੀ ਕਿ ਅਬਦਾਲੀ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵੱਲ ਸਿੰਘਾਂ ’ਤੇ ਹੱਲਾ ਬੋਲ ਕੇ ਉਨ੍ਹਾਂ ਦਾ ਖੋਜ-ਖੁਰਾ ਮਿਟਾਉਣ ਆ ਰਿਹਾ ਹੈ ਤਾਂ ਖ਼ਾਲਸੇ ਨੇ ਬੜੀ ਦੂਰ-ਅੰਦੇਸ਼ੀ ਵਾਲਾ ਫ਼ੈਸਲਾ ਕੀਤਾ ਕਿ ਸਭ ਤੋਂ ਪਹਿਲਾਂ ਟੱਬਰਾਂ ਅਤੇ ਬੱਚਿਆਂ ਦੀ ਰਾਖੀ ਕੀਤੀ ਜਾਵੇ। ਜੇ ਪਰਿਵਾਰ ਬਚੇ ਰਹੇ ਤਾਂ ਸਿੱਖ ਕੌਮ ਬਚੀ ਰਹੇਗੀ ਅਤੇ ਜੇ ਸਿੱਖ ਕੌਮ ਬਚੀ ਰਹੀ ਤਾਂ ਸਿੱਖ ਧਰਮ ਬਚਿਆ ਰਹੇਗਾ। ਰੋਹੀੜੇ (ਕੁੱਪ) ਦੀ ਥੇਹ ਨੇੜੇ 50-55 ਹਜ਼ਾਰ ਦੀ ਗਿਣਤੀ ਵਿੱਚ ਸਿੱਖ ਇਕੱਠੇ ਹੋ ਗਏ। ਇਸ ਗਿਣਤੀ ਵਿੱਚ ਬੱਚੇ, ਬੁੱਢੇ ਅਤੇ ਔਰਤਾਂ ਵੀ ਸ਼ਾਮਲ ਸਨ। ਇਨ੍ਹਾਂ ਪਰਿਵਾਰਾਂ ਨੂੰ ਬਰਨਾਲੇ ਵਿੱਚ, ਜਿੱਥੇ ਬਾਬਾ ਆਲਾ ਸਿੰਘ ਦਾ ਰਾਜ ਸੀ, ਸੁਰੱਖਿਅਤ ਥਾਂ ਵੱਲ ਲਿਜਾਇਆ ਜਾ ਰਿਹਾ ਸੀ। ਸਿੱਖ ਸਰਦਾਰਾਂ ਨੂੰ ਉਮੀਦ ਸੀ ਕਿ ਅਬਦਾਲੀ ਨੂੰ ਸਿੱਖਾਂ ਤੱਕ ਪੁੱਜਣ ਲਈ ਕਈ ਦਿਨ ਲੱਗ ਜਾਣਗੇ। ਅਬਦਾਲੀ 3 ਫ਼ਰਵਰੀ 1762 ਨੂੰ ਲਾਹੌਰ ਪਹੁੰਚ ਗਿਆ। ਸਿੱਖਾਂ ਨੂੰ ਉਮੀਦ ਸੀ ਕਿ ਉਹ ਹਾਲੇ ਲਾਹੌਰ ਆਰਾਮ ਕਰਕੇ ਫਿਰ ਇੱਧਰ ਆਵੇਗਾ ਪਰ ਅਬਦਾਲੀ ਮਾਰੋ ਮਾਰ ਕਰਦਾ 50 ਹਜ਼ਾਰ ਫ਼ੌਜ ਅਤੇ 20-25 ਹਜ਼ਾਰ ਮੁਸਲਮ ਮੁਲਖਈਆਂ ਸਮੇਤ 5 ਫ਼ਰਵਰੀ ਨੂੰ ਰੋਹੀੜੇ ਆਇਆ ਅਤੇ ਸਿੱਖਾਂ ਨੂੰ ਘੇਰ ਲਿਆ। ਇਧਰੋਂ ਨਵਾਬ ਜੈਨ ਖਾਂ ਸਰਹਿੰਦ ਤੇ ਨਵਾਬ ਮਾਲੇਰਕੋਟਲਾ ਆਪਣੀ ਸੈਨਾ ਲੈ ਕੇ ਆ ਗਏ।

ਭਾਵੇਂ ਪੰਜਾਬ ਉੱਤੇ ਅਬਦਾਲੀ ਵੱਲੋਂ ਥਾਪੇ ਗਏ ਸੂਬੇਦਾਰਾਂ ਦਾ ਰਾਜ ਸੀ ਪਰ ਪੰਜਾਬ ਬਾਰ੍ਹਾਂ ਮਿਸਲਾਂ ਦੇ ਰੂਪ ਵਿੱਚ ਸਿੱਖਾਂ ਦੇ ਕਬਜ਼ੇ ਵਿੱਚ ਆ ਚੁੱਕਾ ਸੀ। ਦਲ ਖਾਲਸਾ ਜੱਸਾ ਸਿੰਘ ਅਹਲੂਵਾਲੀਆ ਦੀ ਅਗਵਾਈ ਹੇਠ ਮਜ਼ਬੂਤ ਦਲ ਬਣ ਚੁੱਕਾ ਸੀ। ਇਸ ਜੰਗ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਨੇ ਸੰਭਾਲ ਲਈ। ਉਨ੍ਹਾਂ ਦਾ ਸਾਥ ਸਰਦਾਰ ਸ਼ਾਮ ਸਿੰਘ ਕਰੋੜਸਿੰਘੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਚੱਕੀਆ ਵਰਗੇ ਜਰਨੈਲ ਦੇ ਰਹੇ ਸਨ। ਘਮਸਾਨ ਦਾ ਜੰਗ ਜਾਰੀ ਹੋ ਚੁੱਕਾ ਸੀ। ਇਸ ਵਿੱਚ ਲੜਨ ਵਾਲੇ ਸਿੰਘਾਂ ਦੀ ਗਿਣਤੀ ਘੱਟ ਸੀ ਅਤੇ ਬੱਚੇ ਤੇ ਬੁੱਢਿਆਂ ਦੀ ਗਿਣਤੀ ਜ਼ਿਆਦਾ ਸੀ।

ਸਿੰਘਾਂ ਨੂੰ ਆਪਣੀ ਮੌਤ ਨਾਲੋਂ ਜ਼ਿਆਦਾ ਚਿੰਤਾ ਵਹੀਰ ਨੂੰ ਬਚਾਉਣ ਦੀ ਸੀ। ਸਾਰੇ ਸਿੰਘ ਵਹੀਰ ਦੇ ਆਲੇ-ਦੁਆਲੇ ਘੇਰਾ ਬਣਾ ਕੇ ਦੁਸ਼ਮਣਾਂ ਨਾਲ ਲੜ ਰਹੇ ਸਨ। ਅਬਦਾਲੀ ਅਤੇ ਉਸ ਦੇ ਜਰਨੈਲਾਂ ਵਲੀ ਖ਼ਾਨ, ਭੀਖਨ ਖ਼ਾਨ ਅਤੇ ਜੈਨ ਖ਼ਾਨ ਨੇ ਇਕਦਮ ਇਕੱਠਾ ਹਮਲਾ ਕਰਨ ਦੀ ਸਕੀਮ ਬਣਾਈ। ਇਸ ਹਮਲੇ ਨਾਲ ਸਿੰਘਾਂ ਦੇ ਪੈਰ ਉੱਖੜ ਗਏ। ਵਹੀਰ ਦੁਆਲੇ ਸਿੰਘਾਂ ਦਾ ਘੇਰਾ ਟੁੱਟ ਗਿਆ। ਵਹੀਰ ਦਾ ਬਹੁਤ ਨੁਕਸਾਨ ਹੋਇਆ। ਵੈਰੀਆਂ ਨੇ ਵੱਡੀ ਗਿਣਤੀ ਵਿੱਚ ਸਿੱਖ ਟੱਬਰ ਸ਼ਹੀਦ ਕਰ ਦਿੱਤੇ ਪਰ ਥੋੜ੍ਹੇ ਸਮੇਂ ਬਾਅਦ ਸਿੰਘ ਫਿਰ ਵਹੀਰ ਦੁਆਲੇ ਘੇਰਾ ਬਣਾਉਣ ਵਿੱਚ ਸਫ਼ਲ ਹੋ ਗਏ।

ਸਿੰਘ ਤੁਰਦੇ-ਤੁਰਦੇ ਹਠੂਰ ਦੀ ਢਾਬ ’ਤੇ ਪਹੁੰਚ ਗਏ। ਕੁਤਬੇ ਦੀ ਢਾਬ ’ਤੇ ਪਹੁੰਚ ਕੇ ਢਾਬ ਦੇ ਇੱਕ ਪਾਸੇ ਮੁਗਲ ਸੈਨਾ ਅਤੇ ਦੂਸਰੇ ਪਾਸੇ ਸਿੰਘ ਫ਼ੌਜਾਂ ਨੇ ਪਾਣੀ ਪੀਤਾ। ਲੜਾਈ ਲੜਦਿਆਂ ਕੁਝ ਫ਼ੌਜ ਬਰਨਾਲੇ ਵੱਲ ਨੂੰ ਅਤੇ ਕੁਝ ਫ਼ੌਜ ਹਠੂਰ ਹੁੰਦੀ ਹੋਈ ਹਨੇਰੇ ਦਾ ਫਾਇਦਾ ਲੈ ਕੇ ਦੂਰ ਪਿੰਡਾਂ ਵਿੱਚ ਖਿੱਲਰ ਗਈ।

ਇਸ ਜੰਗ ਵਿੱਚ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉਪਰ 32 ਅਤੇ ਸ਼ਾਮ ਸਿੰਘ ਦੇ ਸਰੀਰ ਉਪਰ 16 ਫੱਟ ਲੱਗੇ ਸਨ। ਕੋਈ ਸਿੰਘ ਅਜਿਹਾ ਨਹੀਂ ਸੀ, ਜਿਸ ਦੇ ਸਰੀਰ ਉਪਰ ਜ਼ਖ਼ਮ ਦਾ ਨਿਸ਼ਾਨ ਨਾ ਹੋਵੇ। ਇਹ ਲੜਾਈ ਰੋਹੀੜੇ ਦੇ ਮੈਦਾਨ ਤੋਂ ਲੈ ਕੇ ਗਹਿਲਾਂ ਤੱਕ ਲਗਪਗ 20 ਮੀਲ ਦੇ ਖੇਤਰ ਵਿੱਚ ਲੜੀ ਗਈ। ਇਸ ਘੱਲੂਘਾਰੇ ਵਿੱਚ ਲਗਪਗ 35 ਹਜ਼ਾਰ ਸਿੰਘ ਸ਼ਹੀਦ ਹੋ ਗਏ ਪਰ ਫਿਰ ਵੀ ਸਰਬੱਤ ਦਾ ਭਲਾ ਚਾਹੁਣ ਵਾਲੀ ਕੌਮ ਨੇ ਸ਼ਾਮ ਨੂੰ ਨਿਤਨੇਮ ਦੀ ਅਰਦਾਸ ਵਿੱਚ ਕਿਹਾ, ‘ਚਾਰ ਪਹਿਰ ਦਿਨ ਸੁੱਖ-ਸ਼ਾਂਤੀ ਦਾ ਬਤੀਤ ਹੋਇਆ। ਚਾਰ ਪਹਿਰ ਦੀ ਰਾਤ ਸੁਖ ਦੀ ਬਤੀਤ ਹੋਵੇ।’

15 ਫਰਵਰੀ 1762 ਨੂੰ ਅਬਦਾਲੀ ਜਦੋਂ ਸਰਹਿੰਦ ਤੋਂ ਲਾਹੌਰ ਵੱਲ ਮੁੜਿਆ ਤਾਂ ਰਸਤੇ ਵਿੱਚ ਉਸ ਨੇ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ। ਅੰਮ੍ਰਿਤਸਰ ਦੇ ਸਾਰੇ ਗੁਰਧਾਮ ਢਹਿ ਢੇਰੀ ਕਰ ਦਿੱਤੇ ਗਏ। ਹਰਿਮੰਦਰ ਸਾਹਿਬ ਨੂੰ ਬਾਰੂਦ ਦੇ ਕੁੱਪੇ ਰੱਖ ਕੇ ਉੱਡਾ ਦਿੱਤਾ। ਦਰਬਾਰ ਸਾਹਿਬ ਦੇ ਸਰੋਵਰ ਨੂੰ ਇਟਾਂ-ਵੱਟੇ ਅਤੇ ਆਲੇ-ਦਆਲੇ ਦੇ ਘਰਾਂ ਨੂੰ ਢਾਅ ਕੇ ਪੂਰ ਦਿੱਤਾ। ਅਕਾਲ ਤਖ਼ਤ ਸਾਹਿਬ ਵੀ ਢਹਿ ਢੇਰੀ ਕਰ ਦਿੱਤਾ। ਜੋ ਚੁਗਲੀ ਕਰਕੇ ਸਿੰਘ, ਸਿੰਘਣੀਆਂ ਅਤੇ ਬੱਚੇ ਅਬਦਾਲੀ ਨੂੰ ਫੜਾ ਦਿੱਤੇ ਗਏ, ਉਨ੍ਹਾਂ ਨੂੰ ਗੁਰੂ ਕੇ ਬਾਗ਼ ਦੀ ਖੁੱਲੀ ਜਗ੍ਹਾ ਵਿੱਚ ਕਤਲ ਕਰ ਦਿੱਤਾ ਗਿਆ। ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਨੇ ਘੱਲੂਘਾਰੇ ਦੇ ਜ਼ਖ਼ਮਾਂ ਨੂੰ ਹੋਰ ਤਾਜ਼ਾ ਕਰ ਦਿੱਤਾ। ਬਾਬਾ ਜੱਸਾ ਸਿੰਘ ਅਹਲੂਵਾਲੀਏ ਅਤੇ ਚੜ੍ਹਤ ਸਿੰਘ ਆਦਿ ਸਰਦਾਰਾਂ ਨੇ ਘੱਲੂਘਾਰੇ ਤੋਂ ਤਿੰਨ ਕੁ ਮਹੀਨੇ ਬਾਅਦ ਹੀ 15 ਕੁ ਹਜ਼ਾਰ ਸਿੰਘਾਂ ਵੱਲੋਂ ਸਰਹਿੰਦ ’ਤੇ ਹਮਲਾ ਕਰਕੇ ਜੈਨ ਖ਼ਾਂ ਨੂੰ ਹਰਾ ਕੇ ਘੱਲੂਘਾਰੇ ਦਾ ਬਦਲਾ ਲਿਆ।

ਸਿੰਘ 17 ਅਕਤੂਬਰ 1762 ਨੂੰ ਅੰਮ੍ਰਿਤਸਰ ਵਿੱਚ ਦਿਵਾਲੀ ਮਨਾਉਣ ਦਾ ਮਤਾ ਪਾਸ ਕਰਕੇ ਪਹੁੰਚ ਗਏ। ਉੱਥੇ 40 ਕੁ ਹਜ਼ਾਰ ਸਿੰਘ-ਸਿੰਘਣੀਆਂ ਦਾ ਇਕੱਠ ਹੋ ਗਿਆ। ਉਨ੍ਹਾਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਕੇ ਢਹਿ-ਢੇਰੀ ਹੋਏ ਦਰਬਾਰ ਸਾਹਿਬ ਅਤੇ ਸਰੋਵਰ ’ਚੋਂ ਇੱਟਾਂ-ਵੱਟੇ ਕੱਢਣ ਦੀ ਸੇਵਾ ਸ਼ੁਰੂ ਕਰ ਦਿੱਤੀ। ਅਬਦਾਲੀ ਨੂੰ ਪਤਾ ਲੱਗਣ ’ਤੇ ਆਪਣੀਆਂ ਫ਼ੌਜਾਂ ਲੈ ਕੇ ਪੁਤਲੀ ਘਰ ਅੰਮ੍ਰਿਤਸਰ ਨੇੜੇ ਪਹੁੰਚ ਗਿਆ। ਇਧਰੋਂ ਸਿੰਘ ਵੀ ਘੱਲੂਘਾਰੇ ਵਿੱਚ ਹੋਏ ਨੁਕਸਾਨ ਅਤੇ ਗੁਰੂ ਘਰ ਦੀ ਬੇਅਦਬੀ ਕਰਕੇ ਗੁੱਸੇ ਨਾਲ ਭਰੇ ਬੈਠੇ ਸਨ। ਸਿੰਘਾਂ ਦਾ ਅਬਦਾਲੀ ਦੀਆਂ ਫ਼ੌਜਾਂ ਨਾਲ ਯੁੱਧ ਲੱਗ ਗਿਆ। ਅਬਦਾਲੀ ਦੀ ਫ਼ੌਜ ਮਾਰੀ ਗਈ ਤੇ ਆਪ ਫ਼ੌਜ ਮਰਵਾ ਕੇ ਲਾਹੌਰ ਜਾ ਵੜਿਆ। ਸਿੰਘਾਂ ਨੇ ਸਾਲ ਵਿੱਚ ਹੀ ਘੱਲੂਘਾਰੇ ਅਤੇ ਗੁਰੂ ਘਰ ਦੀ ਹੋਈ ਬੇਅਦਬੀ ਦਾ ਬਦਲਾ ਲੈ ਲਿਆ। ਜਿਸ ਵੇਲੇ ਅਬਦਾਲੀ ਨੇ ਹਰਿਮੰਦਰ ਸਾਹਿਬ ਬਾਰੂਦ ਨਾਲ ਉਡਾਇਆ ਤਾਂ ਪਰਿਕਰਮਾ ਵਿੱਚ ਇੱਕ ਇੱਟ ਨੱਕ ’ਤੇ ਆ ਵੱਜੀ। ਉਸ ਜ਼ਖ਼ਮ ਨੂੰ ਮੁੜ ਆਰਾਮ ਨਾ ਆਇਆ ਤੇ ਗੰਭੀਰ ਰੋਗ ਬਣ ਕੇ ਉਸ ਦੀ ਮੌਤ ਹੋ ਗਈ।

ਇਹ ਅਸਥਾਨ ਮਾਲੇਰਕੋਟਲਾ ਤੋਂ ਲੁਧਿਆਣਾ ਜਾਣ ਵਾਲੀ ਸੜਕ ’ਤੇ ਮਾਲੇਰਕੋਟਲਾ ਤੋਂ 15 ਕੁ ਕਿਲੋਮੀਟਰ ’ਤੇ ਸਥਿਤ ਹੈ। ਇੱਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ 3, 4, 5 ਫਰਵਰੀ ਨੂੰ ਜੋੜ ਮੇਲ ਕਰਵਾਇਆ ਜਾਂਦਾ ਹੈ।

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ ’ਚ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ ’ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ ’ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ!
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ
ਕਲਮਾਂ ਦੀ ਜ਼ੁਬਾਨੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## 8 ਫਰਵਰੀ ’ਤੇ ਵਿਸ਼ੇਸ਼

# ਵੱਡਾ ਘੱਲੂਘਾਰਾ ‘ਕੁੱਪ ਰਹੀੜਾ’

ਸਿੱਖ ਧਰਮ ਕੁਰਬਾਨੀਆਂ ਦਾ ਇਤਿਹਾਸ ਹੈ, ਜਿਸ ਵਿਚ ਮਾਨਵਤਾ ਦੀ ਭਲਾਈ ਅਤੇ ਧਰਮ ਦੀ ਰੱਖਿਆ ਲਈ ਲਾਸਾਨੀ ਸ਼ਹੀਦੀਆਂ ਦਰਜ ਹਨ। ਇਸ ਲੰਬੇ ਸੰਘਰਸ਼ ਵਿਚ ਸੰਨ 1716 ਵਿਚ ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨ੍ਹਾਂ ਦੇ ਅੱਠ ਸੌ ਫੌਜੀ ਸਿੰਘਾਂ ਤੇ ਯੋਧਿਆਂ ਜਿਵੇਂ : ਬਾਜ ਸਿੰਘ, ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ, ਆਲੀ ਸਿੰਘ ਅਤੇ ਮਾਲੀ ਸਿੰਘ ਆਦਿ ਦੇ ਦਿੱਲੀ ਵਿਚ ਸ਼ਹੀਦ ਹੋਣ ਤੋਂ ਬਾਅਦ ਸਿੰਘਾਂ ਦੀਆਂ ਸਰਗਰਮੀਆਂ ਵਿਚ ਖੜੋਤ ਆ ਗਈ ਸੀ। ਬਾਬਾ ਵਿਨੋਦ ਸਿੰਘ ਅਤੇ ਕਾਹਨ ਸਿੰਘ ਨੇ ਮੁਗਲ ਹਕੂਮਤ ਨਾਲ ਸਮਝੌਤਾ ਕਰ ਲਿਆ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਚੜ੍ਹਾਵੇ ਕਰਕੇ ਬਾਬਾ ਜੀ ਦੇ ਬੰਦਈ ਪੈਰੋਕਾਰਾਂ ਅਤੇ ਬਾਵਿਆਂ ਨਾਲ ਝਗੜਾ ਹੋਣ ਤੇ ਬਾਵਿਆਂ ਦਾ ਪੱਖ ਭਾਰੂ ਰਿਹਾ। ਜਿਨ੍ਹਾਂ ਨੂੰ ਤੱਤ ਖ਼ਾਲਸਾ ਕਿਹਾ ਜਾਂਦਾ ਸੀ। ਸੰਨ 1721 ਵਿਚ ਮਾਤਾ ਸੁੰਦਰੀ ਜੀ ਵਲੋਂ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਨਿਯੁਕਤ ਕੀਤਾ ਗਿਆ।

ਮੁਗਲਾਂ ਦੀ ਚਲਾਕੀ ਜਾਰੀ ਸੀ। ਉਹ ਸਮੇਂ ਸਮੇਂ ਪਿੰਡਾਂ ਵਿਚੋਂ ਸਿੰਘਾਂ ਨੂੰ ਲੱਭ ਲੱਭ ਕੇ ਸ਼ਹੀਦ ਕਰੀ ਜਾਂਦੇ ਸਨ। ਦੀਵਾਲੀ ਦੇ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸਾਰੇ ਸਿੰਘਾਂ ਦਾ ਇਕੱਠ ਸੱਦਿਆ ਜਾਂਦਾ ਸੀ। ਇਸ ਸਮੇਂ ਇਕੱਠੇ ਹੋਏ ਚੜ੍ਹਾਵੇ ਦੀ ਰਕਮ ਵਿਚੋਂ ਇਕ ਬੱਝੀ ਰਕਮ ਮੁਗਲ ਹਕੂਮਤ ਨੂੰ ਸੁਰੱਖਿਆ ਲਈ ਅਦਾ ਕੀਤੀ ਜਾਂਦੀ ਸੀ। ਸਿੰਘਾਂ ’ਤੇ ਮੁਗਲਾਂ ਵਲੋਂ ਕੀਤੇ ਜਾਂਦੇ ਦਮਨ ਹੇਠ ਦੀਵਾਲੀ ਦੇ ਅਵਸਰ ਤੇ ਦਰਬਾਰ ਸਾਹਿਬ ਵਿਖੇ ਇਕੱਠੀਆਂ ਹੋਣ ਵਾਲੀਆਂ ਸੰਗਤਾਂ ਦੀ ਗਿਣਤੀ ਬਹੁਤ ਘੱਟ ਗਈ। ਸੰਨ 1733 ਵਿਚ ਹਾਲਾਤ ਅਜਿਹੇ ਬਣ ਗਏ ਕਿ ਮੁਗਲ ਹਕੂਮਤ ਨੂੰ ਅਦਾ ਕਰਨ ਜਿੰਨੀ ਰਕਮ ਦੇਣ ਜੋਗਾ ਵੀ ਚੜ੍ਹਾਵਾ ਨਾ ਚੜ੍ਹਿਆ। ਭਾਈ ਮਨੀ ਸਿੰਘ ਜੀ ਨੇ ਰਕਮ ਨਾ ਅਦਾ ਕਰ ਸਕਣ ਦੀ ਮਜਬੂਰੀ ਦੱਸ ਦਿੱਤੀ। ਮੁਗਲ ਹਕੂਮਤ ਨੇ ਇਸੇ ਬਹਾਨੇ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟਵਾ ਕੇ ਸ਼ਹੀਦ ਕਰ ਦਿੱਤਾ।

ਸਿੰਘਾਂ ਨੇ ਸੰਸਾਰ ਭਰ ਵਿਚ ਸਭ ਤੋਂ ਲੰਬੀ ਗੁਰੀਲਾ ਜੰਗ ਲੜੀ ਹੈ। ਜੋ ਮਾਰ ਕੇ ਭੱਜ ਜਾਣ ਲਈ ਸਿੰਘ ਜਥੇਬੰਦ ਹੋਣ ਲੱਗੇ। ਸਿੰਘਾਂ ਨੇ ਦਿੱਲੀ ਲੁੱਟ ਕੇ ਪਰਤ ਰਹੀ ਈਰਾਨੀ ਸਮਰਾਟ ਨਾਦਰ ਸ਼ਾਹ ਦੀ ਸੈਨਾ ਦਾ ਸਤਲੁਜ, ਬਿਆਸ ਤੇ ਰਾਵੀ ਦੇ ਪੱਤਣਾਂ ਤੇ ਗੁਰੀਲਾ ਜੰਗ ਵਿਚ ਜਾਨ ਮਾਲ ਦਾ ਨੁਕਸਾਨ ਕੀਤਾ। ਉਸ ਨੇ ਜਾਣ ਲਿਆ ਸੀ ਕਿ ਇਸ ਕੌਮ ਦੀ ਹਕੂਮਤ ਆਵੇਗੀ।

ਸੰਨ 1748 ਨੂੰ ਮਾਲਵੇ ਵਿਚ ਸਿੰਘਾਂ ਨੇ ਆਪਣੀ ਵਧਦੀ ਜਾਂਦੀ ਫੌਜੀ ਸ਼ਕਤੀ ਨਾਲ ਚੌਧਰੀ ਆਲਾ ਸਿੰਘ ਨੇ ਪਟਿਆਲਾ ਅਤੇ ਬਰਨਾਲਾ ਵਿੱਚ ਕਾਰਲੇ ਖੇਤਰ ਵਿੱਚ ਆਪਣਾ ਅਧਿਕਾਰਤ ਰਾਜ ਸਥਾਪਤ ਕਰ ਲਿਆ। ਨਾਦਰ ਸ਼ਾਹ ਦੇ ਕਤਲ ਤੋਂ ਬਾਅਦ ਈਰਾਨੀ ਸਹਿਨਸ਼ਾਹੀਆਂ ਦੀ ਵਾਗਡੋਰ ਇਕ ਅਫ਼ਗਾਨੀ ਸਾਲਾਰ ਅਹਿਮਦ ਸ਼ਾਹ ਦੁਰਾਨੀ ਅਬਦਾਲੀ ਦੇ ਹੱਥ ਆ ਗਈ। ਉਸ ਨੇ 1743-1763 ਤੱਕ ਪੰਜਾਬ ਅਤੇ ਦਿੱਲੀ ’ਤੇ ਜਬਰਦਸਤ ਹੱਲੇ ਕੀਤੇ। ਚੌਧਰੀ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸੁਨਾਮ ਦੇ ਕਿਲੇ ਵਿੱਚ ਕੈਦ ਕਰ ਲਿਆ ਗਿਆ। ਪਰ ਚੌਧਰੀ ਆਲਾ ਸਿੰਘ ਕਿਲੇ ਵਿੱਚੋਂ ਨਿਕਲ ਗਿਆ ਅਤੇ ਉਸ ਨੇ ਇਕ ਲੱਖ ਰੁਪਿਆ ਹਰਜਾਨਾ ਦੇ ਕੇ ਆਪਣੀ ਰਾਜ ਸ਼ਕਤੀ ਨੂੰ ਬਹਾਲ ਕਰ ਲਿਆ।

ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਅਤੇ ਸਰਹਿੰਦ ਦੇ ਸੂਬਿਆਂ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਪਰ ਸਿੰਘਾਂ ਦਾ ਸੰਘਰਸ਼ ਜਾਰੀ ਸੀ। ਇਸ ਲਈ ਅਬਦਾਲੀ ਨੇ ਪੰਜਾਬ ਤੇ ਹੱਲੇ ਕੀਤੇ। ਇਨ੍ਹਾਂ ਹੱਲਿਆਂ ਵਿੱਚ ਸਿੰਘਾਂ ਨੂੰ ਦੋ ਵਾਰ ਭਾਰੀ ਨੁਕਸਾਨ ਉਠਾਉਣਾ ਪਿਆ। ਇਕ ਵਾਰੀ 1757 ਵਿੱਚ ਕਾਹਨੂੰਵਾਨ (ਗੁਰਦਾਸਪੁਰ), ਇਸ ਜੰਗ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਇਸ ਜੰਗ ਵਿਚ ਸਿੰਘਾਂ ਨਾਲ ਲੜਨ ਵਾਲਾ ਸਾਲਾਰ ਐਮਨਾਬਾਦ ਦਾ ਦੀਵਾਨ ਲਖਪਤ ਰਾਇ ਸੀ।

5 ਫਰਵਰੀ 1762 ਨੂੰ ਅਹਿਮਦ ਸ਼ਾਹ ਦੁਰਾਨੀ/ਅਬਦਾਲੀ ਅਤੇ ਖ਼ਾਲਸੇ ਵਿਚਕਾਰ ਜੰਗ ਹੋਈ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ਜਿਸ ਵਿਚ ਅਬਦਾਲੀ 60 ਹਜ਼ਾਰ ਦੀ ਫੌਜ ਲੈ ਕੇ ਪੰਜਾਬ ’ਤੇ ਚੜ੍ਹ ਆਇਆ। ਸਿੰਘਾਂ ਨੇ ਆਪਣੀ ਜੰਗੀ ਵਿਉਂਤਬੰਦੀ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁੱਕਰਚਾਰੀਆ ਨੇ 3 ਫਰਵਰੀ 1762 ਨੂੰ ਲਾਹੌਰ ਛੱਡ ਦਿੱਤਾ, ਉਹ ਦੁਆਬੇ ਵਿਚੋਂ ਨਿਕਲ ਕੇ ਮੁਕਤਸਰ, ਬਠਿੰਡਾ, ਗੰਗਾਨਗਰ (ਰਾਜਸਥਾਨ) ਦੇ ਇਲਾਕੇ ਜਿਸ ਨੂੰ ਲੱਖੀ ਜੰਗਲ ਵੀ ਕਿਹਾ ਜਾਂਦਾ ਹੈ, ਵੱਲ ਵਧੇ। ਉਸ ਸਮੇਂ ਖ਼ਾਲਸੇ ਦੀ ਗਿਣਤੀ 40,000 ਸੀ। ਸਿੰਘ ਕਾਫਲਾ ਬਣਾ ਕੇ ਤੁਰ ਪਏ ਸਨ ਜਿਸ ਵਿਚ ਬੱਚੇ, ਬੁੱਢੇ ਅਤੇ ਇਸਤਰੀਆਂ ਸਨ। ਅਹਿਮਦ ਸ਼ਾਹ ਹੁਣ ਉਨ੍ਹਾਂ ਦਾ ਖੁਰਾ ਖੋਜ ਮਿਟਾਉਣ ਤੇ ਤੁਲਿਆ ਹੋਇਆ ਸੀ। ਸਿੰਘ ਪਰਿਵਾਰਾਂ ਨੂੰ ਸੁਰੱਖਿਅਤ ਬੀਕਾਨੇਰ ਪਹੁੰਚਾਉਣਾ ਚਾਹੁੰਦੇ ਸਨ। ਸਿੰਘਾਂ ਨੇ ਮਲੇਰਕੋਟਲੇ ਦੇ ਕੋਲ ਕੁੱਪ ਰਹੀੜੇ ਜਾ ਡੇਰੇ ਲਾਏ। ਜੈਨ ਖਾਨ ਸੂਬੇਦਾਰ ਸਰਹਿੰਦ ਅਤੇ ਭੀਖਣ ਸ਼ਾਹ, ਸੂਬੇਦਾਰ ਮਲੇਰਕੋਟਲਾ ਵੀ ਆਣ ਵਧੇ। ਸਿੰਘਾਂ ਨੇ ਇਨ੍ਹਾਂ ਹਮਲਿਆਂ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ।



ਹਮਲੇ ਵਾਲੇ ਦਿਨ 8 ਫਰਵਰੀ, 1762 ਨੂੰ ਅਬਦਾਲੀ ਵੀ 30,000 ਘੋੜ ਸਵਾਰ ਦੀ ਫੌਜ ਨਾਲ ਹਮਲੇ ਵਿਚ ਪਹੁੰਚ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਆ ਨੇ ਅਜਿਹੀ ਰਣਨੀਤੀ ਬਣਾਈ ਕਿ ਕਾਫ਼ਲੇ ਨੂੰ ਬਚਾਉਣਾ ਹੈ ਅਤੇ ਦੁਸ਼ਮਣ ਨਾਲ ਲੜਨਾ ਵੀ ਹੈ। ਇਸੇ ਢੰਗ ਨਾਲ ਉਹ ਬਰਨਾਲੇ ਵਲ ਵਧੇ। ਦੁਸ਼ਮਣ ਦੀਆਂ ਫੌਜਾਂ ਵਿਚ ਲਛਮੀ ਸਹਾਏ, ਦੀਵਾਨ ਰਾਏਕੋਟ ਵੀ ਆਪਣੀ ਫੌਜ ਨਾਲ ਪਹੁੰਚਿਆ। ਸਿੰਘ ਚਾਰੇ ਪਾਸਿਆਂ ਤੋਂ ਘਿਰ ਚੁੱਕੇ ਸਨ। ਸਿੰਘਾਂ ਨੂੰ ਘੋਰ ਜੰਗ ਲੜਨਾ ਪਿਆ। ਸਿੰਘ ਫੈਸਲਾਕੁੰਨ ਜੰਗ ਹੇਠ ਸਿਰਧੜ ਦੀ ਬਾਜੀ ਲਾ ਕੇ ਜੰਗ ਦੇ ਮੈਦਾਨ ਵਿਚ ਜੂਝਣ ਲੱਗੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਚੜ੍ਹਤ ਸਿੰਘ ਸ਼ੁੱਕਰਚੱਕੀਆ, ਡੱਲੇਵਾਲੀਆ ਅਤੇ ਸਰਦਾਰ ਨਿਸ਼ਾਨ ਸਿੰਘ ਵਾਲੀਆ ਦੀਆਂ ਫੌਜਾਂ ਦੁਸ਼ਮਣਾਂ ਨਾਲ ਜੂਝ ਰਹੀਆਂ ਸਨ। ਜਦੋਂ ਸਿੰਘ ਗਹਿਗੱਚ ਜੰਗ ਵਿਚ ਰੁੱਝੇ ਹੋਏ ਸਨ ਤਾਂ ਅਬਦਾਲੀ ਦੀ ਫੌਜ ਨੇ ਤਾੜ ਕੇ ਧੋਖੇ ਨਾਲ ਅੱਗੇ ਜਾ ਕੇ ਕਾਫ਼ਲੇ ਤੇ ਹਮਲਾ ਕਰ ਦਿੱਤਾ। ਉਸ ਨੇ ਵੱਡੀ ਗਿਣਤੀ ਵਿਚ ਕਤਲੇਆਮ ਸ਼ੁਰੂ ਕਰ ਦਿੱਤਾ। ਉਪਰੋਂ ਸਿੰਘ ਵੀ ਕਾਫਲੇ ਦੀ ਹਿਫਾਜਤ ਲਈ ਪਹੁੰਚ ਗਏ। ਸਿੰਘ ਕਾਫ਼ਲੇ ਦੇ ਦੁਆਲੇ ਸੁਰੱਖਿਆ ਚੱਕਰਨੁੰਮਾ ਫੌਜੀ ਕਿਲਾ ਬਣਾ ਕੇ ਜੂਝ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ। ਇਸ ਆਹਮੋ ਸਾਹਮਣੇ ਦੀ ਜੰਗ ਵਿਚ ਸਿੰਘਾਂ ਦਾ ਕਾਫ਼ੀ ਜਾਨੀ ਨੁਕਸਾਨ ਹੋਇਆ। ਸਿੰਘਾਂ ਨੂੰ ਸਾਹਮਣਾ ਕਰਨਾ ਮੁਸ਼ਕਲ ਹੋ ਗਿਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ। ਸਿੰਘਾਂ ਦਾ ਏਨਾ ਨੁਕਸਾਨ ਕਿਸੇ ਹੋਰ ਜੰਗ ਵਿਚ ਨਹੀਂ ਹੋਇਆ। ਸਿੰਘ ਰੱਬ ਦੇ ਭਾਣੇ ਵਿੱਚ ਰਹਿ ਕੇ ਨਿਸ਼ਚੈ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਆ ਦੇ ਸਰੀਰਾਂ ਤੇ ਅਨੇਕਾਂ ਜ਼ਖਮਾਂ ਦੇ ਨਿਸ਼ਾਨ ਸਨ। ਇਸ ਜੰਗ ਵਿਚ ਹਰ ਯੋਧਾ ਜਖ਼ਮੀ ਸੀ। ਵੱਡੇ ਘੱਲੂਘਾਰੇ ਵਿਚ 7000 ਸਿੰਘਾਂ ਨੇ ਸ਼ਹੀਦੀਆਂ ਪਾਈਆਂ।

ਸਿੰਘਾਂ ਨੇ ਜਾਣ ਲਿਆ ਕਿ ਦੁਸ਼ਮਣ ਦੀ ਮਾਰ ਤੋਂ ਬਚਣਾ ਮੁਸ਼ਕਲ ਹੈ। ਇਸ ਲਈ ਜੰਗ ਵਿਚ ਜੂਝ ਕੇ ਸ਼ਹੀਦ ਹੋਣਾ ਹੀ ਬੇਹਤਰ ਹੈ। ਸਿੰਘਾਂ ਨੇ ਪੂਰੀ ਵਾਹ ਲਾ ਕੇ ਤਕੜਾ ਹਮਲਾ ਕੀਤਾ। ਇਹ ਇਕ ਬੇਮਿਸਾਲ ਦਲੇਰੀ ਦੀ ਜੰਗ ਸੀ। ਅਬਦਾਲੀ ਦੀ ਫੌਜ ਦਾ ਵੀ ਪੂਰਾ ਜ਼ੋਰ ਲੱਗ ਚੁੱਕਾ ਸੀ। ਸਿੰਘਾਂ ਨੇ ਅਬਦਾਲੀ ਦੀ ਫੌਜੀ ਦੀ ਵੱਡੀ ਗਿਣਤੀ ਨੂੰ ਮਾਰ ਮੁਕਾਇਆ। ਇਸ ਘਮਸਾਨ ਦੀ ਜੰਗ ਵਿਚ ਅਬਦਾਲੀ ਦੇ ਪੈਰ ਥਿੜਕ ਗਏ। ਸੀਸ ਤਲੀ ਤੇ ਧਰ ਕੇ ਲੜਨ ਵਾਲੇ ਸਿੰਘਾਂ ਨੇ ਅਬਦਾਲੀ ਦੇ ਵੱਡੇ ਵੱਡੇ ਜਰਨੈਲਾਂ ਨੂੰ ਮਾਰ ਮੁਕਾਇਆ। ਅਬਦਾਲੀ ਦੇ ਫੌਜੀ ਸਿੰਘਾਂ ਦੀ ਦਲੇਰੀ ਅਤੇ ਜੰਗੀ ਪੈਂਤੜੇ ਨੂੰ ਵੇਖ ਕੇ ਝਾੜੀਆਂ ਵਿਚ ਲੁਕ ਲੁਕ ਕੇ ਜਾਨ ਬਚਾਉਣ ਲਈ ਭੱਜਣ ਲੱਗੇ। ਉਹ ਸੋਚਦੇ ਸਨ ਕਿ ਇਹ ਮਨੁੱਖ ਜਾਂ ਕੋਈ ਫੌਲਾਦ ਦੀ ਮਸ਼ੀਨ।

ਸਿੰਘ ਲੜਦੇ ਲੜਦੇ ਮਰਦੇ ਮਾਰਦੇ ਕੁਤਬ ਬਾਹਮਣੀਆਂ ਪਹੁੰਚ ਗਏ ਸਨ। ਸਿੰਘਾਂ ਨੇ ਢਾਬ ਤੋਂ ਪਾਣੀ ਪੀਤਾ ਅਤੇ ਢਾਬ ਤੇ ਕਬਜਾ ਕਰ ਲਿਆ। ਦੁਸ਼ਮਣ ਦੀ ਫੌਜ ਵੀ ਪਾਣੀ ਵਲ ਵਧੀ, ਸਿੰਘਾਂ ਨੇ ਰੋਕ ਲਿਆ। ਸਿੰਘਾਂ ਨੇ ਕਾਫ਼ਲੇ ਵਹੀਰ ਨੂੰ ਸੁਰੱਖਿਅਤ ਜਾਣ ਦਾ ਮੌਕਾ ਦਿੱਤਾ ਕਿ ਰਾਹ ਪੱਧਰਾ ਕਰ ਲਿਆ। ਸ਼ਾਮ ਹੋ ਚੁੱਕੀ ਸੀ। ਸਿੰਘ ਖਿੰਡ-ਪੁੰਡ ਚੁੱਕੇ ਸਨ। ਰਾਤ ਪੈ ਜਾਣ ਤੇ ਅਬਦਾਲੀ ਆਪਣੇ ਕੁਝ ਸਾਲਾਰਾਂ ਨੂੰ ਸਿੰਘਾਂ ਦਾ ਪਿੱਛਾ ਕਰਨ ਲਈ ਛੱਡ ਗਿਆ ਅਤੇ ਆਪ ਮਲੇਰਕੋਟਲਾ ਚਲਾ ਗਿਆ। ਅਹਿਮਦ ਸ਼ਾਹ ਦੇ ਸਲਾਰਾਂ ਨੇ ਵੀ ਸਿੰਘਾਂ ਦਾ ਬਹੁਤੀ ਦੇਰੀ ਪਿੱਛਾ ਨਾ ਕੀਤਾ। ਖਿੰਡੇ ਪੁੰਡੇ ਸਿੰਘ ਰਾਤੋ ਰਾਤ ਪਿੰਡਾਂ ਵਿਚ ਦੀ ਕਈ ਜਥਿਆਂ ਤੇ ਇਕੱਲੇ ਦੁਕੱਲੇ ਬਰਨਾਲਾ ਪਹੁੰਚ ਗਏ। ਜਿੱਥੇ ਆਲਾ ਸਿੰਘ ਕੋਲ ਜਾ ਠਹਿਰੇ।

ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ ਜੋ ਸਿੰਘਾਂ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹੀਦ ਹੋਣ ਦਾ ਨਿਸ਼ਚਾ ਰੱਖਿਆ। ਇਸ ਵੱਡੇ ਘੱਲੂਘਾਰੇ ਦੀ ਜੰਗ ਵਿਚ 30,000 ਸਿੰਘ ਇਕ ਹੀ ਦਿਨ ਵਿਚ ਸ਼ਹੀਦ ਹੋਏ। ਫਿਰ ਵੀ ਤੁਰਕਾਂ ਨੇ ਜਾਣ ਲਿਆ ਕਿ ਸਿੰਘਾਂ ਨਾਲ ਟੱਕਰ ਲੈਣੀ ਆਸਾਨ ਨਹੀਂ ਹੈ।

ਇਸ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਕਾਬਲ ਵਿਚ ਉੱਠੇ ਝਗੜਿਆਂ ਕਾਰਨ ਪੰਜਾਬ ਤੇ ਹੋਰ ਹੱਲੇ ਨਾ ਕੀਤੇ। ਸਿੰਘਾਂ ਨੇ 1763 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਹੌਰ ਤੇ ਕਬਜਾ ਕਰ ਲਿਆ। ਹੁਣ ਕਰਨਾਲ ਤੋਂ ਲੈ ਕੇ ਵਜੀਰਾਬਾਦ ਗੁਜਰਾਤ ਤੱਕ ਸਿੰਘਾਂ ਦਾ ਅਧਿਕਾਰ ਸਥਾਪਤ ਹੋ ਚੁੱਕਾ ਸੀ। ਮੁਗਲ ਅਤੇ ਅਫ਼ਗਾਨ ਫੌਜਦਾਰ ਸਿੰਘਾਂ ਦੀ ਈਨ ਮੰਨਣ ਲੱਗ ਪਏ ਕਿ ਉਹ ਲੜ ਕੇ ਥੱਕ ਚੁੱਕੇ ਸਨ। ਸਿੰਘਾਂ ਨੇ ਜੈਨ ਖਾਨ ਸਰਹਿੰਦ ਤੇ ਹਮਲਾ ਕੀਤਾ ਅਤੇ ਉਸ ਤੋਂ 50,000 ਸਲਾਨਾ ਦੀ ਰਾਖੀ ਵਸੂਲ ਕੀਤੀ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਭਜਾ ਦਿੱਤਾ। ਇਸ ਤਰ੍ਹਾਂ ਘੱਲੂਘਾਰਿਆਂ ਦੀਆਂ ਸ਼ਹੀਦੀਆਂ ਅਤੇ ਜਿੱਤਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ। ਜਿਨ੍ਹਾਂ ਨੇ ਸਿੱਖ ਸੰਘਰਸ਼ ਤੋਂ ਖ਼ਾਲਸਾ ਰਾਜ ਤੱਕ ਦੀਆਂ ਨੀਂਹਾਂ ਪੱਕੀਆਂ ਕੀਤੀਆਂ।

ਸਿੱਖ ਧਰਮ ਦੀ ਮੌਲਿਕ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲਿਆਂਦਾ, ਸਮਾਜ ਨੂੰ ਅਧਿਆਤਮਕ ਤੌਰ ’ਤੇ ਨਾਮ ਜਪਣ, ਕ੍ਰਿਤ ਕਰਨ ਅਤੇ ਵੰਡ ਛਕਣ ਦੇ ਬੁਨਿਆਦੀ ਸਿਧਾਂਤ ਨਾਲ ਜੋੜਿਆ। ਚੜ੍ਹਦੀ ਕਲਾ ਵਿਚ ਰਹਿ ਕੇ ਜਿਊਣ ਦੀ ਜਾਚ ਸਿਖਾਈ। ਮੀਰੀ ਪੀਰੀ ਦੇ ਸੰਤ ਸਿਪਾਹੀ ਸਿਧਾਂਤ ਨਾਲ ਵੀ ਜੋੜਿਆ। ਸਿੱਖ ਕੌਮ ਵਿਚ ਧਾਰਮਿਕ ਅਤੇ ਰਾਜਸੀ ਚੇਤਨਾ ਆਈ। ਅੰਮ੍ਰਿਤ ਦੀ ਦਾਤ ਨੇ ਫੌਜੀ ਖ਼ਾਲਸਾ ਤਿਆਰ ਕੀਤਾ। ਜਿਸ ਨੇ ਧਰਮ ਯੁੱਧ ਵਿੱਚ ਲਾਸਾਨੀ ਸ਼ਹੀਦੀਆਂ ਦਰਜ ਕੀਤੀਆਂ। ਸਿੰਘਾਂ ਵਿਚ ਨਿਸ਼ਚੇ ਕਰ ਆਪਣੀ ਜੀਤ ਕਰੂੰ ਦਾ ਜੋਸ਼ ਭਰਿਆ।



ਹਰ ਮੈਦਾਨੇ ਜੰਗ ਵਿਚ ਖ਼ਾਲਸਾ ਜਾਹੋ ਜਲਾਲ ਨਾਲ ਲੜਿਆ, ਉਸ ਦਾ ਮਿਸਾਲ ਕਿਧਰੇ ਨਹੀਂ ਮਿਲਦੀ। ਮੁਗਲ ਹਾਕਮਾਂ ਦੇ ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਹੇਠ ਸਿੰਘਾਂ ਤੇ ਬੜੇ ਜ਼ੁਲਮ ਹੋਏ। ਅੱਗੋਂ ਖ਼ਾਲਸੇ ਨੇ ਵੀ ਅਜਿਹੀ ਸ਼ਿੱਦਤ ਨਾਲ ਅਣਮਨੁੱਖੀ ਤਸ਼ੱਦਦ ਆਪਣੇ ਪਿੰਡੇ ਤੇ ਹੰਢਾ ਕੇ ਧਰਮ ਯੁੱਧ ਵਿਚ ਦ੍ਰਿੜ ਇਰਾਦੇ ਨਾਲ ਜ਼ੁਲਮਾਂ ਦੇ ਥੰਮ ਹਿਲਾ ਦਿੱਤੇ। ਸਿੰਘ ਸਿੰਘਣੀਆਂ ਤੇ ਭੁਝੰਗੀਆਂ ਨੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ। ਉਹ ਗਾਉਂਦੇ ਰਹੇ ‘ਸਿਰ ਜਾਏ ਤੇ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।’ ਬੇਜੋੜ ਜੰਗਾਂ ਅਤੇ ਘੱਲੂਘਾਰਿਆਂ ਵਿਚ ਦੁਸ਼ਮਣ ਦਾ ਡਟ ਕੇ ਮੁਕਾਬਲਾ ਕੀਤਾ। ਪੈਰ ਪਿਛਾਂਹ ਨਹੀਂ ਹਟਾਇਆ।

ਅੰਤਿਕਾ : ਦੁਨੀਆ ਦੇ ਲੋਕ ਸੂਰਮਾ ਮਰਦ ਉਸ ਨੂੰ ਆਖਦੇ ਹਨ ਜਿਸ ਦੇ ਮਹੱਲਾਂ ਦੇ ਸਾਹਮਣੇ ਦਮਾਮੇ ਵਜਦੇ ਹਨ। ਜੋ ਮੈਦਾਨਿ-ਜੰਗ ਵਿਚ ਵੈਰੀਆਂ ਦਾ ਮੁਕਾਬਲਾ ਕਰਦਾ ਹੈ। ਸਮੁੱਚੇ ਤੌਰ ’ਤੇ ਸਾਰਾ ਜਗਤ ਹੀ ਇਕ ਰਣਭੂਮੀ ਹੈ। ਇੱਥੇ ਹਰ ਮਨੁੱਖ ਨੂੰ ਵਿਕਾਰ-ਵੈਰੀਆਂ ਨਾਲ ਟਕਰਨਾ ਪੈਂਦਾ ਹੈ। ਅਸਲ ਸੂਰਮਾ ਉਹ ਹੈ ਜੋ ਇਨ੍ਹਾਂ ਵੈਰੀਆਂ ਦੇ ਟਾਕਰੇ ਤੇ ਖੋਲਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ, ਜਦੋਂ ਇਹ ਜੰਗ ਜਿੱਤਿਆ ਜਾ ਸਕਦਾ ਹੈ। ਉਹ ਹੈ ਅਸਲ ਸੂਰਮਾ। ਉਸ ਦੇ ਦਸਮ ਦੁਆਰ ਵਿਚ ਧੌਂਸਾ ਵਜਦਾ ਹੈ। ਉਸ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸ ਦਾ ਮਨ ਪ੍ਰਭੂ ਚਰਨਾਂ ਵਿਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ ਇਕ ਹੋਰ ਵੀ ਸੂਰਮਾ ਹੈ, ਉਸ ਮਨੁੱਖ ਨੂੰ ਭੀ ਸੂਰਮਾ ਸਮਝਣਾ ਚਾਹੀਦਾ ਹੈ ਜੋ ਗਰੀਬ ਦੀ ਖਾਤਰ ਲੜਦਾ ਹੈ, ਗਰੀਬ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੇ ਲਈ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ।

ਅੰਗ-1105

# ਪਿੰਡਾਂ ’ਚੋਂ ਪਿੰਡ ਸੁਣੀਂਦਾ....



**ਨਿਰਮਲ ਸਿੰਘ ਦਿਓਲ**

ਆਪਣੇ ਪੰਜ-ਛੇ ਦਹਾਕੇ ਵਾਲੇ ਪਿਛੋਕੜ ਨੂੰ ਯਾਦ ਕਰ ਕੇ ਪਿੰਡ ਉਦਾਸ ਹੋ ਜਾਂਦਾ ਹੈ। ਉਸ ਸਮੇਂ ਦੇ ਘਰਾਂ ਨੂੰ ਘਰ , ਪਿੰਡ ਨੂੰ ਪਿੰਡ, ਆਪਣਿਆਂ ਨੂੰ ਆਪਣੇ ਸਮਝਣ ਵਾਲੇ ਭਲੇ ਲੋਕ ਇਸ ਜਹਾਨ ਤੋਂ ਦੂਰ ਚਲੇ ਗਏ ਹਨ। ਉਦੋਂ ਪਿੰਡ ਦੀ ਸੱਥ, ਧਰਮਸ਼ਾਲਾ, ਖੂਹ, ਛੱਪੜ, ਬੋਹੜ, ਪਿੱਪਲ, ਹੱਟੀਆਂ, ਭੱਠੀਆਂ ਸਭ ਦੇ ਰਲ-ਮਿਲ ਕੇ ਬੈਠਣ ਦੀਆਂ ਸਾਂਝੀਆਂ ਥਾਵਾਂ ਹੁੰਦੀਆਂ ਸਨ। ਉਦੋਂ ਫਸਲਵਾੜੀ ਦੇ ਝਾੜ ਘੱਟ ਹੁੰਦੇ ਸਨ, ਜ਼ਿੰਦਗੀ ਦੇ ਹਰ ਮੋੜ ’ਤੇ ਔਕੜਾਂ, ਮਜਬੂਰੀਆਂ, ਮੁਸ਼ਕਲਾਂ ਜ਼ਿਆਦਾ ਹੁੰਦੀਆਂ ਸਨ। ਸਫ਼ਰ ਦੇ ਸਾਧਨ-ਵਸੀਲੇ ਨਾਮਾਤਰ ਹੁੰਦੇ ਸਨ ਪਰ ਲੋਕਾਂ ਨੂੰ ਸਹਿਜਤਾ ਨਾਲ ਜ਼ਿੰਦਗੀ ਜਿਉਣ ਦਾ ਚੱਜ ਹੁੰਦਾ ਸੀ।

ਬਿਨਾਂ ਘੜੀਆਂ ਅਲਾਰਮਾਂ ਤੋਂ ਚੰਦ ਤਾਰਿਆਂ ਦੀ ਸਥਿਤੀ ਦਾ ਹਿਸਾਬ ਲਾ ਕੇ ਹੀ ਪਹਿਰ ਦੇ ਤੜਕੇ ਪਸ਼ੂਆਂ ਨੂੰ ਪੱਠਾ ਨੀਰਾ ਪਾ ਦਿੱਤਾ ਜਾਂਦਾ ਸੀ ਅਤੇ ਅੰਮ੍ਰਿਤ ਵੇਲੇ ਦੀ ਆਹਟ ਨਾਲ ਹਾਲੀਆਂ ਵੱਲੋਂ ਬਲਦਾਂ ਨੂੰ ਖੇਤਾਂ ਵੱਲ ਤੋਰ ਲਿਆ ਜਾਂਦਾ ਸੀ। ਪਿੰਡ ਦੇ ਗੁਰੂਘਰ ਤੋਂ ਗੁਰਬਾਣੀ ਦੀ ਰਸਭਿੰਨੀ ਆਵਾਜ਼ ਪਿੰਡ ਦੀਆਂ ਰੂਹਾਂ ਜੂਹਾਂ, ਹਵਾਵਾਂ ਫ਼ਿਜ਼ਾਵਾਂ ਨੂੰ ਧਾਰਮਿਕ ਰੰਗਾਂ ਵਿਚ ਰੰਗ ਦਿੰਦੀ ਸੀ। ਪਿੰਡ ਦੇ ਖੂਹ ਲੋਕਾਂ ਦੀ ਜੀਵਨ-ਧਾਰਾ ਹੁੰਦੇ ਸਨ ਅਤੇ ਖੂਹਾਂ ’ਤੇ ਕੁੜੀਆਂ-ਬੁੜੀਆਂ ਦੀ ਪਾਣੀ ਭਰਨ ਦੀ ਲੱਗੀ ਰੌਣਕ ਪੇਂਡੂ ਸੱਭਿਆਚਾਰ ਦੇ ਰੰਗਲੇ ਨਜ਼ਾਰੇ ਦੀ ਤਸਵੀਰ ਹੁੰਦੀ ਸੀ। ਖੇਤਾਂ ਵਿੱਚ ਬਲਦਾਂ ਤੇ ਊਠਾਂ ਦੇ ਗਲ ਖੜਕਦੀਆਂ ਟੱਲੀਆਂ ਅਤੇ ਹਾਲੀਆਂ ਦੇ ਸੰਗੀਤਕ ਲੈਅ ਵਿੱਚ ਬੋਲੇ ਬੋਲ ਇਕਮਿਕ ਹੋ ਕੇ ਆਪ-ਮੁਹਾਰੇ ਹੀ ਸੋਹਣੇ ਜਿਹੇ ਲੋਕ ਗੀਤ ਬਣ ਜਾਂਦੇ ਸਨ। ਹੱਥੀਂ ਕੰਮ ਕਰਨ ਦੀ ਕੀਤੀ ਮਿਹਨਤ ਦੀ ਅਵੱਲੀ ਖ਼ੁਸ਼ੀ ਹਾਲੀਆਂ-ਪਾਲੀਆਂ ਦੇ ਅੰਤਰਮਨ ਨੂੰ ਨਸ਼ਿਆ ਦਿੰਦੀ ਸੀ।

ਦਿਨ ਚੜ੍ਹਦੇ ਸਾਰ ਘਰਾਂ ਦੇ ਵੱਡੇ ਬਜ਼ੁਰਗ ਚਾਹ-ਪਾਣੀ ਪੀ ਕੇ ਖੇਤਾਂ ਵੱਲ ਗੇੜਾ ਮਾਰ ਆਉਂਦੇ ਸਨ ਅਤੇ ਬਾਅਦ ਵਿੱਚ ਸੱਥ ਵਿੱਚ ਜਾਂ ਕਿਸੇ ਸਾਂਝੀ ਥਾਂ ’ਤੇ ਇਕੱਠੇ ਬੈਠਣ ਦਾ ਰੁਝਾਨ ਹੁੰਦਾ ਸੀ। ਉਦੋਂ ਪੰਜ ਬੰਦਿਆਂ ਦੀ ਪੰਚਾਇਤ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਸੀ। ਹੁਣ ਵੋਟਾਂ ਨਾਲ ਬਣਦੀਆਂ ਪੰਚਾਇਤਾਂ ਸਰਕਾਰੀ ਹੋ ਗਈਆਂ ਹਨ। ਪਹਿਲਾਂ ਸੱਥ ਵਿੱਚ ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਕਿਹਾ ਜਾਂਦਾ ਸੀ। ਸਾਊ ਬੰਦੇ ਨੂੰ ਸਲਾਹਿਆ ਅਤੇ ਮਾੜੇ ਨੂੰ ਘੂਰਿਆ ਜਾਂਦਾ ਸੀ।

ਹੁਣ ਸਿਆਸੀ ਪੈਂਤੜੇਬਾਜ਼ੀਆਂ ਮੁਤਾਬਕ ਨਫ਼ੇ-ਨੁਕਸਾਨ ਵੇਖ ਕੇ ਬੋਲਿਆ ਜਾਂਦਾ ਹੈ। ਪਹਿਲਾਂ ਪੰਚਾਇਤਾਂ ਸਹੀ ਫ਼ੈਸਲੇ ਲੈਣ ਵਿਚ ਆਪਣੀ ਸ਼ਾਨ ਸਮਝਦੀਆਂ ਸਨ। ਆਮ ਘਰ ਕੱਚੇ ਹੀ ਹੁੰਦੇ ਸਨ, ਕੋਈ ਵਿਰਲਾ ਘਰ ਹੀ ਥੋੜ੍ਹਾ ਪੱਕਾ ਹੁੰਦਾ ਸੀ। ਥੋੜ੍ਹੇ ਜਿਹੇ ਤਕੜੇ ਘਰ ਦਰਵਾਜ਼ਾ ਬੈਠਕ ਪਾ ਲੈਂਦੇ ਸਨ ਅਤੇ ਪੂਰੇ ਸਰਦੇ ਘਰ ਪੱਕੇ ਚੁਬਾਰੇ ਵੀ ਪਾ ਲੈਂਦੇ ਸਨ। ਘਰ ਦੀ ਹੈਸੀਅਤ ਮੁਤਾਬਕ ਬਾਰ ਵਿੱਚ ਥੜ੍ਹੇ ਵੀ ਬਣਾ ਲਏ ਜਾਂਦੇ ਸਨ। ਆਮ ਘਰਾਂ ਦੇ ਬਾਹਰ ਕੱਚੀ ਥੜ੍ਹੀ ਜਾਂ ਖੁੰਢ ਰੱਖ ਕੇ ਹੀ ਬੈਠਣ ਲਈ ਜਗ੍ਹਾ ਬਣਾ ਲਈ ਜਾਂਦੀ ਸੀ। ਹਰ ਅਮੀਰ-ਗ਼ਰੀਬ, ਵੱਡਾ-ਛੋਟਾ ਸਾਂਝੀ ਥਾਂ ’ਤੇ ਬੈਠ ਕੇ ਇੱਕ-ਦੂਜੇ ਨਾਲ ਸੁੱਖ-ਦੁੱਖ, ਹਾਸੇ-ਠੱਠੇ ਵਾਲੀਆਂ ਗੱਲਾਂ-ਬਾਤਾਂ ਕਰਨ ਲਈ ਤਾਂਘਦਾ ਹੁੰਦਾ ਸੀ। ਪਿੰਡ ਦੀਆਂ ਹੱਟੀਆਂ ’ਤੇ ਸਾਰਾ ਦਿਨ ਰੌਣਕ ਲੱਗੀ ਰਹਿੰਦੀ ਸੀ। ਉੱਥੇ ਪੰਜ-ਸੱਤ ਬੰਦੇ ਬੈਠੇ ਹੀ ਰਹਿੰਦੇ ਸਨ। ਲੋੜਾਂ ਥੋੜ੍ਹੀਆਂ ਤੇ ਸੰਕੋਚਵੀਆਂ ਹੁੰਦੀਆਂ ਸਨ।

ਆਮ ਘਰਾਂ ਦੀਆਂ ਜ਼ਰੂਰਤਾਂ ਪਿੰਡ ਦੀਆਂ ਹੱਟੀਆਂ ਤੋਂ ਹੀ ਪੂਰੀਆਂ ਹੋ ਜਾਂਦੀਆਂ ਸਨ। ਘਰ ਦੇ ਮੁਖੀ ਆਦਮੀ ਜਾਂ ਔਰਤ ਵੱਲੋਂ ਕਦੇ-ਕਦੇ ਹੀ ਖ਼ਾਸ ਤੌਰ ’ਤੇ ਵਿਆਹ ਸ਼ਾਦੀਆਂ ਮੌਕੇ ਲੀੜਾ-ਲੱਤਾ ਜਾਂ ਹੋਰ ਜ਼ਰੂਰੀ ਸਾਮਾਨ ਲਈ ਮੰਡੀ ਜਾਇਆ ਜਾਂਦਾ ਸੀ। ਭੱਠੀਆਂ ’ਤੇ ਵੀ ਪੂਰੀ ਰੌਣਕ ਹੁੰਦੀ ਸੀ। ਗਰਮੀਆਂ ਦੇ ਦਿਨਾਂ ਵਿਚ ਪਿੰਡ ਦੇ ਬੋਹੜਾਂ, ਪਿੱਪਲਾਂ ਹੇਠ ਰੌਣਕਾਂ ਹੁੰਦੀਆਂ ਸਨ। ਵੱਡੇ ਬਜ਼ੁਰਗ ਬੋਹੜਾਂ ਥੱਲੇ ਮੰਜੇ ਲੈ ਜਾਂਦੇ ਸਨ ਅਤੇ ਸਾਰਾ ਦੁਪਹਿਰਾ ਉੱਥੇ ਬਿਤਾਇਆ ਜਾਂਦਾ ਸੀ, ਤਾਸ਼ ਦੀਆਂ ਢਾਣੀਆਂ ਵੀ ਜੁੜਦੀਆਂ ਸਨ। ਲੰਘਦੇ-ਟੱਪਦੇ ਰਾਹੀ ਵੀ ਉੱਥੇ ਆਰਾਮ ਕਰਨ ਲਈ ਰੁਕ ਜਾਂਦੇ ਸਨ।

ਛੱਪੜਾਂ ਨੂੰ ਸਾਫ਼-ਸੁਥਰੇ ਪਾਣੀ ਨਾਲ ਭਰਿਆ ਜਾਂਦਾ ਸੀ। ਬੱਚੇ ਅਤੇ ਗੱਭਰੂ ਸਾਰਾ ਦਿਨ ਛੱਪੜਾਂ ਵਿੱਚ ਤਾਰੀਆਂ ਲਾਉਂਦੇ ਰਹਿੰਦੇ ਸਨ, ਘਰਾਂ ਦੀਆਂ ਔਰਤਾਂ ਲੀੜੇ-ਕੱਪੜੇ ਛੱਪੜਾਂ ’ਤੇ ਹੀ ਧੋਂਦੀਆਂ ਸਨ। ਘਰਾਂ ਵਿੱਚ ਮੱਝਾਂ, ਗਊਆਂ, ਬਲਦ ਰੱਖਣ ਦੀ ਲੋੜ ਅਤੇ ਰਿਵਾਜ ਹੁੰਦਾ ਸੀ ਅਤੇ ਘਰ ਦੇ ਦੁੱਧ-ਘਿਓ ਨੂੰ ਘਰ ਦੀ ਬਰਕਤ ਸਮਝਿਆ ਜਾਂਦਾ ਸੀ। ਧੀਆਂ-ਧਿਆਣੀਆਂ ਦੇ ਵਿਆਹ ਤੇ ਆਨੰਦ ਕਾਰਜ ਘਰਾਂ ਵਿਚ ਕੀਤੇ ਜਾਂਦੇ ਸਨ। ਮੁੰਡਿਆਂ ਦੀ ਬਰਾਤ ਵੀ ਘਰਾਂ ਤੋਂ ਤੁਰਦੀ ਸੀ। ਵਿਆਹ ਤੋਂ ਪਹਿਲਾਂ ਕੱਚੇ ਘਰ ਲਿੱਪੇ-ਪੋਚੇ ਜਾਂਦੇ ਸਨ ਅਤੇ ਝੰਡੀਆਂ ਨਾਲ ਸ਼ਿੰਗਾਰੇ ਘਰ ਸੋਹਣੇ ਲੱਗਦੇ ਸਨ।

ਘਰਾਂ ਵਿੱਚ ਹੀ ਹਲਵਾਈ ਬਿਠਾ ਕੇ ਲੱਡੂ-ਜਲੇਬੀਆਂ ਪਕਾਏ ਜਾਂਦੇ ਸਨ। ਵਿਆਹ ਵਾਲੇ ਦਿਨਾਂ ਵਿੱਚ ਘਰਾਂ ਵਿੱਚ ਪੈਂਦਾ ਗਿੱਧਾ ਤੇ ਕੋਠੇ ’ਤੇ ਮੰਜੇ ਜੋੜ ਕੇ ਲਾਇਆ ਸਪੀਕਰ ਸਾਰੇ ਪਿੰਡ ਨੂੰ ਸੰਗੀਤਕ ਰੰਗਾਂ ਵਿੱਚ ਰੰਗ ਦਿੰਦਾ ਸੀ। ਵਿਆਹ-ਸ਼ਾਦੀਆਂ ਵਿੱਚ ਸ਼ਰੀਕੇ ਵਾਲੇ ਜਾਂ ਰਿਸ਼ਤੇਦਾਰ ਹੀ ਸੱਦੇ ਜਾਂਦੇ ਸਨ ਜੋ ਕਈ-ਕਈ ਦਿਨ ਘਰ ਰਹਿ ਕੇ ਵਿਆਹ ਦੀਆਂ ਖ਼ੁਸ਼ੀਆਂ ਨੂੰ ਦੂੱਗਣਾ-ਚੌਗਣਾ ਕਰਦੇ ਸਨ। ਸ਼ਰੀਕੇ-ਕਬੀਲੇ ਵਿੱਚ ਮਾੜੇ-ਮੋਟੇ ਗੁੱਸੇ-ਗਿਲੇ ਵਾਲੇ ਨੂੰ ਵੀ ਵਿਆਹ ਵੇਲੇ ਮਨਾ ਲਿਆ ਜਾਂਦਾ ਸੀ। ਲੋਹੜੀ, ਦਿਵਾਲੀ ਤੇ ਦੂਜੇ ਸਾਰੇ ਤਿੱਥ-ਤਿਉਹਾਰ ਰਲ-ਮਿਲ ਕੇ ਅਤੇ ਖ਼ੁਸ਼ੀਆਂ ਭਰੇ ਰੌਂ ਵਿੱਚ ਮਨਾਏ ਜਾਂਦੇ ਸਨ। ਉਦੋਂ ਰਿਸ਼ਤੇਦਾਰਾਂ ਨੂੰ ਸਾਂਝੇ ਰਿਸ਼ਤੇਦਾਰ ਸਮਝਿਆ ਜਾਂਦਾ ਸੀ। ਹਰ ਕੋਈ ਤੁਰਿਆ ਜਾਂਦਾ ਫਤਿਹ ਬੁਲਾ ਕੇ ਲੰਘਦਾ ਸੀ।

ਹੁਣ ਦੇ ਰਿਸ਼ਤੇਦਾਰ ਬੰਦ-ਸ਼ੀਸ਼ਿਆਂ ਵਾਲੀਆਂ ਗੱਡੀਆਂ ਵਿਚ ਸੱਥ ਵਿਚ ਬੈਠਿਆਂ ’ਤੇ ਧੂੜ ਪਾ ਕੇ ਆਪਣੇ ਖ਼ਾਸ ਰਿਸ਼ਤੇਦਾਰਾਂ ਦੇ ਘਰ ਚਲੇ ਜਾਂਦੇ ਹਨ। ਉਦੋਂ ਲੋਕ ਪੜ੍ਹੇ-ਲਿਖੇ ਘੱਟ ਹੁੰਦੇ ਸਨ ਪਰ ਹਿਸਾਬ-ਕਿਤਾਬ, ਵਰਤ-ਵਿਹਾਰ ਦੇ ਸਾਫ਼-ਸੁਥਰੇ ਤੇ ਸੱਚੇ ਹੁੰਦੇ ਸਨ। ਪਿੰਡ ਦੇ ਹਰ ਜੀਅ ਨੂੰ ਆਪਣਾ ਜੀਅ ਤੇ ਧੀਆਂ-ਭੈਣਾਂ ਨੂੰ ਸਾਂਝੀਆਂ ਸਮਝਿਆ ਜਾਂਦਾ ਸੀ। ਆਮਦਨ ਦੇ ਸਾਧਨ-ਵਸੀਲੇ ਘੱਟ ਹੋਣ ’ਤੇ ਵੀ ਲੋਕ ਸੁੱਖ ਦੀ ਰੋਟੀ ਖਾਂਦੇ ਸਨ। ਸਹਿਜਤਾ ਸਾਫ਼ਗੋਈ ਅਤੇ ਸੰਤੁਸ਼ਟੀ ਵਾਲਾ ਜੀਵਨ ਜਿਉਂਦੇ ਸਨ। ਹੁਣ ਗੱਡੀਆਂ-ਮੋਟਰਾਂ ਹੋਣ ’ਤੇ ਵੀ ਭੱਜ-ਨੱਠ ਕੇ ਸਫ਼ਰ ਮੁਕਾਇਆ ਜਾਂਦਾ ਹੈ।

ਉਦੋਂ ਕੱਚੇ ਰਾਹਾਂ ਦੀਆਂ ਵਾਟਾਂ ਨੂੰ ਵੀ ਆਨੰਦਮਈ ਸਫ਼ਰ ਦੇ ਤੌਰ ’ਤੇ ਮਾਣਿਆ ਜਾਂਦਾ ਸੀ। ਹੁਣ ਸੱਥਾਂ ਜਾਂ ਸਾਂਝੀਆਂ ਥਾਵਾਂ ’ਤੇ ਬੈਠਣ ਨਾਲੋਂ ਬੰਦ ਕਮਰਿਆਂ ਵਿਚ ਮੋਬਾਈਲ ਜਾਂ ਟੀਵੀ ਵੇਖਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਵੋਟ ਰਾਜ ਨੇ ਘਰਾਂ-ਪਰਿਵਾਰਾਂ ਤੱਕ ਵੰਡੀਆਂ ਪਾ ਦਿੱਤੀਆਂ ਹਨ।

ਆਪਣੇ ਹੀ ਹਉਮੈ-ਹੰਕਾਰ ਵਿੱਚ ਇਕੱਲਤਾ ਹੰਢਾਉਣਾ ਹਰ ਪਿੰਡ ਵਾਸੀ ਦੀ ਜੀਵਨ ਜਾਚ ਦਾ ਹਿੱਸਾ ਬਣ ਗਿਆ ਹੈ। ਵਸਦੇ-ਰਸਦੇ ਪਿੰਡਾਂ ਦੀਆਂ ਸੱਥਾਂ, ਹੱਟੀਆਂ, ਭੱਠੀਆਂ, ਪਿੱਪਲ, ਬੋਹੜ, ਗਲੀਆਂ ਤੇ ਮੋੜ ਵੀ ਉਦਾਸ ਮਈ ਅਤੇ ਬੇਰੌਣਕੇ ਜਾਪਦੇ ਹਨ। ਪਿੰਡ ਦੇ ਖੂਹ ਆਪਣਾ ਵੇਲਾ ਵਿਹਾਅ ਕੇ ਬੀਤੇ ਦੀ ਕਹਾਣੀ ਬਣ ਗਏ ਹਨ। ਮੋਹ-ਮੁਹੱਬਤਾਂ ਮਰ-ਮਿਟ ਗਈਆਂ ਹਨ। ਸਮਾਜਿਕ ਵਰਤਾਰੇ ਵਿੱਚੋਂ ਇਨਸਾਨੀਅਤ ਤੇ ਨੈਤਿਕ ਕਦਰਾਂ-ਕੀਮਤਾਂ ਮਨਫ਼ੀ ਹੋ ਗਈਆਂ ਹਨ। ਬਸ ਇਕੱਲੇ ਬੁੱਤ ਕਿਸੇ ਅਪਹੁੰਚ ਅਤੇ ਅਣਕਿਆਸੀ ਮੰਜ਼ਿਲ ਵੱਲ ਦੌੜਦੇ ਦਿਸ ਰਹੇ ਹਨ। ਵਸਦਾ-ਰਸਦਾ ਦਿਸਣ ਵਾਲਾ ਪਿੰਡ ਅੰਦਰੋਂ ਉਦਾਸ ਹੈ, ਗਮਗੀਨ ਹੈ।

# ਬਨਸਪਤਿ ਮਉਲੀ ਚੜਿਆ ਬਸੰਤੁ

**ਦਲਜੀਤ ਰਾਏ ਕਾਲੀਆ**

ਬਸੰਤ ਪੰਚਮੀ ਦੇ ਦਿਹਾੜੇ ਤੋਂ ਬਸੰਤ ਰੁੱਤ ਦੀ ਸ਼ੁਰੂਆਤ ਹੁੰਦੀ ਹੈ। ਬਸੰਤ ਖੁਸ਼ੀਆਂ ਖੇੜਿਆਂ ਦੀ, ਰੁੱਤਾਂ ਦੀ ਰਾਣੀ ਰੁੱਤ ਹੈ। ਸ਼੍ਰੋਮਣੀ ਰੁੱਤ ਬਸੰਤ ਬਾਲਾਂ ਤੇ ਬੁੱਢੇ ਠੇਰਿਆਂ ਨੂੰ ਠੰਢ ਤੋਂ ਨਿਜਾਤ ਦਿਵਾਉਣ ਵਾਲੀ ਰੁੱਤ ਹੈ। ਇਸੇ ਕਰਕੇ ਤਾਂ ਸਦੀਆਂ ਤੋਂ ਕਿਹਾ ਜਾਂਦਾ ਰਿਹਾ ਹੈ ਕਿ ‘ਆਈ ਬਸੰਤ ਪਾਲਾ ਉਡੰਤ’। ਪ੍ਰੰਤੂ ਪਿਛਲੇ ਕੁਝ ਦਹਾਕਿਆਂ ਤੋਂ ਸਾਡੇ ਦੁਆਰਾ ਵਾਤਾਵਰਣ ਨਾਲ ਕੀਤੀ ਜਾ ਰਹੀ ਛੇੜਛਾੜ, ਖਿਲਵਾੜ ਕਾਰਨ ਵਾਤਾਵਰਣ ਵਿੱਚ ਵਿਗਾੜ ਆਇਆ ਹੈ ਵਾਤਾਵਰਣਕ ਤਬਦੀਲੀਆਂ ਕਾਰਨ ਹੁਣ ਰੁੱਤਾਂ ਤੇ ਮੌਸਮ ਵਿੱਚ ਵੀ ਨਿਸਚਿਤਤਾ ਨਹੀਂ ਰਹੀ। ਕਈ ਵਾਰ ਬਸੰਤ ਤੋਂ ਬਾਅਦ ਵੀ ਪਾਲੇ ਕੋਹਰੇ ਦਾ ਜ਼ੋਰ ਰਹਿੰਦਾ ਹੈ ਅਤੇ ਹੁਣ ਨਵੀਂ ਕਹਾਵਤ ‘ਆਈ ਬਸੰਤ ਪਾਲਾ ਪੜੰਤ’ ਵੀ ਸਹੀ ਜਾਪਦੀ ਹੈ। ਲੋਹੜੀ-ਮਾਘੀ ਤੋਂ ਪਿੱਛੋਂ ਆਉਣ ਵਾਲੀ ਸ਼ੁਕਲ ਪੱਖ ਦੀ ਪੰਚਮੀ ਬਸੰਤ ਪੰਚਮੀ ਵਜੋਂ ਜਾਣੀ ਜਾਂਦੀ ਹੈ। ਇਸ ਸਮੇਂ ਚਾਰੇ ਪਾਸੇ ਹੀ ਕਾਦਰ ਦੀ ਕੁਦਰਤ ਮੌਲਦੀ ਹੈ। ਥਾਂ-ਥਾਂ ਵੰਨ- ਸੁਵੰਨੇ ਫੁੱਲ ਖਿੜਨੇ ਇਸ ਰੁੱਤ ਵਿੱਚ ਸ਼ੁਰੂ ਹੁੰਦੇ ਹਨ। ਕਿਧਰੇ ਖੇਤਾਂ ਵਿੱਚ ਸਰ੍ਹੋਂ ਦੇ ਖਿੜੇ ਪੀਲੇ ਫੁੱਲ ਅਤੇ ਕਿਧਰੇ ਅਲਸੀ ਦੇ ਖਿੜੇ ਨੀਲੇ ਫੁੱਲ ਮਨਮੋਹਕ ਨਜ਼ਾਰਾ ਪੇਸ਼ ਕਰਦੇ ਹਨ। ਠੰਡ ਦੇ ਝੰਬੇ ਹੋਏ ਰੁੱਖ ਇਸੇ ਸਮੇਂ ਪੁੰਗਰਦੇ ਹਨ। ਰੁੱਖਾਂ ਦੀ ਹਰਿਆਲੀ ਮਨ ਨੂੰ ਸਕੂਨ ਦਿੰਦੀ ਹੈ।

ਬਸੰਤ ਰੁੱਤ ਦੌਰਾਨ ਨਾ ਬਹੁਤੀ ਸਰਦੀ ਅਤੇ ਨਾ ਬਹੁਤੀ ਗਰਮੀ ਹੁੰਦੀ ਹੈ। ਸਾਰੇ ਪਾਸੇ ਕਾਇਨਾਤ ਵਿੱਚ ਬਹਾਰ ਆ ਜਾਂਦੀ ਹੈ। ਕੁਦਰਤ ਪੂਰਾ ਸ਼ਿੰਗਾਰ ਲਾ ਕੇ ਜੋਬਨ ਮੱਤੀ ਜਾਪਦੀ ਹੈ। ਜਿੱਥੇ ਇਹ ਇੱਕ ਮੌਸਮੀ ਤਿਉਹਾਰ ਹੈ ਉੱਥੇ ਇਸ ਨਾਲ ਬਹੁਤ ਸਾਰੀਆਂ ਮਹੱਤਵਪੂਰਨ ਘਟਨਾਵਾਂ ਵੀ ਜਿਹੜੀਆਂ ਹੋਈਆਂ ਹਨ।

ਪੌਰਾਣਿਕ ਕਥਾ ਅਨੁਸਾਰ ਇਸ ਦਿਨ ਨੂੰ ਗਿਆਨ ਪੰਚਮੀ, ਸਰਸਵਤੀ ਪੰਚਮੀ ਵੀ ਕਿਹਾ ਜਾਂਦਾ ਹੈ ਅਤੇ ਸਨਾਤਨ ਹਿੰਦੂ ਧਰਮ ਵਿਚ ਇਸ ਦਿਨ ਦੇਵੀ ਸਰਸਵਤੀ ਦੀ ਪੂਜਾ ਲੋਕਾਂ ਵੱਲੋਂ ਪੀਲੇ ਵਸਤਰ ਪਹਿਨ ਕੇ ਪੀਲੇ ਫੁੱਲਾਂ ਅਤੇ ਪੀਲੇ ਖਾਧ ਪਦਾਰਥਾਂ ਨਾਲ ਸ਼ਰਧਾ ਨਾਲ ਕੀਤੀ ਜਾਂਦੀ ਹੈ।

ਭਗਤ ਕਬੀਰ ਜੀ ਬਸੰਤ ਰਾਗ ਵਿੱਚ ਆਪਣੀ ਬਾਣੀ ਰਾਹੀਂ ਬਸੰਤ ਰੁੱਤ ਦਾ ਵਰਨਣ ਕਰਦੇ ਹੋਏ ਫ਼ੁਰਮਾਉਂਦੇ ਹਨ:-

ਮਉਲੀ ਧਰਤੀ ਮਉਲਿਆ ਆਕਾਸੁ।  
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ।  
ਰਾਜਾ ਰਾਮੁ ਮਉਲਿਆ ਅਨਤ ਭਾਇ।  
ਜਹਿ ਦੇਖਉ ਤਹ ਰਹਿਆ ਸਮਾਇ ॥ ਰਹਾਉ ॥  
ਦੁਤੀਆ ਮਉਲੇ ਚਾਰਿ ਬੇਦ ॥  
ਸਿੰਮ੍ਰਿਤਿ ਮਉਲੀ ਸਿਉ ਕਤੇਬ ॥  
ਸੰਕਰੁ ਮਉਲਿਓ ਜੋਗ ਧਿਆਨ ॥  
ਕਬੀਰ ਕੋ ਸੁਆਮੀ ਸਭ ਸਮਾਨ ॥

ਸ੍ਰੀ ਗੁਰੂ ਅਮਰਦਾਸ ਜੀ ਨੇ ਬਸੰਤ ਰਾਗ ਵਿੱਚ ਬਸੰਤ ਰੁੱਤ ਦਾ ਵਰਣਨ ਕਰਦੇ ਹੋਏ ਫਰਮਾਇਆ ਹੈ ਕਿ ਸਾਨੂੰ ਸੱਚੇ ਸੁੱਖ ਦੀ ਪ੍ਰਾਪਤੀ ਤਾਂ ਹੀ ਸੰਭਵ ਹੈ ਜੇ ਸੱਚੇ ਮਨੋਂ ਸਤਿਗੁਰ ਦੀ ਅਰਾਧਨਾ ਕਰੀਏ।

ਬਨਸਪਤਿ ਮਉਲੀ ਚੜਿਆ ਬਸੰਤੁ ॥  
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥1 ॥  
ਤੁਮ੍ ਸਾਚੁ ਧਿਆਵਹੁ ਮੁਗਧ ਮਨਾ।  
ਤਾਂ ਸੁਖੁ ਪਾਵਹੁ ਮੇਰੇ ਮਨਾ ॥੧ ॥

ਗੁਰਮਤਿ ਵਿੱਚ ਬਸੰਤ ਰੁੱਤ ਦੇ ਅਨੰਦ ਨੂੰ ਅਧਿਆਤਮਕ ਅਨੰਦ ਨਾਲ ਜੋੜਿਆ ਗਿਆ ਹੈ। ਗੁਰਬਾਣੀ ਵਿੱਚ ਬਸੰਤ ਰੁੱਤ ਦੀ ਪ੍ਰਕਿਰਤਕ ਖੂਬਸੂਰਤੀ ਦਾ ਸੁੰਦਰ ਵਰਣਨ ਹੈ:-

ਮਾਹਾ ਰੁਤੀ ਮਹਿ ਸਦ ਬਸੰਤੁ ॥  
ਜਿਤੁ ਹਰਿਆ ਸਭੁ ਜੀਅ ਜੰਤੁ ॥

ਪੁਰਾਤਨ ਕਾਲ ਤੋਂ ਭਾਰਤ ਨੂੰ ਛੇ ਰੁੱਤਾਂ ਵਾਲਾ ਦੇਸ਼ ਮੰਨਿਆ ਗਿਆ ਹੈ। ਇੱਕ ਪੌਰਾਣਿਕ ਕਥਾ ਅਨੁਸਾਰ ਕਿਹਾ ਜਾਂਦਾ ਹੈ ਕਿ ਬਾਕੀ ਦੀਆਂ ਪੰਜ ਰੁੱਤਾਂ ਨੇ ਬਸੰਤ ਰੁੱਤ ਨੂੰ ਆਪਣਾ ਰਾਜਾ ਮੰਨਿਆ ਅਤੇ ਇਸਦਾ ਅਭਿਨੰਦਨ ਕੀਤਾ। ਉਹਨਾਂ ਪੰਜ ਰੁੱਤਾਂ ਨੇ ਆਪਣੇ ਹਿੱਸੇ ਦੇ ਦੋ ਦੋ ਮਹੀਨਿਆਂ ਵਿਚੋਂ ਅੱਠ-ਅੱਠ ਦਿਨ ਬਸੰਤ ਰੁੱਤ ਨੂੰ ਦੇ ਦਿੱਤੇ, ਜਿਸ ਕਰਕੇ ਬਸੰਤ ਰੁੱਤ ਸਭ ਤੋਂ ਵੱਡੀ ਬਣ ਗਈ।

ਬਸੰਤ ਰੁੱਤ ਦਾ ਆਗਮਨ ਭਾਵੇਂ ਦੇਸੀ ਮਹੀਨੇ ਮਾਘ (ਜਨਵਰੀ- ਫਰਵਰੀ) ਦੌਰਾਨ ਸ਼ੁਰੂ ਹੁੰਦਾ ਹੈ, ਪਰ ਇਹ ਰੁੱਤ ਦੇਸੀ ਮਹੀਨਿਆਂ ਫੱਗਣ-ਚੇਤਰ ਦੌਰਾਨ ਆਪਣੇ ਜੋਬਨ ਦੇ ਸਿਖਰ ’ਤੇ ਪਹੁੰਚਦੀ ਹੈ। ਇਹਨਾਂ ਮਹੀਨਿਆਂ ਦੌਰਾਨ ਕਿਸਾਨਾਂ ਦੀਆਂ ਹਾੜ੍ਹੀ ਦੀਆਂ ਫਸਲਾਂ ਜਵਾਨ ਹੋ ਰਹੀਆਂ ਹੁੰਦੀਆਂ ਹਨ। ਅੰਬਾਂ ਦੇ ਬੂਟਿਆਂ ਨੂੰ ਬੂਰ ਪੈ ਰਿਹਾ ਹੁੰਦਾ ਹੈ। ਸਰ੍ਹੋਂ ਦੇ ਪੀਲੇ ਪੀਲੇ ਫੁੱਲਾਂ ਨਾਲ ਭਰੇ ਹੋਏ ਖੇਤ ਇਸ ਤਰ੍ਹਾਂ ਜਾਪਦੇ ਹਨ ਕਿ ਕੁਦਰਤ ਸੋਨੇ ਰੂਪੀ ਗਹਿਣੇ ਪਾ ਕੇ ਧਰਤੀ ਨੂੰ ਭਾਗ ਲਾ ਰਹੀ ਹੈ। ਇਸ ਰੁੱਤ ਵਿੱਚ ਕੁਦਰਤ ਸੱਜ ਵਿਆਹੀ ਦੁਲਹਨ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ। ਭਾਂਤ-ਭਾਂਤ ਦੇ ਖਿੜੇ ਹੋਏ ਫੁੱਲ ਹਵਾ ਨੂੰ ਸੁਗੰਧਿਤ ਕਰਦੇ ਹਨ। ਬਾਗਾਂ ਵਿਚ ਭੌਰੇ (ਭੰਵਰੇ) ਗੂੰਜਦੇ ਹਨ। ਬੁਲਬੁਲਾਂ ਅਤੇ ਕੋਇਲਾਂ ਮਿੱਠੇ-ਮਿੱਠੇ ਰਾਗ ਅਲਾਪਦੀਆਂ ਹਨ। ਇਸ ਰੁੱਤ ਦੇ ਖੇੜੇ ਦਾ ਵਰਨਣ ਪੰਜਾਬੀ ਕਵੀ ਲਾਲਾ ਕਿਰਪਾ ਸਾਗਰ ਨੇ ਬਹੁਤ ਹੀ ਬਾਖ਼ੂਬੀ ਕੀਤਾ ਹੈ।

ਜਿੰਨੇ ਫੁੱਲ ਜਹਾਨ ਦੇ, ਥਾਂ ਥਾਂ ਖਿੜੇ ਨਿਸ਼ੰਗ।  
ਬਿਰਛਾਂ ਦੇ ਸੰਗ ਲੱਦੀਆਂ, ਵੇਲਾਂ ਰੰਗ ਬਰੰਗ।  
ਲਪਟਾਂ ਦਿੰਦਾ ਵਾ ਨੂੰ, ਕਿਤੇ ਚੰਬੇਲੀ ਫੁੱਲ।  
ਨਰਗਸ ਮਾਰੇ ਅੱਖੀਆਂ, ਬਾਹਰ ਤ੍ਰੇੜੋਂ ਝੁੱਲ।  
ਵੱਡਾ ਝਾੜ ਗੁਲਾਬ ਦਾ, ਭਰਿਆ ਫੁੱਲਾਂ ਨਾਲ।  
ਪੋਸਤ ਨੇ ਮੂੰਹ ਅੱਡਿਆ, ਜਾਪੇ ਰੰਗ ਗੁਲਾਲ।  
ਨੀਲੇ, ਪੀਲੇ, ਕਿਰਮਚੀ, ਦਿਸਣ ਫੁੱਲ ਹਜ਼ਾਰ।  
ਕੱਜੀ ਜਿਮੀਂ ਬਨਫ਼ਸਿਆਂ, ਸਾਵੇ ਫੂਹੜ ਖਿਲਾਰ।

ਖਿੜੇ ਫੁੱਲ ਹਰੇਕ ਨੂੰ ਚੰਗੇ ਲਗਦੇ ਹਨ। ਇਹ ਸਾਨੂੰ ਤਾਜ਼ਗੀ ਪ੍ਰਦਾਨ ਕਰਦੇ ਹਨ। ਇਹ ਮਨੁੱਖ ਨੂੰ ਪ੍ਰੇਰਨਾ ਕਰਦੇ ਹਨ ਕਿ ਤੁਸੀਂ ਵੀ ਸਾਡੇ ਵਾਂਗ ਖਿੜੇ ਰਹੋ। ਹਰ ਭਾਸ਼ਾ ਵਿਚ ਸ਼੍ਰੋਮਣੀ ਰੁੱਤ ਬਸੰਤ ਸਬੰਧੀ ਅਣਗਿਣਤ ਕਵਿਤਾਵਾਂ ਮਿਲਦੀਆਂ ਹਨ। ਪੰਜਾਬੀ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਬਸੰਤ ਰੁੱਤ ਦਾ ਦ੍ਰਿਸ਼ ਇਉ ਪੇਸ਼ ਕੀਤਾ ਹੈ:-

ਕੱਕਰਾਂ ਨੇ ਲੁੱਟ ਪੁੱਟ, ਨੰਗ ਕਰ ਛੱਡੇ ਰੁੱਖ,  
ਹੋ ਗਏ ਨਿਹਾਲ ਅੱਜ ਪੁੰਗਰ ਕੇ ਡਾਲੀਆਂ ।  
ਡਾਲੀਆਂ ਕਚਾਰ ਵਾਂਗ ਕੂਲੀਆਂ ਨੂੰ ਜਿੰਦ ਪਈ,  
ਆਲ੍ਹਣੇ ਦੇ ਬੋਟ ਵਾਂਗ ਖੰਭੀਆਂ ਉਛਾਲੀਆਂ।  
ਬਾਗਾਂ ਵਿੱਚ ਬੂਟਿਆਂ ’ਤੇ ਡੋਡੀਆਂ ਉਭਾਰੀਆਂ ਨੇ,  
ਮਿੱਠੀ ਮਿੱਠੀ ਪੌਣ ਆ ਕੇ ਸੁੱਤੀਆਂ ਉਠਾਲੀਆਂ ।  
ਖੇਡ ਖੇਡ ਹੱਸਦੀਆਂ, ਵਸਦਾ ਜਹਾਨ ਵੇਖ,  
ਗੁੱਟੇ ਉੱਤੇ ਕੇਸਰ, ਗੁਲਾਬ ਉੱਤੇ ਲਾਲੀਆਂ।

ਬਸੰਤ ਪੰਚਮੀ ਦਾ ਸੰਬੰਧ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਨਾਲ ਵੀ ਜੁੜਦਾ ਹੈ। ਇਹ ਦਿਹਾੜਾ ਪ੍ਰਭੂ ਅਤੇ ਭਗਤ ਪ੍ਰੇਮ, ਬੀਰਤਾ, ਸੂਰਮਗਤੀ, ਕੁਰਬਾਨੀ, ਧਰਮ ਰੱਖਿਆ ਅਤੇ ਭਾਰਤੀ ਸੰਸਕ੍ਰਿਤੀ ਦੀ ਯਾਦ ਦਿਵਾਉਂਦਾ ਹੈ।

ਬਹਾਦਰ ਵੀਰ ਹਕੀਕਤ ਰਾਏ ਦੀ ਸ਼ਹਾਦਤ ਦਾ ਸਬੰਧ ਇਸੇ ਦਿਨ ਨਾਲ ਹੈ। ਸਿਆਲਕੋਟ ਦੇ ਮਦਰੱਸੇ ਜਿੱਥੇ ਹਕੀਕਤ ਰਾਏ ਪੜ੍ਹਾਈ ਕਰ ਰਿਹਾ ਸੀ, ਉਸ ਵਿੱਚ ਮੁਸਲਮਾਨ ਵਿਦਿਆਰਥੀਆਂ ਦਾ ਬਹੁਤ ਬੋਲਬਾਲਾ ਸੀ। ਇੱਕ ਦਿਨ ਮਦਰੱਸੇ ਦੇ ਮੁਸਲਮਾਨ ਵਿਦਿਆਰਥੀਆਂ ਨੇ ਹਿੰਦੂ ਧਰਮ ਦੀ ਪੂਜਨੀਕ ਦੇਵੀ ਮਾਂ ਦੁਰਗਾ ਬਾਰੇ ਅਪਸ਼ਬਦ ਕਹੇ। ਵੀਰ ਹਕੀਕਤ ਰਾਏ ਧਰਮ ਦਾ ਅਪਮਾਨ ਸਹਿਣ ਨਾ ਕਰ ਸਕਿਆ। ਉਸਨੇ ਮੁਸਲਮਾਨ ਵਿਦਿਆਰਥੀਆਂ ਨੂੰ ਸਮਝਾਇਆ ਕਿ ਹਿੰਦੂ ਧਰਮ ਵਿੱਚ ਮਾਂ ਦੁਰਗਾ ਉਸੇ ਤਰ੍ਹਾਂ ਸਤਿਕਾਰ ਯੋਗ ਹੈ ਜਿਵੇਂ ਮੁਸਲਿਮ ਧਰਮ ਵਿੱਚ ਹਜਰਤ ਮੁਹੰਮਦ ਸਾਹਿਬ ਦੀ ਪੁੱਤਰੀ ਬੀਬੀ ਫਾਤਿਮਾ ਹੈ। ਮੁਸਲਮਾਨ ਵਿਦਿਆਰਥੀਆਂ ਨੇ ਹਕੀਕਤ ਰਾਏ ਦੀ ਸ਼ਿਕਾਇਤ ਮੌਲਵੀ ਅਤੇ ਕਾਜ਼ੀ ਪਾਸ ਕਰ ਦਿੱਤੀ ਕਿ ਇਸਨੇ ਬੀਬੀ ਫ਼ਾਤਿਮਾ ਦਾ ਨਿਰਾਦਰ ਕੀਤਾ ਹੈ। ਕਾਜੀ ਨੇ ਹਕੀਕਤ ਰਾਏ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਆਪਣੇ ਲਾਹੌਰ ਦਰਬਾਰ ਵਿੱਚ ਬਸੰਤ ਪੰਚਮੀ ਵਾਲੇ ਦਿਨ ਵਿਸ਼ੇਸ਼ ਦਰਬਾਰ ਸਜਾਉਂਦੇ ਸਨ, ਜਿਸ ਵਿੱਚ ਸਾਰੇ ਦਰਬਾਰੀ ਪੀਲੇ ਕੱਪੜੇ ਪਹਿਨ ਕੇ ਹਾਜ਼ਰ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਬਹਾਦਰ ਸਿੱਖ ਜਰਨੈਲ ਸ਼ਾਮ ਸਿੰਘ ਅਟਾਰੀ ਵਾਲੇ ਨੇ ਮਹਾਰਾਜੇ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਅੰਗਰੇਜ਼-ਸਿੱਖਾਂ ਦੀ ਦੂਸਰੀ ਲੜਾਈ ਦੌਰਾਨ ਖ਼ਾਲਸਾ ਰਾਜ ਦੀ ਰਾਖੀ ਲਈ 10 ਫਰਵਰੀ, 1846 ਨੂੰ ਬਸੰਤ ਪੰਚਮੀ ਵਾਲੇ ਦਿਨ ਬਹਾਦਰ ਜਰਨੈਲ ਸ਼ਾਮ ਸਿੰਘ ਅਟਾਰੀ ਨੇ ਸਭਰਾਵਾਂ ਦੇ ਮੈਦਾਨ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਨਾਮਧਾਰੀ ਸੰਪਰਦਾਇ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਵੀ ਭੈਣੀ ਅਰਾਈਆਂ ਜ਼ਿਲ੍ਹਾ ਲੁਧਿਆਣਾ ਵਿਖੇ 3 ਫ਼ਰਵਰੀ, 1816 ਈਸਵੀ ਨੂੰ ਬਸੰਤ ਪੰਚਮੀ ਵਾਲੇ ਦਿਨ ਸਰਦਾਰ ਜੱਸਾ ਸਿੰਘ ਦੇ ਘਰ ਹੋਇਆ। ਬਾਬਾ ਰਾਮ ਸਿੰਘ ਜੀ ਨਿਡਰ ਦੇਸ਼ ਭਗਤ ਸਨ। ਉਹਨਾਂ ਦੀ ਦੇਖਰੇਖ ਹੇਠ ਨਾਮਧਾਰੀ ਸੰਪਰਦਾਇ ਦਾ ਬਹੁਤ ਵਿਕਾਸ ਹੋਇਆ। ਉਨ੍ਹਾਂ ਨੇ ਮਹਾਤਮਾ ਗਾਂਧੀ ਤੋਂ ਬਹੁਤ ਚਿਰ ਪਹਿਲਾਂ ਅੰਗਰੇਜ਼ੀ ਸਰਕਾਰ ਵਿਰੁੱਧ ਨਾ-ਮਿਲਵਰਤਣ ਦਾ ਮੁੱਢ ਬੰਨ੍ਹਿਆ ਸੀ। 1873 ਵਿੱਚ ਬਸੰਤ ਪੰਚਮੀ ਵਾਲੇ ਦਿਨ ਹੀ ਬਾਬਾ ਜੀ ਨੂੰ ਜਲਾਵਤਨ ਕਰਕੇ ਬਰਮਾ ਵਿਖੇ ਭੇਜਿਆ ਗਿਆ।

ਮਹਾਤਮਾ ਮਦਨ ਮੋਹਨ ਮਾਲਵੀਆ ਉਹ ਮਹਾਨ (**ਬਾਕੀ ਸਫ਼ਾ 27 ’ਤੇ**)




# ਚਾਇਨਾ ਡੋਰ ਵਿਰੁੱਧ ਜਨ-ਮੁਹਿੰਮ ਚਲਾਉਣ ਦੀ ਲੋੜ

## ਬੱਚਿਆਂ ਨੂੰ ਦੂਰ ਰੱਖੋ ਚਾਇਨਾ ਡੋਰ ਤੋਂ





ਪਤੰਗਬਾਜ਼ੀ ਸਦੀਆਂ ਤੋਂ ਹੀ ਭਾਰਤੀ ਪ੍ਰੰਪਰਾ ’ਚ ਅਹਿਮ ਸਥਾਨ ਰੱਖਦੀ ਹੈ। ਬਸੰਤ ਪੰਚਮੀ, ਲੋਹੜੀ, ਗਣਤੰਤਰ ਦਿਵਸ, ਸੁਤੰਤਰਤਾ ਦਿਵਸ ਮੌਕੇ ਅਸਮਾਨ ’ਚ ਉੱਡਦੇ ਰੰਗ-ਬਿਰੰਗੇ ਪਤੰਗ ਮਨਾਂ ਵਿੱਚ ਖ਼ੁਸ਼ੀ, ਉਲਾਸ, ਉਮੰਗ ਤੇ ਉਤਸ਼ਾਹ ਭਰ ਦਿੰਦੇ ਹਨ ਪਰ ਪਿਛਲੇ ਡੇਢ ਦਹਾਕੇ ਤੋਂ ਪਤੰਗਬਾਜ਼ੀ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ। ਇਹ ਖ਼ੁਸ਼ੀ ਦੀ ਥਾਂ ਮੌਤ ਦਾ ਕਾਰਨ ਬਣ ਗਈ ਹੈ, ਕਾਰਨ ਇੱਕੋ ਇਕ ਚਾਈਨਾ ਡੋਰ। ਇਸ ਨੇ ਰੰਗੀਨ ਤੇ ਖ਼ੁਸ਼ਹਾਲੀ ਵਾਲੇ ਤਿਉਹਾਰ ਨੂੰ ਮੌਤ ਤੇ ਖ਼ੂਨ ਨਾਲ ਪੂਰੀ ਤਰ੍ਹਾਂ ਕਲੰਕਿਤ ਕਰ ਦਿੱਤਾ ਹੈ।

ਬੱਚੇ ਤੇ ਨੌਜਵਾਨ ਵੱਧ ਪਤੰਗਾਂ ਕੱਟਣ ਲਈ ਇਸ ਡੋਰ ਦੀ ਵਰਤੋ ਕਰਦੇ ਹਨ। ਚਾਈਨਾ ਡੋਰ ਨੂੰ ਖ਼ਰੀਦਣ ਸਮੇਂ ਸਾਨੂੰ ਇਹ ਇਲਮ ਨਹੀਂ ਹੁੰਦਾ ਕਿ ਇਹ ਕਿਸੇ ਦੀ ਜਾਨ ਦਾ ਖੌਅ ਵੀ ਬਣ ਸਕਦੀ ਹੈ। ਚਾਇਨਾ ਡੋਰ ਨਾਇਲੋਨ, ਪਲਾਸਟਿਕ, ਸਿੰਥੈਟਿਕ ਤੇ ਕੱਚ ਦੇ ਬੁਰਾਦੇ ਨਾਲ ਤਿਆਰ ਕੀਤੀ ਖ਼ਤਰਨਾਕ ਡੋਰ ਹੈ। ਇਹ ਡੋਰ ਸਧਾਰਨ ਧਾਗੇ ਨਾਲੋਂ ਕਈ ਗੁਣਾਂ ਜ਼ਿਆਦਾ ਮਜਬੂਤ ਤੇ ਖ਼ਤਰਨਾਕ ਹੁੰਦੀ ਹੈ। ਜਦੋਂ ਇਹ ਡੋਰ ਕਿਸੇ ਦੀ ਗਰਦਨ, ਹੱਥ ਜਾਂ ਚਿਹਰੇ ’ਚ ਫਸ ਜਾਂਦੀ ਹੈ ਤਾਂ ਗੰਭੀਰ ਡੂੰਘੇ ਕੱਟ ਲੱਗ ਜਾਂਦੇ ਹਨ। ਸੜਕ ’ਤੇ ਅਚਾਨਕ ਲਟਕ ਰਹੀ ਚਾਇਨਾ ਡੋਰ ਵਾਹਨ ਚਲਾਉਣ ਵਾਲੇ ਦੇ ਗਰਦਨ ਵਿਚ ਫਸ ਕੇ ਗੰਭੀਰ ਜ਼ਖਮ ਜਾਂ ਤੁਰੰਤ ਮੌਤ ਦਾ ਕਾਰਨ ਬਣ ਜਾਂਦੀ ਹੈ। ਇਸ ਦੀ ਵਰਤੋਂ ਨਾਲ ਹਰ ਸਾਲ ਅਨੇਕਾਂ ਹਾਦਸੇ ਵਾਪਰ ਰਹੇ ਹਨ, ਜਿਨ੍ਹਾਂ ਵਿੱਚ ਮਨੁੱਖਾਂ, ਪੰਛੀਆਂ ਤੇ ਪਸ਼ੂਆਂ ਦੀ ਜਾਨ ਜਾ ਰਹੀ ਹੈ। ਹਰ ਸਾਲ ਪਤੰਗਾਂ ਦੇ ਮੌਸਮ ਵਿੱਚ ਬਹੁਤ ਜ਼ਿਆਦਾ ਜਾਨੀ ਨੁਕਸਾਨ ਹੋ ਰਿਹਾ ਹੈ।

**ਵਾਤਾਵਰਣ ਲਈ ਗੰਭੀਰ ਸਮੱਸਿਆ**

ਮੌਜੂਦਾ ਸਮੇਂ ’ਚ ਚਾਇਨਾ ਡੋਰ ਦੀ ਸਮੱਸਿਆ ਮਨੁੱਖੀ ਜਾਨ ਤੱਕ ਹੀ ਸੀਮਤ ਨਹੀਂ ਸਗੋਂ ਵਾਤਾਵਰਨ ਲਈ ਵੀ ਗੰਭੀਰ ਸਮੱਸਿਆ ਬਣ ਗਈ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਅਸਮਾਨੀ ਜੀਵ-ਚਿੜੀਆਂ, ਕਬੂਤਰ, ਤੋਤੇ, ਇੱਲਾਂ ਇਸ ਕਾਤਲ ਡੋਰ ਵਿਚ ਫਸ ਕੇ ਅਪਾਹਜ ਜਾਂ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਦੂਜੇ ਪਾਸੇ ਥਲੀ ਜੀਵ ਗਾਂ, ਕੁੱਤੇ ਅਤੇ ਹੋਰ ਪਸ਼ੂ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਇਹ ਡੋਰ ਇੰਨੀ ਖ਼ਤਰਨਾਕ ਹੈ ਕਿ ਬਿਜਲੀ ਦੀਆਂ ਤਾਰਾਂ ਨਾਲ ਟਕਰਾਉਣ ਨਾਲ ਕਰੰਟ ਵੀ ਆ ਰਿਹਾ ਹੈ।

**ਨੈਤਿਕ ਫ਼ਰਜ਼**

ਇਹ ਗੱਲ ਚਿੰਤਾਜਨਕ ਹੈ ਕਿ ਪੰਜਾਬ ਦੇ ਨਾਲ-ਨਾਲ ਕਈ ਸੂਬਿਆਂ ਵਿੱਚ ਚਾਇਨਾ ਡੋਰ ਦੀ ਖ਼ਰੀਦ-ਵੇਚ ਉੱਤੇ ਪੂਰਨ ਤੌਰ ’ਤੇ ਪਾਬੰਦੀ ਹੋਣ ਦੇ ਬਾਵਜੂਦ ਬਾਜ਼ਾਰਾਂ ਵਿੱਚ ਖੁੱਲੇਆਮ ਜਾਂ ਚੁਪ-ਚਪੀਤੇ ਵਿਕ ਰਹੀ ਹੈ। ਧਨ ਦੇ ਲਾਲਚ ਵਸ ਕੁਝ ਵਪਾਰੀ ਕਾਨੂੰਨ ਅਤੇ ਲੋਕਾਂ ਦੀ ਜਾਨਾਂ ਨੂੰ ਨਜ਼ਰ-ਅੰਦਾਜ਼ ਕਰ ਰਹੇ ਹਨ। ਇਹ ਨੈਤਿਕਤਾ ਤੇ ਕਿਰਦਾਰ ਦੇ ਪਤਨ ਦੀ ਨਿਸ਼ਾਨੀ ਹੈ। ਪ੍ਰਸ਼ਾਸਨ ਤੇ ਪੁਲਿਸ ਸਰਕਾਰ ਦੁਆਰਾ ਬਣਾਏ ਗਏ ਕਾਨੂੰਨਾਂ ਨੂੰ ਕਾਗਜਾਂ ਤੱਕ ਸੀਮਤ ਨਾ ਰੱਖੇ ਸਗੋਂ ਗਰਾਊਂਡ ਲੈਵਲ ’ਤੇ ਇਸ ਦੀ ਸਖ਼ਤੀ ਨਾਲ ਪਾਲਣਾ ਕਰਵਾਏ। ਨਜਾਇਜ਼ ਢੰਗ ਨਾਲ ਡੋਰ ਵੇਚਣ ਵਾਲਿਆਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਆਮ ਨਾਗਰਿਕ ਚਾਇਨਾ ਡੋਰ ਵੇਚਣ ਵਾਲਿਆਂ ਵਿਰੁੱਧ ਪੁਲਿਸ ਪ੍ਰਸ਼ਾਸਨ ਨੂੰ ਜਾਣਕਾਰੀ ਦੇ ਕੇ ਜ਼ਿੰਮੇਵਾਰ ਨਾਗਰਿਕ ਦਾ ਫ਼ਰਜ਼ ਨਿਭਾ ਸਕਦੇ ਹਨ।

ਬੱਚਿਆਂ ਨੂੰ ਨੁਕਸਾਨ ਬਾਰੇ ਕਰਵਾਓ ਜਾਣੂ

ਮਹਿਜ ਸਿਵਲ ਜਾਂ ਪੁਲਿਸ ਪ੍ਰਸ਼ਾਸਨ ਉੱਤੇ ਜ਼ਿੰਮੇਵਾਰੀ ਸੁੱਟਣ ਨਾਲ ਰੋਜ਼ਾਨਾ ਹੋ ਰਹੇ ਖ਼ਾਮੋਸ਼ ਕਤਲ ਉੱਤੇ ਕਾਬੂ ਨਹੀਂ ਪਾਇਆ ਜਾ ਸਕਦਾ। ਪ੍ਰਸ਼ਾਸਨ ਆਪਣਾ ਕੰਮ ਕਰ ਰਿਹਾ ਹੈ ਪਰੰਤੂ ਸਮਾਜ ਦਾ ਜਾਗਰੂਕ ਨਾਗਰਿਕ ਹੋਣ ਦੇ ਨਾਤੇ ਸਾਡੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਚਾਇਨਾ ਡੋਰ ਵਿਰੁੱਧ ਜਨ-ਅੰਦੋਲਨ ਚਲਾਇਆ ਜਾਵੇ। ਜ਼ਿੰਮੇਵਾਰ ਨਾਗਰਿਕ ਹੋਣ ਵਜੋਂ ਆਪਣੇ ਬੱਚਿਆਂ ਨੂੰ ਇਸ ਡੋਰ ਨਾਲ ਹੋ ਰਹੇ ਜਾਨੀ ਤੇ ਵਾਤਾਵਰਨਿਕ ਨੁਕਸਾਨ ਬਾਰੇ ਦੱਸੀਏ। ਉਨ੍ਹਾਂ ਨੂੰ ਚਾਇਨੀਜ਼ ਡੋਰ ਦੀ ਥਾਂ ਰਵਾਇਤੀ ਸੂਤ ਦੇ ਧਾਗੇ ਦੀ ਵਰਤੋਂ ਬਾਰੇ ਪ੍ਰੇਰਿਤ ਕਰੀਏ। ਬੱਚੇ ਲਾਲਚ ਵੱਸ ਜਿੱਥੇ ਲੋਕਾਂ ਅਤੇ ਜੀਵ-ਜੰਤੂਆਂ ਦਾ ਜਾਨੀ ਨੁਕਸਾਨ ਕਰ ਰਹੇ ਹਨ, ਉੱਥੇ ਕਰੰਟ ਆਦਿ ਦੇ ਖ਼ਤਰੇ ਨਾਲ ਆਪਣੀ ਜਾਨ ਵੀ ਜੋਖ਼ਮ ਵਿੱਚ ਪਾ ਰਹੇ ਹਨ, ਜੋ ਬਾਅਦ ਵਿੱਚ ਪਛਤਾਵੇ ਦਾ ਸਬੱਬ ਬਣ ਕੇ ਰਹਿ ਜਾਂਦਾ ਹੈ।

**ਫੈਲਾਓ ਜਾਗਰੂਕਤਾ**

ਸਕੂਲਾਂ ਤੇ ਕਾਲਜਾਂ ਦੇ ਮਾਧਿਅਮ ਰਾਹੀਂ ਚਾਇਨਾ ਡੋਰ ਵਿਰੁੱਧ ਜਨ-ਮੁਹਿੰਮ ਚਲਾਈ ਜਾ ਸਕਦੀ ਹੈ। ਉਨ੍ਹਾਂ ਨੂੰ ਇਹ ਗੱਲ ਸਮਝਾਉਣ ਦੀ ਲੋੜ ਹੈ ਕਿ ਇਹ ਡੋਰ ਲੋਕਾਂ ਦੇ ਘਰਾਂ ਦੇ ਚਿਰਾਗ ਬੁਝਾਉਣ ਦੇ ਨਾਲ-ਨਾਲ ਸਾਡੇ ਵਾਤਾਵਰਨ ਨੂੰ ਵੀ ਗੰਭੀਰ ਖ਼ਤਰਾ ਪੈਦਾ ਕਰ ਰਹੀ ਹੈ। ਖ਼ੁਦ ਅਤੇ ਲੋਕਾਂ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾ ਕੇ ਮਨਾਈ ਗਈ ਖ਼ੁਸ਼ੀ ਅਸਲ ਖ਼ੁਸ਼ੀ ਨਹੀਂ ਹੋ ਸਕਦੀ। ਇਸ ਕਾਤਲ ਡੋਰ ਵਿਰੁੱਧ ਜਨ-ਰੈਲੀਆਂ, ਡਿਬੇਟ, ਪੋਸਟਰ ਮੇਕਿੰਗ, ਸਲੋਗਨ ਕੰਪੀਟੀਸ਼ਨ ਕਰਵਾ ਕੇ ਸਾਰਥਿਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਸਕੂਟਰ ਤੇ ਮੋਟਰਸਾਈਕਲ ਚਲਾਉਣ ਵਾਲੇ ਚੌਕਸੀ ਵਰਤਣ, ਉਹ ਤਿਉਹਾਰਾਂ ਦੇ ਦਿਨਾਂ ਵਿਚ ਖ਼ਾਸ ਤੌਰ ’ਤੇ ਗਲ ਦੀ ਸੁਰੱਖਿਆ ਲਈ ਮਫ਼ਲਰ ਜਾਂ ਸੁਰੱਖਿਆ ਗਾਰਡ ਦੀ ਵਰਤੋਂ ਕਰ ਸਕਦੇ ਹਨ।

**ਕਾਨੂੰਨ ਦੀ ਪਾਲਣਾ**

ਆਖ਼ਰ ਸਮਾਜ ਸਾਹਮਣੇ ਇਹ ਪ੍ਰਸ਼ਨ ਆ ਜਾਂਦਾ ਹੈ ਕਿ ਕੀ ਅਸੀਂ ਲੋਕ ਥੋੜ੍ਹੇ ਜਿਹੇ ਮਨੋਰੰਜਨ ਲਈ ਇਨਸਾਨੀ ਜਾਨਾਂ ਤੇ ਵਾਤਾਵਰਣ ਦੀ ਕੁਰਬਾਨੀ ਦੇਣ ਲਈ ਤਿਆਰ ਹਾਂ ? ਜੇ ਨਹੀਂ, ਤਾਂ ਸਾਨੂੰ ਅੱਜ ਹੀ ਚਾਇਨਾ ਡੋਰ ਦੇ ਬਾਈਕਾਟ ਦਾ ਐਲਾਨ ਕਰਨਾ ਹੋਵੇਗਾ, ਨਹੀਂ ਤਾਂ ਇਹ ਆਉਣ ਵਾਲੇ ਸਮੇਂ ਵਿਚ ਪਤਾ ਨਹੀਂ ਹੋਰ ਕਿੰਨੇ ਘਰਾਂ ਦਾ ਚਿਰਾਗ਼ ਬੁਝਾ ਦੇਵੇਗੀ। ਸਾਵਧਾਨੀ, ਜਾਗਰੂਕਤਾ ਤੇ ਕਾਨੂੰਨ ਦੀ ਪਾਲਣਾ ਨਾਲ ਹੀ ਅਸੀਂ ਇਸ ਸਮੱਸਿਆ ਤੋਂ ਮੁਕਤੀ ਪਾ ਸਕਦੇ ਹਾਂ ਤੇ ਤਿਉਹਾਰਾਂ ਨੂੰ ਸੁਰੱਖਿਅਤ ਤੇ ਖ਼ੁਸ਼ਹਾਲ ਬਣਾ ਸਕਦੇ ਹਾਂ। ਸਮੁੱਚੇ ਤੌਰ ’ਤੇ ਕਿਹਾ ਜਾ ਸਕਦਾ ਕਿ ਚਾਈਨਾ ਡੋਰ ਨਾਲ ਵਾਪਰ ਚੁੱਕੇ ਹਾਦਸਿਆਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਦੋਸਤਾਂ, ਰਿਸਤੇਦਾਰਾਂ ਤੇ ਹੋਰਨਾਂ ਲੋਕਾਂ ਨੂੰ ਵੀ ਇਸ ਸਬੰਧੀ ਜਾਗਰੂਕ ਕਰਨਾ ਚਾਹੀਦਾ ਹੈ। ਇਕ ਜਾਗਰੂਕ ਨਾਗਰਿਕ ਬਣ ਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

# ਬੱਚਿਆਂ ਲਈ ਸਜ਼ਾ ਨਾ ਬਣੇ ਪੜ੍ਹਾਈ

ਪ੍ਰੋ. ਨਵ ਸੰਗੀਤ ਸਿੰਘ

ਪਿਆਰੇ ਬੱਚਿਓ! ਕੀ ਤੁਸੀਂ ਇਸ ਸਾਲ ਵਿੱਚ ਕਲਾਸ ਹੀਰੋ, ਮਾਪਿਆਂ ਦੀਆਂ ਅੱਖਾਂ ਦੇ ਤਾਰੇ ਤੇ ਸਮਾਜ ਦਾ ਸਿਤਾਰਾ ਬਣਨਾ ਚਾਹੁੰਦੇ ਹੋ ? ਕੀ ਤੁਸੀਂ ਜ਼ਿੰਦਗੀ ਦੇ ਹਰ ਪਹਿਲੂ ਵਿੱਚ ਉੱਤਮ ਹੋਣਾ ਚਾਹੁੰਦੇ ਹੋ, ਭਾਵੇਂ ਉਹ ਅਕਾਦਮਿਕ ਹੋਵੇ, ਖੇਡਾਂ ਹੋਣ ਜਾਂ ਸਿਹਤ ? ਤੁਸੀਂ ਜ਼ਰੂਰ ਇਨ੍ਹਾਂ ਸੁਪਨਿਆਂ ਨੂੰ ਆਸਾਨੀ ਨਾਲ ਪੂਰਾ ਕਰ ਸਕਦੇ ਹੋ, ਬਸ ਤੁਹਾਨੂੰ ਕੁਝ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਸਾਲ ਪਹਿਲਾ ਸਵਾਲ ਜੋ ਤੁਹਾਨੂੰ ਖ਼ੁਦ ਤੋਂ ਪੁੱਛਣਾ ਚਾਹੀਦਾ ਹੈ, ਉਹ ਹੈ, ‘ਮੈਨੂੰ ਸਭ ਤੋਂ ਵੱਧ ਖ਼ੁਸ਼ੀ ਕਿਸ ਗੱਲ ਵਿੱਚ ਮਿਲਦੀ ਹੈ’? ਮੈਨੂੰ ਆਪਣੇ ਖ਼ਾਲੀ ਸਮੇਂ ਵਿੱਚ ਕੀ ਕਰਨ ’ਚ ਮਜ਼ਾ ਆਉਂਦਾ ਹੈ ? ਵੱਡਾ ਹੋ ਕੇ ਮੈਨੂੰ ਕੀ ਕਰਨਾ ਪਸੰਦ ਹੈ ? ਇੱਕ ਵਾਰ ਜਦੋਂ ਤੁਹਾਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਮਿਲ ਜਾਣਗੇ ਤਾਂ ਤੁਹਾਡੇ ਸੁਪਨਿਆਂ ਨੂੰ ਪੂਰਾ ਕਰਨ ਦਾ ਰਸਤਾ ਆਪਣੇ ਆਪ ਖੁੱਲ੍ਹ ਜਾਵੇਗਾ।

ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਮਨ ਰਹਿੰਦਾ ਹੈ। ਜੇ ਤੁਸੀਂ ਸਿਹਤਮੰਦ ਤੇ ਊਰਜਾਵਾਨ ਹੋ ਤਾਂ ਤੁਸੀਂ ਬਿਹਤਰ ਸੋਚੋਗੇ, ਬਿਹਤਰ ਪੜ੍ਹਾਈ ਕਰੋਗੇ, ਹੋਰ ਸਿੱਖੋਗੇ ਤੇ ਹਮੇਸ਼ਾ ਖ਼ੁਸ਼ ਰਹੋਗੇ। ਜਿਵੇਂ ਇੱਕ ਕਾਰ ਨੂੰ ਸਹੀ ਬਾਲਣ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਾਡੇ ਸਰੀਰ ਨੂੰ ਵੀ ਸਹੀ ਭੋਜਨ ਦੀ ਲੋੜ ਹੁੰਦੀ ਹੈ। ਇਸ ਲਈ ਨਿਯਮਿਤ ਤੌਰ ’ਤੇ ਫਲ ਤੇ ਹਰੀਆਂ ਸਬਜ਼ੀਆਂ ਖਾਓ। ਹਰ ਰੰਗ ਦੇ ਫਲ ਅਤੇ ਸਬਜ਼ੀਆਂ ਖਾਣ ਦੀ ਆਦਤ ਬਣਾਓ। ਪ੍ਰੋਟੀਨ ਲਈ ਦਾਲਾਂ, ਦੁੱਧ, ਦਹੀਂ ਤੇ ਪਨੀਰ ਖਾਓ। ਪੀਜ਼ਾ, ਬਰਗਰ ਅਤੇ ਚਿਪਸ ਨੂੰ ਆਦਤ ਨਾ ਬਣਨ ਦਿਉ।

**ਸਰੀਰਕ ਤੌਰ ’ਤੇ ਸਰਗਰਮ ਰਹੋ**

ਸਕੂਲ ਵਿੱਚ ਸਿਰਫ਼ ਸਰੀਰਕ ਸਿੱਖਿਆ ਦੀਆਂ ਕਲਾਸਾਂ ਵਿੱਚ ਜਾਣਾ ਹੀ ਕਾਫ਼ੀ ਨਹੀਂ ਹੈ। ਹਰ ਰੋਜ਼ ਘੱਟੋ-ਘੱਟ ਇੱਕ ਘੰਟਾ ਬਾਹਰ ਖੇਡਣ ’ਚ ਬਿਤਾਓ। ਦੌੜਨਾ, ਕੁੱਦਣਾ, ਕ੍ਰਿਕਟ ਖੇਡਣਾ, ਫੁੱਟਬਾਲ ਜਾਂ ਸਾਈਕਲਿੰਗ, ਇਹ ਸਾਰੇ ਕਸਰਤ ਦੇ ਹੀ ਰੂਪ ਹਨ। ਇਹ ਤੁਹਾਡੇ ਸਰੀਰ ਨੂੰ ਮਜ਼ਬੂਤ ਬਣਾਉਂਦੇ ਹਨ ਤੇ ਤਣਾਅ ਤੋਂ ਰਾਹਤ ਦਿੰਦੇ ਹਨ। ਨਾਲ ਹੀ ਹਰ ਰੋਜ਼ ਵੱਧ ਤੋਂ ਵੱਧ ਪਾਣੀ ਪੀਣ ਦੀ ਆਦਤ ਪਾਓ। ਇਹ ਤੁਹਾਡੇ ਮਨ ਨੂੰ ਤਾਜ਼ਗੀ ਦਿੰਦਾ ਹੈ ਤੇ ਪੇਟ ਨੂੰ ਸਾਫ਼ ਰੱਖਦਾ ਹੈ।

ਦਿਮਾਗ਼ ਨੂੰ ਤੇਜ਼ ਕਰੋ

ਬੁੱਧੀਮਾਨ ਹੋਣ ਦਾ ਮਤਲਬ ਸਿਰਫ਼ ਚੰਗੇ ਨੰਬਰ ਪ੍ਰਾਪਤ ਕਰਨਾ ਨਹੀਂ ਹੁੰਦਾ। ਇਹ ਉਤਸੁਕ ਹੋਣ, ਚੀਜ਼ਾਂ ਨੂੰ ਸਮਝਣ ਤੇ ਸਮੱਸਿਆਵਾਂ ਨੂੰ ਹੱਲ ਕਰਨਾ ਸਿੱਖਣ ਬਾਰੇ ਹੈ। ਤੁਹਾਡਾ ਸਭ ਤੋਂ ਵੱਡਾ ਹਥਿਆਰ ਉਤਸੁਕਤਾ ਹੋਣਾ ਚਾਹੀਦਾ ਹੈ, ‘ਕਿਉਂ ਤੇ ਕਿਵੇਂ’ ਪੁੱਛਣਾ ਚਾਹੀਦਾ ਹੈ। ਕਦੇ ਵੀ ਸਵਾਲ ਪੁੱਛਣਾ ਬੰਦ ਨਾ ਕਰੋ। ਆਪਣੇ ਮਾਪਿਆਂ ਅਤੇ ਅਧਿਆਪਕਾਂ ਨੂੰ ਪੁੱਛੋ। ਬਹੁਤ ਸਾਰੀਆਂ ਕਿਤਾਬਾਂ ਪੜ੍ਹੋ। ਪੜ੍ਹਾਈ ਨੂੰ ਮਜ਼ੇਦਾਰ ਬਣਾਓ, ਸਜ਼ਾ ਨਹੀਂ। ਇਸ ਨੂੰ ਇੱਕ ਦਿਲਚਸਪ ਖੇਡ ਵਾਂਗ ਸਮਝੋ।

**ਨਵੀਆਂ ਚੀਜ਼ਾਂ ਸਿੱਖੋ**

ਪੇਂਟਿੰਗ, ਸੰਗੀਤ, ਕੋਡਿੰਗ ਜਾਂ ਕੋਈ ਨਵੀਂ ਭਾਸ਼ਾ, ਜੋ ਵੀ ਤੁਸੀਂ ਚਾਹੁੰਦੇ ਹੋ, ਸਿੱਖੋ। ਨਵੇਂ ਹੁਨਰ ਸਿੱਖਣਾ ਤੁਹਾਡੇ ਦਿਮਾਗ਼ ਦੇ ਨਵੇਂ ਹਿੱਸਿਆਂ ਨੂੰ ਸਰਗਰਮ ਕਰਦਾ ਹੈ। ਪੜ੍ਹਨਾ ਤੁਹਾਡੀ ਕਲਪਨਾ ਨੂੰ ਵਧਾਉਂਦਾ ਹੈ ਤੇ ਤੁਹਾਨੂੰ ਚੁਸਤ ਬਣਾਉਂਦਾ ਹੈ। ਇਕ ਵੱਡੀ ਪੌੜੀ ਚੜ੍ਹਨ ਲਈ ਤੁਹਾਨੂੰ ਛੋਟੇ ਕਦਮ ਚੁੱਕਣ ਦੀ ਲੋੜ ਹੈ। ਜੇ ਤੁਹਾਡਾ ਟੀਚਾ ਕਿਤਾਬ ਪੜ੍ਹਨਾ ਹੈ ਤਾਂ ਇਕ ਦਿਨ ਵਿਚ ਸਿਰਫ਼ ਪੰਜ ਪੰਨੇ ਪੜ੍ਹਨ ਦਾ ਫ਼ੈਸਲਾ ਕਰੋ। ਛੋਟੇ ਟੀਚਿਆਂ ਨੂੰ ਪੂਰਾ ਕਰਨ ਨਾਲ ਤੁਹਾਨੂੰ ਬਹੁਤ ਖ਼ੁਸ਼ੀ ਮਿਲਦੀ ਹੈ।



**ਹਮੇਸ਼ਾ ਖ਼ੁਸ਼ ਰਹੋ**

ਖ਼ੁਸ਼ੀ ਅੰਦਰੋਂ ਆਉਂਦੀ ਹੈ। ਤੁਸੀਂ ਭਾਵੇਂ ਕਿੰਨੇ ਵੀ ਹੁਸ਼ਿਆਰ ਜਾਂ ਸਫਲ ਕਿਉਂ ਨਾ ਹੋਵੋ, ਜੇ ਤੁਸੀਂ ਖ਼ੁਸ਼ ਨਹੀਂ ਹੋ, ਤਾਂ ਸਭ ਕੁਝ ਅਧੂਰਾ ਹੈ। ਅਜਿਹਾ ਕਰਨ ਲਈ ਸੌਣ ਤੋਂ ਪਹਿਲਾਂ ਹਰ ਰੋਜ਼ ਤਿੰਨ ਚੀਜ਼ਾਂ ਬਾਰੇ ਸੋਚੋ, ਜਿਨ੍ਹਾਂ ਲਈ ਤੁਸੀਂ ਧੰਨਵਾਦੀ ਹੋ। ਜਿਵੇਂ ਤੁਹਾਡਾ ਪਰਿਵਾਰ, ਤੁਹਾਡੇ ਦੋਸਤ, ਸੁਆਦੀ ਭੋਜਨ ਜਾਂ ਤੁਹਾਡਾ ਖਿਡੌਣਾ। ਇਹ ਛੋਟੀ ਜਿਹੀ ਆਦਤ ਤੁਹਾਨੂੰ ਸਕਾਰਾਤਮਿਕ ਮਹਿਸੂਸ ਕਰਵਾਏਗੀ। ਨਾਲ ਹੀ ਦੂਜਿਆਂ ਦੀ ਮਦਦ ਕਰੋ। ਛੋਟੇ-ਛੋਟੇ ਕੰਮਾਂ ਵਿੱਚ ਆਪਣੇ ਪਰਿਵਾਰ ਦੀ ਮਦਦ ਕਰੋ।

**ਸਫਲਤਾ ਲਈ ਫਾਰਮੂਲੇ ਦੀ ਪਾਲਣਾ ਕਰੋ**

ਸਫਲਤਾ ਦਾ ਮਤਲਬ ਹਮੇਸ਼ਾ ਪਹਿਲਾਂ ਖ਼ਤਮ ਕਰਨਾ ਨਹੀਂ ਹੁੰਦਾ। ਸਫਲਤਾ ਦਾ ਮਤਲਬ ਹੈ ਆਪਣੀ ਪੂਰੀ ਸਮਰੱਥਾ ਤਕ ਪਹੁੰਚਣਾ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨਾ। ਇਸ ਲਈ ਅਨੁਸ਼ਾਸਨ ਜ਼ਰੂਰੀ ਹੈ। ਪਹਿਲਾਂ ਜਾਣੋ ਕਿ ਤੁਸੀਂ ਕੀ ਪ੍ਰਾਪਤ ਕਰਨਾ ਚਾਹੁੰਦੇ ਹੋ। ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਆਪਣੀ ਯਾਤਰਾ ਨੂੰ ਛੋਟੇ ਕਦਮਾਂ ਵਿੱਚ ਵੰਡੋ। ਹਰ ਛੋਟਾ ਕਦਮ ਤੁਹਾਨੂੰ ਆਪਣੇ ਟੀਚੇ ਦੇ ਨੇੜੇ ਲੈ ਜਾਵੇਗਾ। ਭਾਵੇਂ ਤੁਸੀਂ ਕਈ ਵਾਰ ਅਸਫਲ ਵੀ ਹੋ ਜਾਵੋ, ਕਦੇ ਵੀ ਹਾਰ ਨਾ ਮੰਨੋ। ਚੈਂਪੀਅਨ ਉਹ ਹੁੰਦੇ ਹਨ, ਜੋ ਹਰ ਵਾਰ ਡਿੱਗਣ ਤੋਂ ਪਿੱਛੋਂ ਉੱਠ ਜਾਂਦੇ ਹਨ।

ਪ੍ਰਤਿਭਾ ਨੂੰ ਉਜਾਗਰ ਕਰੋ

ਹਰ ਸਾਲ ਵਾਂਗ ਇਸ ਸਾਲ ਵੀ ਤੁਹਾਡੇ ਕੋਲ ਆਪਣੀ ਪ੍ਰਤਿਭਾ ਵਿਖਾਉਣ ਦੇ ਬਹੁਤ ਸਾਰੇ ਮੌਕੇ ਹੋਣਗੇ। ਤੁਹਾਨੂੰ ਉਨ੍ਹਾਂ ਮੌਕਿਆਂ ਲਈ ਪਹਿਲਾਂ ਤੋਂ ਹੀ ਤਿਆਰ ਰਹਿਣਾ ਚਾਹੀਦਾ ਹੈ। ਜੇ ਤੁਸੀਂ ਕਵਿਤਾ, ਕਹਾਣੀ, ਫੀਚਰ ਆਦਿ ਲਿਖਣ ਵਿੱਚ ਦਿਲਚਸਪੀ ਰੱਖਦੇ ਹੋ ਤਾਂ ਤੁਸੀਂ ਆਪਣੇ ਮਨਪਸੰਦ ਬੱਚਿਆਂ ਦੇ ਮੈਗਜ਼ੀਨ ਜਾਂ ਹੋਰ ਅਖ਼ਬਾਰਾਂ, ਰਸਾਲਿਆਂ ਅਤੇ ਡਿਜੀਟਲ ਪਲੇਟਫਾਰਮਾਂ ਵਿੱਚ ਪ੍ਰਕਾਸ਼ਨ ਲਈ ਆਪਣੀਆਂ ਰਚਨਾਵਾਂ ਭੇਜ ਕੇ ਚੰਗੇ ਬਾਲ ਲੇਖਕ ਬਣ ਸਕਦੇ ਹੋ।

**ਗ਼ਲਤੀਆਂ ਤੋਂ ਨਾ ਘਬਰਾਓ**

ਆਪਣੀਆਂ ਗ਼ਲਤੀਆਂ ਤੋਂ ਨਾ ਡਰੋ। ਗ਼ਲਤੀਆਂ ਇਸ ਗੱਲ ਦਾ ਸਬੂਤ ਹਨ ਕਿ ਤੁਸੀਂ ਕੋਸ਼ਿਸ਼ ਕਰ ਰਹੇ ਹੋ। ਸਿਆਣੇ ਲੋਕ ਆਪਣੀਆਂ ਗ਼ਲਤੀਆਂ ਤੋਂ ਵਧੇਰੇ ਸਿੱਖਦੇ ਹਨ ਤੇ ਉਨ੍ਹਾਂ ਨੂੰ ਦੁਹਰਾਉਂਦੇ ਨਹੀਂ ਹਨ। ਗ਼ਲਤੀਆਂ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹਨ। ਕਿਸੇ ਲਈ ਵੀ ਕਦੇ ਗ਼ਲਤੀ ਨਾ ਕਰਨਾ ਅਸੰਭਵ ਹੈ। ਹਾਂ, ਸਿਆਣੇ ਲੋਕ ਆਪਣੀਆਂ ਗ਼ਲਤੀਆਂ ਦੀ ਜ਼ਿੰਮੇਵਾਰੀ ਲੈਂਦੇ ਹਨ ਅਤੇ ਉਨ੍ਹਾਂ ਤੋਂ ਸਿੱਖਦੇ ਹਨ।



# ਕੇਸੂ ਦੇ ਫੁੱਲ

ਸੰਤ ਸਿੰਘ ਸੇਖੋਂ



ਜਿਨ੍ਹਾਂ ਨੂੰ ਮਾਵਾਂ ਬਹੁਤ ਪਿਆਰੀਆਂ ਹੁੰਦੀਆਂ ਹਨ, ਉਹ ਆਪਣੇ ਪਿਆਰ ਵਿੱਚ ਨਾਨਕਿਆਂ ਨੂੰ ਵੀ ਭਾਗੀ ਬਣਾ ਲਿਆ ਕਰਦੇ ਹਨ ਤੇ ਖਾਸ ਕਰਕੇ ਜਦੋਂ ਮਾਂ ਆਪਣੇ ਪੇਕਿਆਂ ਨੂੰ ਬਹੁਤ ਪਿਆਰ ਕਰਦੀ ਹੋਵੇ।

ਉਦੇ ਸਿੰਘ ਪੰਜਾਹ ਵਰ੍ਹੇ ਤੋਂ ਲੰਘ ਗਿਆ ਸੀ, ਤੇ ਹਾਲੇ ਵੀ ਉਸ ਨੂੰ ਆਪਣੇ ਨਾਨਕੇ ਉਤਨੇ ਹੀ ਪਿਆਰੇ ਸਨ ਜਿਤਨੇ ਬਚਪਨ ਵਿੱਚ । ਜਾਂ ਸ਼ਾਇਦ ਉਸ ਤੋਂ ਵੀ ਵੱਧ ਪਿਆਰੇ, ਕਿਉਂਕਿ ਉਦੋਂ ਉਸ ਦੀ ਮਾਂ ਜਿਉਂਦੀ ਸੀ, ਉਸਦਾ ਨਾਨਕਿਆਂ ਦਾ ਪਿਆਰ ਮਾਂ ਦੀਆਂ ਸਮੇਂ ਸਮੇਂ ਦੀਆਂ ਮਨੋਵਸਥਾਂ ਅਨੁਸਾਰ ਸ਼ਾਇਦ ਬਦਲਦਾ ਰਹਿੰਦਾ ਸੀ । ਪਰ ਹੁਣ ਮਾਂ ਦਾ ਪਿਆਰ ਵੀ ਉਸ ਨੇ ਨਾਨਕਿਆਂ ਨੂੰ ਹੀ ਦਿੱਤਾ ਹੋਇਆ ਸੀ।

ਤੇ ਫਿਰ ਨਾਨਕਿਆਂ ਵਿੱਚ ਕਿਤਨੇ ਕੁ ਮਾਮੇ ਮਾਸੀਆਂ ਤੇ ਮਮੇਰ ਮਸੇਰ ਉਸ ਦਾ ਪਿਆਰ ਵੰਡਾਣ ਲਈ ਰਹਿ ਗਏ ਹੋਏ ਸਨ। ਉਸ ਦੀ ਮਾਂ ਤੇ ਮਾਮਾ ਇਕੱਲੇ ਭੈਣ ਭਰਾ ਸਨ । ਮਾਮਾ ਮਾਂ ਤੋਂ ਕੋਈ ਸੱਤ ਅੱਠ ਸਾਲ ਜਾਂ ਸ਼ਾਇਦ ਇਸ ਤੋਂ ਵੀ ਵੱਧ ਵੱਡਾ ਸੀ। ਮਾਮੇ ਦਾ ਪਹਿਲਾ ਵਿਆਹ ਸੋਲ੍ਹਾਂ ਸਾਲ ਦੀ ਉਮਰ ਤੋਂ ਪਹਿਲਾਂ ਹੋ ਗਿਆ ਸੀ । ਪਰ ਵਿਆਹੁਤਾ ਮੁਕਲਾਵੇ ਆਉਣ ਤੋਂ ਪਹਿਲਾਂ ਹੀ ਮਰ ਗਈ ਸੀ। ਫਿਰ ਮਾਮੇ ਦੀ ਮਾਤਾ ਦਾ ਵੀ ਦੇਹਾਂਤ ਹੋ ਗਿਆ ਸੀ ਤੇ ਉਨ੍ਹਾਂ ਕਾਰਣਾਂ ਅਧੀਨ, ਜੋ ਕਿਰਸਾਣੀ ਦੇ ਜੀਵਨ ਦੀਆਂ ਕੋਈ ਅਲੌਕਿਕ ਘਟਨਾਵਾਂ ਨਹੀਂ ਹੁੰਦੀਆਂ, ਘਰ ਵਿੱਚ ਇਤਨੀ ਗਰੀਬੀ ਆ ਗਈ ਸੀ ਕਿ ਮਾਮੇ ਨੂੰ ਰੁਜ਼ਗਾਰ ਦੀ ਤਲਾਸ ਵਿੱਚ ਪਰਦੇਸ ਜਾਣਾ ਪੈ ਗਿਆ ਸੀ ।

ਨਿਰਸੰਦੇਹ ਇਹ ਇੱਕ ਵੱਡਾ ਕਾਰਨ ਉਦੇ ਸਿੰਘ ਦੀ ਮਾਂ ਦੇ ਮਾਪਿਆਂ ਵੱਲ ਸਾਧਾਰਨ ਤੋਂ ਵਧੇਰੇ ਪਿਆਰ ਦਾ ਸੀ।

ਕਈ ਵਰ੍ਹੇ ਪਿੱਛੋਂ ਜਦੋਂ ਤੋਫ਼ੀਕ ਹੋਈ ਤਾਂ ਮਾਮੇ ਨੇ ਦੂਜੀ ਵਾਰੀ ਵਿਆਹ ਕਰਵਾ ਲਿਆ ਸੀ । ਇਹ ਮਾਮੀ ਇੱਕ ਵਾਰ ਆਪਣੀ ਨਣਾਨ ਨੂੰ ਮਿਲਣ ਤੇ, ਇੱਕ ਪ੍ਰਕਾਰ ਸਾਕ ਸੈਣ ਵਿੱਚ ਪਰਿਚਿਤ ਹੋਣ ਲਈ ਉਨ੍ਹਾਂ ਦੇ ਪਿੰਡ, ਘਰ ਵਿੱਚ ਆਈ ਸੀ । ਉਸ ਦੀ ਸ਼ਹਿਰੀ ਰਹਿਣੀ ਬਹਿਣੀ, ਪਹਰਨ ਤੇ ਬੋਲਣ ਕਾਰਨ ਸਾਰਿਆਂ ਨੇ ਉਸ ਦਾ ਨਾਂ ਲਾਲੀ ਪਾ ਦਿੱਤਾ ਸੀ। ਉਦੇ ਸਿੰਘ ਉਸ ਵੇਲੇ ਸੱਤ ਅੱਠ ਸਾਲ ਦੀ ਉਮਰ ਦਾ, ਉਸ ਨਾਲ ਬਹੁਤ ਲੜਦਾ ਝਗੜਦਾ ਸੀ। ਸ਼ਾਇਦ ਮਾਮੀ ਵੱਲ ਗੁਸਤਾਖੀ ਕਰਨ ਦਾ ਆਪਣਾ ਅਧਿਕਾਰ ਸਮਝ ਕੇ ਜਾਂ ਆਪਣੀ ਮਾਂ ਦੇ ਮਨ ਵਿੱਚ ਭਰਜਾਈ ਵੱਲ ਕਿਸੇ ਅਸੰਤੁਸ਼ਟ ਭਾਵ ਦੀ ਹੋਂਦ ਮਹਿਸੂਸ ਕਰਕੇ। ਉਦੇ ਸਿੰਘ ਦੀ ਮਾਂ ਵਿਧਾਤਾ ਨੂੰ, ਉਸ ਦੀ ਪਹਿਲੀ ਭਰਜਾਈ ਨੂੰ ਬਿਨ ਮੁਕਲਾਈ ਚੁਕ ਲੈਣ ਉਤੇ ਕਦੀ ਮੁਆਫ ਨਹੀਂ ਕਰ ਸਕੀ ਸੀ ਤੇ ਨਵੀਂ ਭਰਜਾਈ ਲਾਲੀ ਉਤੇ ਵੀ ਉਹਦਾ ਇਹ ਰੋਸ ਇੱਕ ਪ੍ਰਕਾਰ ਵਰ੍ਹਾ ਕੁ ਪਿਛੋਂ ਡੁਲ੍ਹ ਕੇ ਵਗ ਗਿਆ ਹੋਇਆ ਸੀ।

ਲਾਲੀ ਦੇ ਇੱਕ ਪੁੱਤਰ ਹੋਇਆ ਜੋ ਮਾਮੇ ਦੀ ਚਿੱਠੀ ਅਨੁਸਾਰ ਤੇ ਲਾਲੀ ਦੀ ਸ਼ਕਲ ਤੋਂ ਅਨੁਮਾਨ ਅਨੁਸਾਰ ਬਹੁਤ ਸੋਹਣਾ ਸੀ। ਪਰ ਅਗਲੇ ਵਰ੍ਹੇ ਹੀ ਉਹ ਤੇ ਲਾਲੀ ਦੋਵੇਂ 1919 ਦੇ ਇਨਫਲੂਐਂਜ਼ੇ ਬੁਖ਼ਾਰ ਦੀ ਭੇਂਟ ਚੜ੍ਹ ਗਏ ਸਨ। ਤੇ ਉਦੇ ਸਿੰਘ ਦਾ ਨਾਨਕਾ ਘਰ ਫਿਰ, ਵੀਰਾਨ ਹੋ ਗਿਆ ਸੀ ।

ਪੰਜ ਸੱਤ ਸਾਲ ਪਿੱਛੋਂ ਮਾਮੇ ਨੇ ਫਿਰ ਤੀਜਾ ਵਿਆਹ ਕਰਾ ਲਿਆ। ਭਾਵੇਂ ਉਦੇ ਸਿੰਘ ਦੀ ਮਾਂ ਇਸ ਭਰਜਾਈ ਨੂੰ ਵੀ ਬਹੁਤ ਮੁਹੱਬਤ ਨਹੀਂ ਕਰ ਸਕਦੀ ਸੀ, ਉਸਨੂੰ ਸ਼ਾਂਤੀ ਹੋਈ ਕਿ ਉਸ ਦੇ ਪੇਕੇ ਘਰ ਵਿੱਚ ਫਿਰ ਵਸੋਂ ਦਾ ਮੁੱਢ ਬੱਝ ਗਿਆ ਸੀ। ਇਸ ਮਾਮੀ ਤੋਂ ਦੋ ਪੁੱਤ ਹੋਏ, ਜਿਹਨਾਂ ਵਿੱਚ ਕੋਈ ਬਾਰ੍ਹਾਂ ਤੇਰ੍ਹਾਂ ਵਰ੍ਹੇ ਦਾ ਫਰਕ ਸੀ।

ਇਤਨੇ ਚਿਰ ਨੂੰ ਉਦੇ ਸਿੰਘ ਦਾ ਮਾਮਾ ਆਪਣੇ ਪਿਛੇ ਇਹ ਦੋ ਪੁੱਤਰ ਤੇ ਮਾਮੀ ਨੂੰ ਵਿਧਵਾ ਛੱਡ ਕੇ ਗੁਜ਼ਰ ਗਿਆ। ਇਹ ਦੋ ਪੁੱਤਰ ਕਰਮਵਾਰ ਚੌਦਾਂ ਤੇ ਇੱਕ ਸਾਲ ਦੀ ਉਮਰ ਦੇ ਸਨ। ਪਰ ਦੂਜੇ ਤੀਜੇ ਸਾਲ ਹੀ ਵੱਡਾ ਪੁੱਤਰ ਵੀ ਮਰ ਗਿਆ ਤੇ ਉਦੇ ਸਿੰਘ ਦੇ ਨਾਨਕਿਆਂ ਦੀ ਨਿਸ਼ਾਨੀ ਇੱਕ ਦੋ ਤਿੰਨ ਸਾਲ ਦਾ ਹੀ ਬਾਲ ਰਹਿ ਗਿਆ।

ਸਾਲ ਖੰਡ ਹੋਰ ਇਹਨਾਂ ਮਾਨਸਿਕ ਪੀੜਾਂ ਨੂੰ ਸਹਿਣ ਕਰਦੀ ਉਦੇ ਸਿੰਘ ਦੀ ਮਾਂ ਵੀ ਚਲ ਵਸੀ ਸੀ । ਉਦੇ ਸਿੰਘ ਦਾ ਆਪਣੇ ਨਾਨਕਿਆਂ ਨਾਲ ਸੰਪਰਕ ਬਹੁਤ ਪਤਲਾ ਜਿਹਾ ਹੋ ਗਿਆ ਸੀ। ਤਾਂ ਵੀ ਜਦੋਂ ਕਦੀ ਉਦੇ ਸਿੰਘ ਨੂੰ ਮੌਕਾ ਮਿਲਦਾ ਉਹ ਨਾਨਕੇ ਜਾ ਹੀ ਆਇਆ ਕਰਦਾ ਸੀ ।

ਚੇਤਰ ਮਹੀਨੇ ਦੇ ਇੱਕ ਦਿਨ ਅੱਜ ਉਦੇ ਸਿੰਘ ਪਟਿਆਲੇ ਤੋਂ ਨਾਭੇ ਆਪਣੇ ਮਮੇਰ ਦੇ ਪੁੱਤਰ ਦੇ ਚੌਥੇ ਜਨਮ ਦਿਨ ਦੀ ਮਿਲਣੀ ਉਤੇ ਜਾ ਰਿਹਾ ਸੀ, ਤੇ ਉਸ ਦਾ ਮਨ ਇਹਨਾਂ ਸਾਰੇ ਪਿਛਲੇ ਵਰ੍ਹਿਆਂ ਵਿੱਚ ਆਏ ਉਤਾਰਾਂ ਚੜ੍ਹਾਵਾਂ ਨੂੰ ਅਨੁਭਵ ਕਰਕੇ ਕਿਸੇ ਸਾਗਰ ਕੰਢੇ ਦੀ ਲਹਿਰ ਵਾਕਰ ਜਵਾਰ ਭਾਟੇ ਵਿੱਚ ਸੀ। ਪਟਿਆਲੇ ਤੋਂ ਨਾਭੇ ਦੀ ਪੱਕੀ ਸੜਕ ਉਤੇ ਹੁਣ ਟਾਹਲੀ ਆਦਿ ਬਹੁਤ ਰੁਖ ਲੱਗ ਗਏ ਸਨ, ਜਿਹੜੇ ਬੱਸ ਉਤੇ ਸਫਰ ਕਰ ਰਹੇ ਪਾਂਧੀ ਨੂੰ ਬਹੁਤ ਸੁਹਾਣੇ ਲੱਗ ਰਹੇ ਸਨ । ਪਟਿਆਲੇ ਤੋਂ ਕੁਝ ਦੂਰ ਲੰਘ ਕੇ ਇੱਕ ਦਮ ਪਲਾਹ ਦੇ ਦਰਖ਼ਤ ਇਹਨਾਂ ਟਾਹਲੀਆਂ ਵਿਚੋਂ ਲੰਘ ਕੇ ਜਾਣੇ ਮੁਸਾਫਰ ਨੂੰ ਆਪਣੀ ਹੋਂਦ ਦਾ ਗਿਆਨ ਕਰਵਾਣ ਲਈ ਸੁਨਹਿਰੀ ਲਾਲ ਅੱਗ ਵਾਕਰ ਦਗਦੇ ਕੇਸੂ ਦੇ ਫੁਲਾਂ ਦੇ ਛੱਤਰ ਉਠਾਈ ਉਤਾਵਲੇ ਤੁਰੇ ਆਉਂਦੇ ਜਾਪੇ। ਕੇਸੂ ਦੀ ਇਹ ਸੁਨਹਿਰੀ ਲਾਲ ਅੱਗ, ਇਕ ਨਿੱਘੀ ਸ਼ਰਾਬ ਵਾਕਰ, ਉਦੇ ਸਿੰਘ ਦੇ ਅੰਦਰ ਭੜਕ ਉਠੀ। ਇਹ ਭੜਕਣ, ਦੁਖ ਭਰੀ ਨਹੀਂ ਸੀ, ਲੋਰ ਭਰੀ, ਇੱਕ ਨਸ਼ੇ ਵਾਕਰ ਮਸਤ ਕਰ ਦੇਣ ਵਾਲੀ ਸੀ । ਉਦੇ ਸਿੰਘ ਨੂੰ ਯਾਦ ਆਇਆ ਕਿਵੇਂ ਕੁਝ ਵਰ੍ਹੇ ਪਹਿਲਾਂ ਇਸ ਸੜਕ ਉਤੇ ਇਹਨਾਂ ਦੋ ਮਹੀਨਿਆਂ, ਫੱਗਣ ਚੇਤਰ, ਵਿੱਚ ਇਸ ਕੇਸੂ ਦਾ ਹੀ ਅਟੰਕ ਰਾਜ ਹੁੰਦਾ ਸੀ ਹੁਣ ਉਹ ਰਾਜ ਤਾਂ ਟਾਹਲੀਆਂ ਤੇ ਹੋਰ ਕੁਝ ਰੁੱਖਾਂ ਨੇ ਲੈ ਲਿਆ ਸੀ, ਪਰ ਅੰਗਰੇਜ਼ੀ ਸਾਮਰਾਜ ਸਮੇਂ ਦੀਆਂ ਦੇਸੀ ਰਿਆਸਤਾਂ ਵਾਕਰ ਇਹ ਪਲਾਹ ਦੇ ਬਿਰਛ ਕੇਸੂਆਂ ਨਾਲ ਲੱਦੇ ਆਪਣੀ ਸ਼ਾਨ ਵਿਖਾਈ ਜਾਂਦੇ ਸਨ।

ਉਦੇ ਸਿੰਘ ਇਤਨਾ ਭਾਵਕ ਤਾਂ ਨਹੀਂ ਸੀ ਕਿ ਉਹ ਕੇਸੂਆਂ ਦੇ ਪਿਆਰ ਵਿੱਚ ਟਾਹਲੀਆਂ ਦਾ ਬੁਰਾ ਤਕਾਣ ਲਈ ਜਾਂਦਾ ਜਾਂ ਉਹਨਾਂ ਵੱਲ ਕਿਸੇ ਦਵੈਤ ਭਾਵ ਨਾਲ ਵੇਖਦਾ, ਜਿਵੇਂ ਉਸ ਦੀ ਮਾਂ ਆਪਣੀਆਂ ਦੂਜੀਆਂ ਭਰਜਾਈਆਂ ਵੱਲ, ਉਸ ਨੂੰ ਖਿਆਲ ਆਇਆ, ਵੇਖਿਆ ਕਰਦੀ ਸੀ। ਕਿਉਂਕਿ ਇਹਨਾਂ ਟਾਹਲੀਆਂ ਨੇ ਉਸ ਦੀ ਦੂਜੀ ਮਾਮੀ ਨਹੀਂ ਤਾਂ ਤੀਜੀ ਮਾਮੀ ਦੇ ਉਸ ਦਾ ਨਾਨਕਾ ਘਰ ਵਸਾ ਦੇਣ ਵਾਕਰ ਇਸ ਦੇਸ਼ ਨੂੰ ਵਸਾ ਹੀ ਦਿਤਾ ਸੀ। ਪਰ ਫਿਰ ਵੀ ਇਹ ਕੇਸੂ ਦੇ ਫੁੱਲ ਉਸ ਨੂੰ ਉਸਦੀ ਬਿਨ ਮੁਕਲਾਈ ਮਰ ਗਈ ਮਾਮੀ ਵਾਕਰ ਦਿਸ ਰਹੇ ਸਨ, ਜਿਵੇਂ ਉਹ ਮਾਮੀ ਉਸ ਦੇ ਬਚਪਨ ਵਿੱਚ ਉਸ ਨੂੰ ਇਹਨਾਂ ਕੇਸੂ ਦੇ ਫੁੱਲਾਂ ਵਾਕਰ ਦਿਸਦੀ ਹੁੰਦੀ ਸੀ ।

ਥੋੜੇ ਸਾਲ ਪਹਿਲਾਂ ਹੀ ਉਦੇ ਸਿੰਘ ਤੇ ਉਹਦੇ ਭਰਾ ਨੇ ਆਪਣੇ ਪਿੰਡ ਵਿੱਚ ਕੇਸੂ ਦੇ ਫੁੱਲਾਂ ਨਾਲ ਇਸ ਪ੍ਰਕਾਰ ਦਾ ਹੀ ਵਰਤਾਵਾ ਕੀਤਾ ਸੀ। ਮੁਰੱਬੇਬੰਦੀ ਹੋਈ ਤਾਂ ਉਹਨਾਂ ਨੇ ਆਪਣੀ ਜ਼ਮੀਨ ਇਕੋ ਥਾਂ ਕਰਕੇ ਢੱਕ ਵਿੱਚ ਲੈ ਆਂਦੀ ਸੀ। ਇਥੇ 25 ਕੁ ਘੁਮਾਉਂ ਵਿਚੋਂ ਉਨ੍ਹਾਂ ਨੇ ਢੱਕ ਤੇ ਪਲਾਹ ਦੇ ਬਿਰਛ ਚੁਣ ਚੁਣ ਕੇ ਮਾਰ ਦਿਤੇ ਸਨ। ਅੱਜ ਉਹਨਾਂ ਦੇ ਖੇਤ ਵਿੱਚ ਵੀ ਫੱਗਣ ਚੇਤਰ ਦੀ ਰੁੱਤ ਕੇਸੂ ਦੇ ਅੱਗ ਵਾਕਰ ਭੜਕਦੇ ਫੁੱਲਾਂ ਦੀ ਰੌਣਕ ਤੋਂ ਬਿਨਾ ਹੀ ਲੰਘ ਜਾਂਦੀ ਸੀ। ਹੁਣ ਉਨ੍ਹਾਂ ਖੇਤਾਂ ਵਿੱਚ ਵੀ ਜੇ ਕੋਈ ਰੁੱਖ ਉਗੇ ਸਨ ਤਾਂ ਟਾਹਲੀ ਤੇ ਤੂਤ ਸਨ। ਉਸ ਦੇ ਮਨ ਵਿੱਚ ਆਇਆ ਕਿ ਭਰਾ ਨੂੰ ਆਖੇ ਬਈ ਜੇ ਅੱਗੋਂ ਕੋਈ ਪਲਾਹ ਖੇਤ ਵਿੱਚ ਉਗੇ ਤਾਂ ਉਸ ਨੂੰ ਪੁੱਟੇ ਨਾ, ਰਹਿਣ ਦੇਵੇ, ਵੱਧ ਲੈਣ ਦੇਵੇ । ਇਸ ਤਰ੍ਹਾਂ ਕੁਝ ਕੁ ਪਲਾਹ ਫਿਰ ਹੋ ਜਾਣਗੇ ਤਾਂ ਉਨ੍ਹਾਂ ਦੇ ਖੇਤ ਵਿੱਚ ਫਿਰ ਫ਼ੱਗਣ ਚੇਤਰ ਵਿੱਚ ਰੰਗ ਦੀ ਹੋਲੀ ਹੋ ਜਾਇਆ ਕਰੇਗੀ। ਪਰ ਫਿਰ ਉਸ ਦੇ ਮਨ ਵਿੱਚ ਆਈ ਇਹ ਪਲਾਹ ਤੇ ਇਹ ਕੇਸੂ ਦੇ ਫੁੱਲ ਕਿਸੇ ਬੀਤ ਗਏ ਸਮੇਂ ਦੇ ਰੰਗ ਸਨ। ਇਨ੍ਹਾਂ ਵਿੱਚ ਭੜਕਾਹਟ ਕਿਤਨੀ ਸੀ ! ਪਰ ਉਨ੍ਹਾਂ ਬੀਤ ਗਏ ਸਮਿਆਂ ਵਿੱਚ ਵੀ ਉਨ੍ਹਾਂ ਦੇ ਬਜ਼ੁਰਗ ਇਸ ਕੇਸੂ ਦੇ ਰੰਗ ਨੂੰ ਝੂਠਾ ਹੀ ਆਖਿਆ ਕਰਦੇ ਸਨ। ਤੇ ਫਿਰ ਇਸ ਪਲਾਹ ਦੇ ਰੁੱਖ ਦਾ ਟਾਹਲੀ, ਤੂਤ ਆਦਿ ਹੋਰ ਰੁੱਖਾਂ ਦੇ ਮੁਕਾਬਲੇ ਵਿੱਚ ਕੀ ਮੁੱਲ ਸੀ ।

ਰੰਗਾਂ ਲਈ ਵੀ ਚੰਡੀਗੜ੍ਹ ਦੇ ਬਣਨ ਨਾਲ ਨਵੇਂ ਫੁੱਲਦਾਰ ਬਿਰਛ ਪ੍ਰਚਲਿਤ ਹੋ ਗਏ ਸਨ, ਜੋ ਕੇਸੂ ਨਾਲੋਂ ਵੀ ਸੁਹਣੇ ਤੇ ਸੋਹਜਵੰਤ ਫੁੱਲ ਦੇਂਦੇ ਸਨ। ਇਹ ਬਿਰਛ ਹੁਣ ਸਭ ਥਾਉਂ ਬਾਗਾਂ, ਕੋਠੀਆਂ ਦੇ ਲਾਨਾਂ ਤੇ ਸੜਕਾਂ ਆਦਿ ਤੱਕ ਉੱਤੇ ਉਗ ਰਹੇ ਸਨ। ਨਹੀਂ, ਉਸ ਦਾ ਦੇਸ਼ ਹੁਣ ਕੇਸ ਦੇ ਭੜਕੀਲੇ ਸੁਨਹਿਰੀ ਲਾਲ ਰੰਗ ਨੂੰ ਤਿਆਗ ਚੁਕਾ ਸੀ ਤੇ ਹੋਰ ਵਧੇਰੇ ਸੁੰਦਰ ਫੁੱਲਾਂ ਨਾਲ ਪਰਿਚਿਤ ਹੋ ਚੁੱਕਾ ਸੀ । ਪਰ ਫਿਰ ਵੀ ਇਹ ਕੇਸੂ ਦੇ ਫੁੱਲ ਮੂਲੋਂ ਹੀ ਇਸ ਤਰ੍ਹਾਂ ਤਿਆਗ ਦੇਣ ਜੋਗੇ ਨਹੀਂ ਸਨ, ਉਸ ਨੇ ਸੋਚਿਆ। ਪੁਰਾਣੇ ਤੇ ਨਵੇਂ ਵਿੱਚ ਇਕ ਵਧੇਰੇ ਸੁਹਿਰਦ ਸੰਬੰਧ ਬਣਾਉਣਾ ਯੋਗ ਸੀ।

ਬਹੁਤ ਵਾਰੀ ਇੱਕ ਪੀੜ੍ਹੀ ਤੋਂ ਬਾਅਦ ਨਾਨਕਾ ਸਾਕ ਭੁੱਲ ਜਾਇਆ ਕਰਦਾ ਹੈ। ਉਸ ਨੂੰ ਆਪ ਨੂੰ ਆਪਣੇ ਪਿਤਾ ਦੇ ਨਾਨਕੇ ਪਿੰਡ ਨਾਲ ਕੋਈ ਲਗਾਉ ਨਹੀਂ ਸੀ । ਭਾਵੇਂ ਉਹ ਪਿੰਡ ਤੋਂ ਤਿੰਨ ਚਾਰ ਮੀਲ ਦੀ ਵਿੱਥ ਉਤੇ ਹੀ ਸੀ। ਪਰ ਇਹ ਸ਼ਾਇਦ ਇਸ ਲਈ ਕਿ ਉਸ ਦੇ ਪਿਤਾ ਦੇ ਨਾਨਕੇ ਪਰਿਵਾਰ ਵਿੱਚ ਕੋਈ ਰਹਿ ਨਹੀਂ ਸੀ ਗਿਆ। ਫਿਰ ਉਸ ਨੇ ਆਪਣੇ ਸੱਜੇ ਖੱਬੇ ਹੋਰ ਪਰਿਵਾਰਾਂ ਦੇ ਇਨ੍ਹਾਂ ਸੰਬੰਧਾਂ ਉਤੇ ਸਰਸਰੀ ਜੇਹੀ ਝਾਤ ਪਾਈ। ਬਹੁਤ ਲੋਕ ਮਾਮਿਆਂ ਦੀ ਮੌਤ ਤੋਂ ਪਿਛੋਂ ਤੇ ਕਈ ਵਾਰੀ ਉਨ੍ਹਾਂ ਦੇ ਜੀਵਨ ਵਿੱਚ ਹੀ ਨਾਨਕਿਆਂ ਨੂੰ ਭੁਲਾ ਦੇਂਦੇ ਹਨ ਜਦੋਂ ਸਹੁਰਿਆਂ, ਅਗਲੀ ਪੀੜ੍ਹੀ ਦੇ ਨਾਨਕਿਆਂ ਨਾਲ ਸਾਂਝ ਪੈ ਜਾਂਦੀ ਹੈ। ਕੀ ਉਸ ਦੇ ਆਪਣੇ ਪੁੱਤਰ ਧੀਆਂ ਵੀ ਉਸ ਵਾਕਰ ਹੀ ਨਾਨਕਿਆਂ ਨੂੰ ਪਿਆਰ ਕਰਦੇ ਰਹਿਣਗੇ ? ਉਸ ਨੇ ਸੋਚਿਆ।

ਨਹੀਂ, ਉਨ੍ਹਾਂ ਨੂੰ ਆਪਣੇ ਨਾਨਕਿਆਂ ਦਾ ਇਸ ਤਰ੍ਹਾਂ ਦਾ ਪਿਆਰ ਨਹੀਂ, ਉਸ ਨੇ ਨਿਰਣਾ ਕੀਤਾ। ਉਨ੍ਹਾਂ ਦੇ ਸੰਬੰਧ ਕਾਇਮ ਰਹਿਣਗੇ ਪਰ ਉਨ੍ਹਾਂ ਸੰਬੰਧਾਂ ਵਿੱਚ ਕੇਸੂ ਦਾ ਰੰਗ ਨਹੀਂ ਹੋਵੇਗਾ। ਉਨ੍ਹਾਂ ਨੂੰ ਕੇਸੂ ਦੇ ਫੁੱਲਾਂ ਦੀ ਸੋਝੀ ਨਹੀਂ ਸੀ। ਉਨ੍ਹਾਂ ਦਾ ਨਾਨਕਾ ਘਰ ਟਾਹਲੀਆਂ ਤੂਤਾਂ ਤੇ ਇਨ੍ਹਾਂ ਤੋਂ ਪਕੇਰੇ ਰੁੱਖਾਂ ਦਾ ਬਾਗ ਸੀ। ਤੇ ਉਸ ਦੇ ਨਾਨਕੇ ਘਰ ਨੂੰ ਇਸ ਇੱਕ ਬੂਟੇ ਨੇ ਉਜਾੜ ਬਣ ਜਾਣ ਤੋਂ ਬਚਾ ਲਿਆ ਸੀ, ਜਿਸ ਦੀ ਇੱਕ ਸ਼ਾਮ ਦੀ ਬਹਾਰ ਦੀ ਨਵੀਂ ਹਰਿਆਵਲ ਨੂੰ ਵੇਖਣ ਉਹ ਅੱਜ ਜਾ ਰਿਹਾ ਸੀ ।

ਪਟਿਆਲੇ ਤੋਂ ਨਾਭੇ ਜਾਂਦੀ ਇਸ ਸੜਕ ਉਤੇ ਉਸ ਨੂੰ ਬੀਤੇ, ਅੱਜ ਦੇ ਤੇ ਆਉਣ ਵਾਲੇ ਸਮੇਂ ਦੇ ਕੀ ਕੀ ਰੰਗ ਉਘੜਦੇ ਨਜ਼ਰ ਆ ਰਹੇ ਸਨ। ਉਸ ਨੂੰ ਆਪਣੀ ਮਾਂ ਯਾਦ ਆਈ, ਉਸ ਦੀ ਮਾਂ ਦੀ ਜਵਾਨੀ ਯਾਦ ਆਈ ਜਿਸ ਦੀ ਉਸ ਨੂੰ ਕੁਝ ਕੁਝ ਸੋਝੀ ਸੀ, ਤੇ ਉਸ ਮਾਂ ਦਾ ਬਚਪਨ ਯਾਦ ਆਇਆ ਜਿਸ ਬਾਰੇ ਉਹ ਨਿੱਤ ਦਿਹਾੜੀ ਉਸ ਪਾਸੋਂ ਕਥ ਕਹਾਣੀ ਸੁਣਿਆ ਕਰਦਾ ਸੀ।

ਕੀ ਉਸਦਾ ਆਪਣਾ ਜੀਵਨ, ਉਸ ਦੀ ਜਵਾਨੀ ਤੇ ਉਸ ਦੇ ਬਚਪਨ ਬਾਰੇ ਵੀ ਉਸ ਦੀ ਸੰਤਾਨ ਉਸ ਜਿਤਨੀ ਹੀ ਉਤਸਕ ਸੀ ? ਇਸ ਦਾ ਉਤਰ ਵੀ ਉਸ ਨੂੰ ਨਹੀਂ ਵਿੱਚ ਮਿਲਦਾ ਜਾਪਿਆ।


ਤੇ ਜੇ ਉਹ ਸਮਾਂ, ਉਹ ਜਵਾਨੀ, ਉਹ ਬਚਪਨ ਜਿਹਨਾਂ ਨੂੰ ਉਸ ਨੇ ਇਤਨਾ ਰੱਜ ਕੇ ਪਿਆਰ ਕੀਤਾ ਸੀ, ਹੁਣ ਬੀਤ ਗਏ ਸਨ ਤੇ ਪਟਿਆਲੇ ਨਾਭੇ ਦੀ ਸੜਕ ਦੇ ਕੰਢੇ ਖਿੜੇ ਕੇਸੂਆਂ ਵਾਕਰ ਹੀ ਰੰਗਲੀਆਂ ਪਰ ਥੋੜ ਚਿਰੀਆਂ ਯਾਦਾਂ ਛੱਡ ਗਏ ਸਨ, ਤਾਂ ਉਸ ਦਾ ਸਮਾਂ, ਉਸ ਦੀ ਜਵਾਨੀ, ਉਸ ਦੀ ਸੰਤਾਨ ਦੀ ਸਿਮਰਤੀ ਵਿੱਚ ਕਿਤਨੇ ਕੁ ਬਚੇ ਰਹਿ ਸਕਣਗੇ । ਇਸ ਜਵਾਨੀ ਤੇ ਬਚਪਨ ਦੇ ਕਿਹੜੇ ਕੇਸੂ ਸਨ ਜੋ ਉਸ ਦੀ ਸੰਤਾਨ ਨੂੰ ਕਿਸੇ ਫੱਗਣ ਚੇਤਰ ਦੀ ਰੁੱਤ ਵਿੱਚ ਇਸ ਤਰ੍ਹਾਂ ਦੇ ਭਾਵਕ ਛਿਨ ਪ੍ਰਦਾਨ ਕਰਿਆ ਕਰਨਗੇ ?

# ਧੀਆਂ ਧਿਆਣੀਆਂ

ਕਰਮਜੀਤ ਕੌਰ

"ਸੁਣਿਓ ਜੀ, ਉੱਠ ਕੇ ਚਾਹ ਪੀ ਲਓ" ਰਾਜਿੰਦਰ ਸਰ੍ਹਾਣੇ ਵਾਲੇ ਪਾਸੇ ਖੜ੍ਹੀ ਪਾਲ ਨੂੰ ਉਠਾਉਣ ਦਾ ਯਤਨ ਕਰ ਰਹੀ ਸੀ। ਮੈੜਾਂ ਭੰਨਦਾ ਪਾਲ ਮੰਜੇ ਤੋਂ ਉੱਠ ਖੜ੍ਹੋਇਆ ਤੇ ਦਾਤਣ ਕਰਨ ਤੁਰ ਗਿਆ। ਮੂੰਹ ਹੱਥ ਧੋ ਕੇ ਵਿਹਲਾ ਹੋ ਪਾਲ ਚਾਹ ਪੀਣ ਲਈ ਮੰਜੇ 'ਤੇ ਆ ਬੈਠਿਆ। ਰਾਜਿੰਦਰ ਨੇ ਉਸ ਨੂੰ ਚਾਹ ਦਾ ਕੱਪ ਫੜਾ ਕੇ ਗੱਲ ਤੋਰੀ, "ਮਖਿਆ ਜੀ, ਅੱਜ ਤੁਸੀਂ ਪਿੰਡ ਰੁਲਦੂ ਬਾਹਮਣ ਦੇ ਘਰ ਜਾ ਕੇ ਉਨ੍ਹਾਂ ਦੇ ਮੁੰਡੇ ਬਾਰੇ ਸਾਰਾ ਕੁਝ ਪਤਾ ਕਰ ਕੇ ਆਵੋ।" ਉਹ ਗੁਆਂਢ ਵਿੱਚ ਰਹਿੰਦੀ ਬਾਹਮਣਾਂ ਦੀ ਧੀ ਦਾ ਰਿਸ਼ਤਾ ਕਰਵਾਉਣਾ ਚਾਹੁੰਦੀ ਸੀ। ਲੜਕੀ ਦੇ ਪਿਤਾ ਦੀ ਮੌਤ ਹੋ ਚੁੱਕੀ ਸੀ, ਜਿਸ ਕਰਕੇ ਰਾਜਿੰਦਰ ਉਸ ਦੀ ਵਧੇਰੇ ਚਿੰਤਾ ਕਰਦੀ ਸੀ।

ਪਾਲ ਹਾਲੇ ਜੱਕੋ-ਤੱਕੀ ਵਿੱਚ ਹੀ ਸੀ ਤਾਂ ਰਾਜਿੰਦਰ ਨੇ ਉਸ ਨੂੰ ਪੱਕਾ ਕਰਨ ਲਈ ਮੁੜ ਕਿਹਾ, "ਧੀਆਂ ਧਿਆਣੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ ਜੀ। ਕੀ ਪਤਾ ਰੱਬ ਤੁਹਾਡੇ ਹੱਥੋਂ ਕਿਸੇ ਦਾ ਭਲਾ ਹੀ ਕਰਾ ਦਵੇ।" ਰਾਜਿੰਦਰ ਦੀ ਗੱਲ ਮੰਨ ਕੇ ਪਾਲ ਤਿਆਰ ਹੋਇਆ ਤੇ ਸਕੂਟਰ ਚੁੱਕ ਕੇ ਪਿੰਡ ਵੱਲ ਨੂੰ ਹੋ ਤੁਰਿਆ। ਦੋ ਕੁ ਪਿੰਡ ਪਹਿਲਾਂ, ਜਦੋਂ ਪਾਲ ਬੱਸ ਅੱਡੇ ਤੋਂ ਲੰਘਣ ਲੱਗਾ ਤਾਂ ਅਚਨਚੇਤ 22 ਕੁ ਸਾਲਾਂ ਦੀ ਇੱਕ ਕੁੜੀ ਨੇ ਹੱਥ ਦੇ ਕੇ ਉਸ ਨੂੰ ਰੁਕਣ ਦੀ ਮਿੰਨਤ ਕੀਤੀ।



ਪਾਲ ਨੇ ਸਕੂਟਰ ਰੋਕਿਆ ਤਾਂ ਕੁੜੀ ਨੇ ਉਸ ਨੂੰ ਅਗਲੇ ਪਿੰਡ ਤੱਕ ਛੱਡਣ ਲਈ ਤਰਲਾ ਕੀਤਾ ਕਿਉਂਕਿ ਉਸ ਦੀ ਬੱਸ ਲੰਘ ਗਈ ਸੀ। ਉਥੇ ਨੇੜੇ ਬੈਠੇ ਕੁਝ ਬਜ਼ੁਰਗਾਂ ਨੇ ਵੀ ਪਾਲ ਨੂੰ ਕੁੜੀ ਦੀ ਮਦਦ ਕਰਨ ਦੀ ਅਪੀਲ ਕੀਤੀ। ਪਾਲ ਨਾਂਹ ਨਾ ਕਰ ਸਕਿਆ ਤੇ ਉਸ ਕੁੜੀ ਨੂੰ ਸਕੂਟਰ ਪਿੱਛੇ ਬਿਠਾ ਕੇ ਪਿੰਡ ਵੱਲ ਤੁਰ ਪਿਆ। ਰਾਹ ਵਿੱਚ ਪਾਲ ਦੇ ਪੁੱਛਣ 'ਤੇ ਕੁੜੀ ਨੇ ਦੱਸਿਆ ਕਿ ਉਹ ਪੇਕੇ ਪਿੰਡ ਤੋਂ ਸਹੁਰੇ ਪਿੰਡ ਜਾ ਰਹੀ ਹੈ। ਪਾਲ ਦੇ ਇਹ ਪੁੱਛਣ 'ਤੇ ਕਿ ਉਹ ਇਕੱਲੀ ਕਿਉਂ ਜਾ ਰਹੀ ਹੈ, ਉਸ ਨੂੰ ਕੋਈ ਲੈਣ ਕਿਉਂ ਨ੍ਹੀਂ ਆਇਆ ? ਤਾਂ ਜਵਾਬ ਵਿੱਚ ਕੁੜੀ ਨੇ ਥੋੜ੍ਹੀ ਉਦਾਸੀ ਨਾਲ ਕਿਹਾ, "ਮੈ ਤਾਂ ਵੀਰੇ ਰੁੱਸ ਕੇ ਆਈ ਸੀ ਆਪਣੇ ਘਰ। ਮੇਰਾ ਘਰਵਾਲਾ ਸ਼ਰਾਬ ਪੀ ਕੇ ਮੈਨੂੰ ਨਿੱਤ ਕੁੱਟਦਾ ਸੀ, ਹਰ ਗੱਲ 'ਤੇ ਲੜਾਈ ਕਰਦਾ ਸੀ।" ਕੁੜੀ ਦੀ ਗੱਲ ਸੁਣ ਪਾਲ ਨੇ ਸਕੂਟਰ ਹੌਲੀ ਕਰ ਉਤਸੁਕਤਾ ਨਾਲ ਪੁੱਛਿਆ, "ਭਾਈ ਬੀਬਾ ਫਿਰ ਤੂੰ ਕਿਉਂ ਮੁੜ ਉਸ ਨਰਕ ਵਿੱਚ ਜਾ ਰਹੀ ਏਂ ਜਿਥੇ ਤੇਰੀ ਕਦਰ ਹੀ ਨ੍ਹੀਂ ?" ਪਾਲ ਦੀ ਗੱਲ ਵਿੱਚ ਹੀ ਰੋਕ ਕੇ ਕੁੜੀ ਨੇ ਕਿਹਾ, "ਕੀ ਕਰਾਂ ਵੀਰਿਆ, ਮੈਂ ਤਾਂ ਨਾ ਜਾਂਦੀ ਪਰ ਨਿੱਕੇ ਦੋ ਜਵਾਕ ਵੀ ਉਥੇ ਈ ਨੇ। ਉਨ੍ਹਾਂ ਮਾਰੀ ਮੁੜਨ ਲੱਗੀ ਆਂ।" ਅਗਲੇ ਬੱਸ ਅੱਡੇ 'ਤੇ ਕੁੜੀ ਨੇ ਪਾਲ ਨੂੰ ਸਕੂਟਰ ਰੋਕਣ ਲਈ ਕਿਹਾ। ਅੱਗੇ ਮਾੜਕੂ ਜਿਹਾ ਉਸ ਦਾ ਘਰਵਾਲਾ ਸਿਰ 'ਤੇ ਪਰਨਾ ਲਪੇਟੀ ਖੜ੍ਹਾ ਸੀ। ਪਾਲ ਨੂੰ ਇੰਜ ਮਹਿਸੂਸ ਹੋ ਰਿਹਾ ਸੀ, ਜਿਵੇਂ ਉਹ ਆਪਣੀ ਭੈਣ ਨੂੰ ਸਹੁਰੇ ਘਰ ਛੱਡਣ ਆਇਆ ਹੋਵੇ। ਜਿਵੇਂ ਹੀ ਲੜਕੀ ਦੇ ਘਰਵਾਲੇ ਨੇ ਅੱਗੇ ਵਧ ਕੇ ਕੁੜੀ ਦੇ ਹੱਥੋਂ ਬੈਗ ਫੜਿਆ ਤਾਂ ਪਾਲ ਉਸ ਨੂੰ ਲਾਹਨਤਾਂ ਪਾਉਂਦਾ ਹੋਇਆ ਝਿੜਕਣ ਲੱਗਿਆ। ਪਾਲ ਨੇ ਉਸ ਵੱਲ ਘਸੁੰਨ ਵੱਟਦਿਆਂ ਚਿਤਾਵਨੀ ਦਿੱਤੀ, "ਜੇ ਤੂੰ ਅੱਜ ਤੋਂ ਬਾਅਦ ਕਦੇ ਸਾਡੀ ਧੀ 'ਤੇ ਹੱਥ ਚੁੱਕਿਆ ਤਾਂ ਤੇਰੀ ਖੈਰ ਨ੍ਹੀਂ।" ਕੁੜੀ ਦਾ ਘਰਵਾਲਾ ਡਰਦਾ ਹੋਇਆ ਹੱਥ ਜੋੜ ਕੇ ਮੁਆਫ਼ੀ ਮੰਗਣ ਲੱਗ ਪਿਆ। ਉਸ ਕੰਨ ਫੜ ਕੇ ਆਖ਼ਿਆ, "ਬਾਈ ਜੀ ਮੁਆਫ਼ੀ ਦੇ ਦਿਓ, ਮੈਂ ਨ੍ਹੀਂ ਹੱਥ ਚੁੱਕਦਾ ਅੱਜ ਤੋਂ ਬਾਅਦ।" ਇਸ ਮਗਰੋਂ ਕੁੜੀ ਆਪਣੇ ਘਰਵਾਲੇ ਨਾਲ ਪਿੰਡ ਵੱਲ ਤੁਰ ਪਈ। ਪਾਲ ਕਿੰਨਾ ਚਿਰ ਉਨ੍ਹਾਂ ਨੂੰ ਜਾਂਦਿਆਂ ਨੂੰ ਵੇਖਦਾ ਰਿਹਾ। ਹੁਣ ਪਾਲ ਖੁਸ਼ ਸੀ ਤੇ ਆਪਣੇ ਆਪ 'ਤੇ ਮਾਣ ਮਹਿਸੂਸ ਕਰ ਰਿਹਾ ਸੀ। ਉਸ ਨੂੰ ਰਾਜਿੰਦਰ ਦੇ ਕਹੇ ਬੋਲ ਯਾਦ ਆ ਰਹੇ ਸਨ, "ਧੀਆਂ ਧਿਆਣੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ ਜੀ। ਕੀ ਪਤਾ ਰੱਬ ਤੁਹਾਡੇ ਹੱਥੋਂ ਕਿਸੇ ਦਾ ਭਲਾ ਹੀ ਕਰਾ ਦਵੇ।"

# ਕਾਵਿ ਸੰਸਾਰ

## ਅੰਤਰ ਝਾਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਨਾ ਕਹਿ ਬੁਰਾ ਜ਼ਿੰਦਗੀ ਨੂੰ ਸੱਜਣਾ, ਜੇ ਵਕਤ ਹੈ ਚੱਲਦਾ ਔਖਾ,
ਕਰਨਾ ਸਿੱਖ ਸਤਿਕਾਰ ਪਲਾਂ ਦਾ, ਜੇ ਰਹਿਣਾ ਚਾਹੁਨੈਂ ਸੌਖਾ।
ਇਹ ਜੀਵਨ ਹੈ ਦਾਤਾਂ ਦੀ ਗੁੱਥਲੀ, ਜੋ ਭਰੀ ਹੈ ਰੱਜ ਕੇ ਚੋਖੀ,
ਲੱਭਣਗੇ ਤੈਨੂੰ ਹਰ ਖੂੰਜੇ ਚੋਂ, ਜੇ ਲੱਭਣੇ ਚਾਹੇਂ ਮੋਤੀ।
ਪੂਰੀਆਂ ਹੋਣਗੀਆਂ ਆਖਿਰ ਸਭ, ਜੋ ਆਸਾਂ ਤੂੰ ਰੱਖੀਆਂ,
ਝੋਲੀਆਂ ਭਰ ਕੇ ਮਿਲ ਜਾਣਗੀਆਂ, ਤੈਨੂੰ ਸਾਰੀਆਂ ਖੁਸ਼ੀਆਂ।
ਜੀਵਨ ਹੀ ਦੂਜਾ ਨਾਂ ਹੈ ਸੱਜਣਾ, ਮੁਸ਼ੱਕਤ ਦੀ ਚੱਕੀ ਦਾ,
ਕਦੀ ਵੀ ਦੂਜਾ ਬਦਲ ਨ੍ਹੀਂ ਲੱਭਦਾ, ਸੋਲਾਂ ਆਨੇ ਸੱਚੀ ਦਾ।
ਹੱਥ ਦੀ ਪੂੰਜੀ ਸਾਂਭ ਕੇ ਰੱਖ ਤੂੰ, ਦੂਜੇ ਵੱਲ ਝਾਤ ਨਾ ਮਾਰ,
ਨਹੀਂ ਤਾਂ ਖੁੱਸ ਜਾਵੇਗੀ ਸਾਰੀ, ਤੂੰ ਅੱਧੀ ਨਾਲ ਹੀ ਸਾਰ।
ਕਈ ਦੇਖੇ ਬਹੁਤੀ ਨੂੰ ਭੱਜਦੇ, ਅੱਧੀ ਨੂੰ ਹੱਥੋਂ ਤੱਜ ਕੇ,
ਉਹ ਅੱਧੀ ਵੀ ਗਵਾ ਬਹਿੰਦੇ ਨੇ, ਨਿੱਤ ਇੱਧਰ ਉੱਧਰ ਭੱਜ ਕੇ।
ਆਪਣੇ ਵਿਤ ਤੇ ਕੱਦ ਤੋਂ ਵਧ ਕੇ, ਨਾ ਆਪਣੇ ਪੈਰ ਪਸਾਰ,
ਨਹੀਂ ਤਾਂ ਚਾਦਰ ਨਿੱਕਲੂ ਛੋਟੀ, ਤੂੰ ਹੋ ਜਾਵੇਂਗਾ ਖੁਆਰ।
ਨਾ ਕਹਿ ਬੁਰਾ ਜ਼ਿੰਦਗੀ ਨੂੰ ਸੱਜਣਾ, ਜੇ ਵਕਤ ਹੈ ਚੱਲਦਾ ਔਖਾ,
ਕਰਨਾ ਸਿੱਖ ਸਤਿਕਾਰ ਪਲਾਂ ਦਾ, ਜੇ ਰਹਿਣਾ ਚਾਹੁਨੈਂ ਸੌਖਾ।

## ਸੁੰਗਰੇ

ਪਰਮਜੀਤ ਸਿੰਘ ਰਾਜਗੜ੍ਹ

ਹੁਣ ਸੁੰਗਰਿਆਂ ਦਾ ਸਾਰ ਕੁੜੇ,
ਇਹ ਹੋਵਣ ਚੜ੍ਹੇ ਸਿਆਲ ਕੁੜੇ।
ਵੱਧ ਮਾਲਵੇ ਦਾ ਸ਼ਿੰਗਾਰ ਕੁੜੇ,
ਇਹਦੀ ਸਬਜ਼ੀ ਵਿੱਚ ਕਰਾਰ ਕੁੜੇ।
ਚਿੱਤ ਖਾ ਹੁੰਦਾ ਖੁਸ਼ਹਾਲ ਕੁੜੇ,
ਇਹ ਪੇਟ ਲਈ ਬੇਮਿਸਾਲ ਕੁੜੇ।
ਬਹੁ ਤੱਤਾਂ ਦੀ ਮਿਕਦਾਰ ਕੁੜੇ,
ਜਨ ਔਸ਼ਧੀ ਗੁਣੋਂ ਭੰਡਾਰ ਕੁੜੇ।
ਬਣੇ ਸਬਜ਼ੀ ਬਹੁਤ ਕਮਾਲ ਕੁੜੇ,
ਤੱਕਦਿਆਂ ਦੀ ਡਿੱਗਦੀ ਲਾਰ ਕੁੜੇ।
ਹੁੰਦੀ ਛੇਤੀ ਖਾਣ ਦੀ ਕਾਹਲ ਕੁੜੇ,
ਕਰੇ ਚਟਣੀ ਚਿੱਤ ਖੁਸ਼ਹਾਲ ਕੁੜੇ।
ਹੁੰਦੀ ਵੱਟਾਂ ਉੱਤੇ ਬਹਾਰ ਕੁੜੇ,
ਇਹਦੀ ਫੁੱਲਾਂ ਦੀ ਝਲਕਾਰ ਕੁੜੇ।
ਮਧੂ ਮੱਖੀਆਂ ਲਈ ਬਾਤ ਕੁੜੇ ,
ਇਹਨੂੰ ਫਲ ਲੱਗਦੇ ਬਹੁਤਾਤ ਕੁੜੇ।
ਬਹੁ ਰੋਗਾਂ ਲਈ ਇਹ ਕਾਟ ਕੁੜੇ,
ਗੁਣਵੱਤਾ ਦੀ ਝਰਮਾਟ ਕੁੜੇ।
ਦੱਸੇ ਆਯੁਰਵੇਦ ਖੁਮਾਰ ਕੁੜੇ,
ਇਹਦਾ ਵਿੱਚ ਗ੍ਰੰਥਾਂ ਸਾਰ ਕੁੜੇ।

## ਗ਼ਜ਼ਲ

ਸਰਦਾਰ ਪੰਛੀ



ਓਸ ਦੀ ਅੱਖ ਦਾ ਇਸ਼ਾਰਾ ਹੋ ਗਿਆ।
ਭੰਵਰ ਦਰਿਆ ਦਾ ਕਿਨਾਰਾ ਹੋ ਗਿਆ।
ਤੇਰੇ ਮੱਥੇ ਦਾ ਇਹ ਟਿੱਕਾ ਸੋਹਣੀਏ!
ਮੇਰੀ ਕਿਸਮਤ ਦਾ ਸਿਤਾਰਾ ਹੋ ਗਿਆ।
ਤੇਰੀ ਫੋਟੋ ਚੁੰਮੀ ਸੀ ਕਿ ਓਸ ਦਾ,
ਮੇਰੇ ਹੋਠਾਂ ਤੇ ਉਤਾਰਾ ਹੋ ਗਿਆ।
ਬੇਰੁਖ਼ੀ ਮਹਿਬੂਬ ਦੀ ਚੰਨ ਚਾੜ੍ਹਿਆ,
ਕਰਮਾਂ ਵਾਲਾ, ਕਰਮਾਂ ਮਾਰਾ ਹੋ ਗਿਆ।
ਗਿਆਨ ਦਾ ਦੀਵਾ ਜੋ ਬਲਿਆ ਸੀ ਕਦੇ,
ਓਹੀ ਅੱਜ ਚਾਨਣ ਮੁਨਾਰਾ ਹੋ ਗਿਆ।
ਹੋਇਆ ਕੀ ਤਕਦੀਰ ਜੇ ਰੁੱਸੀ ਰਹੀ,
ਫਿਰ ਵੀ 'ਪੰਛੀ' ਦਾ ਗੁਜ਼ਾਰਾ ਹੋ ਗਿਆ।

## ਵਿਹੜੇ ਵਿਚਲਾ ਨਿੰਮ

ਸੁਖਵਿੰਦਰ ਚਹਿਲ



ਫੋਨ ਦੀ ਘੰਟੀ ਵੱਜੀ
ਮੈਂ ਫੋਨ ਚੁੱਕਿਆ
ਤੁਹਾਡੇ ਵਿਹੜੇ ਵਿਚਲਾ ਨਿੰਮ
ਡਿੱਗ ਗਿਆ ਹੈ
ਰਾਤ ਆਈ ਹਨੇਰੀ ਨਾਲ
ਪਿੰਡੋਂ ਗੁਆਂਢੀ ਦੀ ਆਵਾਜ਼ ਸੀ
ਇਕਦਮ ਮੇਰੀ ਸੁਰਤ
ਚਲੀ ਜਾਂਦੀ ਹੈ
ਐਨ ਨਿੰਮ ਦੀ
ਛਾਂ ਹੇਠ
ਜਿੱਥੇ ਮੈਂ ਤੇ
ਮੇਰੇ ਭੈਣ ਭਾਈ ਖੇਡਦੇ ਸੀ
ਮਿੱਟੀ ਵਿੱਚ ਨਿੰਮ ਦੀ
ਛਾਂ ਹੇਠ
ਉਸ ਦੇ ਟਾਹਣਿਆਂ ਉੱਪਰ
ਕਿੰਨੀ ਵਾਰ ਭੈਣ ਨੇ
ਪਾਈ ਸੀ ਪੀਂਘ
ਨਿੰਮ ਸਾਨੂੰ
ਠੰਢੀ ਛਾਂ ਦਿੰਦਾ
ਹਵਾ ਦਿੰਦਾ
ਇੰਝ ਪ੍ਰਤੀਤ ਹੁੰਦਾ
ਜਿਵੇਂ ਮਾਂ ਦੇ ਰਹੀ ਹੋਵੇ ਲੋਰੀ
ਉਹ ਸਾਨੂੰ ਸੰਭਾਲਦਾ
ਲੱਗਦਾ
ਬਾਪੂ ਵਾਂਗ
ਅਫ਼ਸੋਸ!
ਅੱਜ ਵਿਹੜੇ ਵਿੱਚ
ਅਹਿਲ ਡਿੱਗੇ ਪਏ
ਨਿੰਮ ਨੂੰ
ਕੋਈ ਨਹੀਂ ਸੀ
ਸੰਭਾਲਣ ਵਾਲਾ
ਪਿੰਡ ਵਾਲੇ ਘਰ ਵਿੱਚ।

## ਬੋਲੀ ਸਾਗਰ

ਅਮਰ 'ਸੂਫ਼ੀ'

ਬੋਲੀ ਸਾਗਰ 'ਚੋਂ ਟੁੱਭੀ ਲਾ, ਕੱਢ ਕੇ ਸੁੱਚੇ ਸ਼ਬਦ ਲਿਆਵਾਂ।
ਪੂਰਾ-ਪੂਰਾ ਵਰਤ ਸਲੀਕਾ, ਥਾਂ ਸਿਰ ਮਿਸਰੇ ਵਿੱਚ ਟਿਕਾਵਾਂ।
ਸਿੱਧੇ, ਸਾਫ਼-ਸ਼ਫ਼ਾਫ਼, ਸੁਚੱਜੇ, ਸ਼ਬਦ ਖ਼ਜ਼ਾਨੇ ਵਿੱਚ ਬਥੇਰੇ,
ਨੰਗ-ਪੁਣੇ ਨੂੰ ਨਸ਼ਰ ਕਰਾਂ ਕਿਉਂ, ਕਿਉਂ ਬੋਲੀ ਵਿੱਚ ਖੋਟ ਰਲਾਵਾਂ।
ਸਭ ਦੀ ਸਮਝ 'ਚ ਪੈਂਦੇ ਜਿਹੜੇ, ਸੌਖੇ, ਸੁੱਚੇ ਸ਼ਬਦ ਫੜਾਂ ਮੈਂ,
ਔਖੇ, ਭਾਰੇ ਸ਼ਬਦਾਂ ਨੂੰ ਜੜ, ਨਾ ਕੁਈ ਫੋਕਾ ਰੋਅਬ ਜਮਾਵਾਂ।
ਮੈਨੂੰ ਮੇਰੀ ਅਨਪੜ੍ਹ ਮਾਂ ਨੇ, ਦੁੱਧ ਚੁੰਘਾਉਂਦੇ ਬਖ਼ਸ਼ੀ ਜਿਹੜੀ,
ਮਾਂ ਨੂੰ ਸਿਜਦਾ ਕਰਦਾ ਹੋਇਆ, ਮਾਂ ਬੋਲੀ ਦੀ ਸੇਵ ਕਮਾਵਾਂ।
ਯਤਨ ਸੁਚੇਤ ਹਮੇਸ਼ਾ ਕਰਦਾਂ, ਸ਼ਬਦ ਸਦਾ ਟਕਸਾਲੀ ਵਰਤਾਂ,
ਪਾਕ-ਪਵਿੱਤਰ ਮਾਂ ਬੋਲੀ ਵਿੱਚ, ਖੋਟ ਰਲਾਅ, ਨਾ ਪਾਪ ਕਮਾਵਾਂ।
ਮੇਰੀ ਮਾਂ ਬੋਲੀ ਨੇ ਮੈਨੂੰ, ਨਾਂ ਦਿੱਤਾ, ਪਹਿਚਾਣ ਬਣਾਈ,
ਮੈਂ ਨਾ-ਸ਼ੁਕਰਾ ਹੋ ਨਾ ਸਕਦਾ, ਇਸ ਤੋਂ ਵਾਰੀ ਸਦਕੇ ਜਾਵਾਂ।
ਗ਼ਜ਼ਲਾਂ, ਗੀਤ, ਰੁਬਾਈ ਸਿਰਜਾਂ, ਦੋਹੇ, ਦੋਹੜੇ ਵੀ ਘੜ ਲੈਂਦਾਂ,
ਚੌਮਿਸਰੇ ਤੇ ਛੰਦਾਂ 'ਤੇ ਵੀ, ਮੈਂ ਕਾਨੀ ਦੀ ਨੋਕ ਟਿਕਾਵਾਂ।
ਬੇ ਸਿਰ ਪੈਰੀ 'ਕਿਵਤਾ' ਨੂੰ ਮੈਂ, ਯਾਰੋ! ਕਵਿਤਾ ਕਹਿ ਨਾ ਸਕਦਾ,
ਤੋਲ-ਤੁਕਾਂਤ ਸੰਪੂਰਨ ਰੱਖਾਂ, ਮਿਹਨਤ ਸੰਦਾ ਕਰਮ ਕਮਾਵਾਂ।
ਮੇਰੀ ਮਾਂ ਬੋਲੀ ਦਾ ਮੇਰੇ, ਸਿਰ ਉੱਤੇ ਅਹਿਸਾਨ ਬੜਾ ਹੈ,
ਜਿਸ ਦੇ ਸਿਰ 'ਤੇ ਸੇਵਾ ਕੀਤੀ, ਉਸ ਦੇ ਸਦਕਾ ਰੋਟੀ ਖਾਵਾਂ।
ਜਣਨੀ ਮਾਂ, ਦੂਜੀ ਮਾਂ ਬੋਲੀ, ਤੀਜੀ ਧਰਤੀ ਮਾਂ ਸੰਗ ਵਾਅਦਾ,
ਤਕੜਾ ਹੋ ਕੇ ਧਰਮ ਨਿਭਾਵਾਂ, ਜਿਉਂਦੇ ਜੀਅ ਨਾ ਕੰਡ ਵਿਖਾਵਾਂ।
ਹੇ ਰੱਬਾ! ਇਹ 'ਸੂਫ਼ੀ' ਬੰਦਾ, ਕਰਦਾ ਰਹਿੰਦਾ ਹੈ ਅਰਜ਼ੋਈ,
ਸਮਰੱਥਾ ਦੇ, ਮਰਦੇ ਦਮ ਤੱਕ, ਮਾਂ ਬੋਲੀ ਵਿੱਚ ਕਲਮ ਚਲਾਵਾਂ।

## ਪੰਜਾਬੀ

ਰਜਵਿੰਦਰ ਪਾਲ ਸ਼ਰਮਾ




ਮੈਂ ਪੰਜਾਬੀ ਪੰਜਾਬ ਦਾ ਰਹਿਣ ਵਾਲਾ,
ਸਦਾ ਬੋਲ ਪੰਜਾਬੀ ਦੇ ਬੋਲੀਏ ਜੀ।
ਰੱਖੀਏ ਬੋਲਾਂ ਵਿੱਚ ਮਿਠਾਸ ਸਦਾ,
ਨਾ ਕੁਫ਼ਰ ਕਿਸੇ ਨਾਲ ਤੋਲੀਏ ਜੀ।
ਆਵੇ ਮਿੱਟੀ ਵਿੱਚੋਂ ਖੁਸ਼ਬੋ ਸਦਾ,
ਕਦੇ ਸੰਗਮਰਮਰ 'ਤੇ ਨਾ ਡੁੱਲ੍ਹੀਏ ਜੀ।
ਪੱਛਮੀ ਰੰਗ ਨੂੰ ਮਹਿਕਦਾ ਦੇਖ ਕੇ,
ਸੱਭਿਆਚਾਰ ਕਦੇ ਨਾ ਭੁੱਲੀਏ ਜੀ।
ਸਦਾ ਮਦਦਗਾਰ ਹੈ ਸੋਚ ਸਾਡੀ,
ਵਚਨਾਂ ਦੇ ਪੱਕੇ ਰਹੀਏ ਜੀ।
ਯਾਰੀ ਜਿੰਦ ਵਾਰ ਕੇ ਨਿਭਾਈਏ,
ਕਦੇ ਪੈਰ ਪਿੱਛੇ ਨਾ ਕਰੀਏ ਜੀ।
ਹੈ ਵੱਖਰੀ ਜਿਹੀ ਪਛਾਣ ਸਾਡੀ,
ਨਫ਼ਰਤ ਨੂੰ ਮੁਹੱਬਤ ਕਰੀਏ ਜੀ।
ਤਖ਼ਤ ਪਲਟਾਈਏ ਮੁਗ਼ਲਾਂ ਦੇ,
ਜੜ੍ਹ ਗੋਰਿਆਂ ਦੀ ਕਮਜ਼ੋਰ ਕਰੀਏ ਜੀ।
ਧੁੱਪਾਂ ਝੱਲ ਕੇ ਜੇਠ ਹਾੜ੍ਹ ਦੀਆਂ,
ਪੇਟ ਕੁੱਲ ਦੁਨੀਆ ਦਾ ਭਰੀਏ ਜੀ।
ਸਦਾ ਰਜ਼ਾ ਵਿੱਚ ਉਹਦੀ ਰਹਿ ਕੇ,
ਬਾਣੀ ਗੁਰਾਂ ਦੀ ਨਿੱਤ ਪੜ੍ਹੀਏ ਜੀ।
ਸ਼ਰਮਾ ਵਸਦਾ ਰਹੇ ਪੰਜਾਬ ਸਦਾ,
ਹੱਥ ਜੋੜ ਅਰਦਾਸ ਕਰੀਏ ਜੀ।

## ਗੀਤ

ਬਲਵਿੰਦਰ 'ਬਾਲਮ'

ਅੰਬਰ ਦੇ ਸਿਰਤਾਜ ਪਰਿੰਦੇ,
ਭਰਦੇ ਜਦੋਂ ਪਰਵਾਜ਼ ਪਰਿੰਦੇ।
ਡੂਬਕੀ ਵਿੱਚ ਸੰਗੀਤਕ ਲੋਰੀ,
ਪੰਛੀ ਲਾਉਂਦੇ ਚੋਰੀ-ਚੋਰੀ,
ਦਰਿਆ ਦੇ ਵਿੱਚ ਸਾਜ਼ ਪਰਿੰਦੇ।
ਇੱਕ ਦੂਜੇ ਨਾਲ ਕੋਈ ਨਾ ਰੁੱਸੇ,
ਸਭ ਧਰਮਾਂ ਤੋਂ ਉੱਚੇ ਸੁੱਚੇ,
ਰੱਬ ਵਰਗੀ ਆਵਾਜ਼ ਪਰਿੰਦੇ।
ਇੰਦਰਧਨੁਸ਼ ਖੰਭਾਂ ਵਿੱਚ ਭਰ ਕੇ,
ਰੰਗ ਦੀ ਹੋਂਦ ਸਥਾਪਿਤ ਕਰ ਕੇ,
ਸਿਰ 'ਤੇ ਪਹਿਨਣ ਤਾਜ ਪਰਿੰਦੇ।
ਆਲ੍ਹਣਾ ਪਾਉਣ 'ਚ ਉੱਤਮ ਸ਼ਿਲਪੀ,
ਬੰਦੇ ਤੋਂ ਸਰਵੋਤਮ ਸ਼ਿਲਪੀ,
ਕਰਮਠਤਾ ਦੇ ਕਾਜ ਪਰਿੰਦੇ।
ਮਾਲਿਕ ਦੇ ਇੱਕ ਇਸ਼ਾਰੇ 'ਤੇ,
ਵਾਪਸ ਆਉਣ ਚੁਬਾਰੇ 'ਤੇ,
ਰੱਖ ਲੈਂਦੇ ਨੇ ਲਾਜ ਪਰਿੰਦੇ।
ਇਨ੍ਹਾਂ ਵਿੱਚ ਵੀ ਆਦਤ ਹੁੰਦੀ,
ਮੋਹ ਮਮਤਾ ਦੇ ਬਾਬਤ ਹੁੰਦੀ,
ਹੋ ਜਾਂਦੇ ਨਾਰਾਜ਼ ਪਰਿੰਦੇ।
ਨਾ ਹੱਦਾਂ ਨਾ ਧਰਮ ਨਾ ਜਾਤੀ,
ਰਾਤ, ਦੁਪਹਿਰੇ ਜਾਂ ਪ੍ਰਭਾਤੀ,
ਧਰਤੀ ਦੇ ਸਵਰਾਜ ਪਰਿੰਦੇ।
ਮੁਸ਼ਕਿਲ ਹੈ ਇਨ੍ਹਾਂ ਦੀ ਭਾਸ਼ਾ,
ਸਮਝਣ ਦੁਖ-ਸੁਖ ਆਸ-ਨਿਰਾਸ਼ਾ,
ਦਿੰਦੇ ਜਦ ਆਵਾਜ਼ ਪਰਿੰਦੇ।
ਬੰਦੇ ਨਾਲੋਂ ਵੱਧ ਸਿਆਣੇ,
ਦਿੰਦੇ ਨ੍ਹੀਂ ਹਨ ਮਿਹਣੇ ਤਾਅਨੇ,
ਲੈਂਦੇ ਨ੍ਹੀਂ ਹਨ ਦਾਜ ਪਰਿੰਦੇ।
ਸੁਰ-ਸੰਗੀਤ ਇਨ੍ਹਾਂ 'ਚੋਂ ਬਣਿਆ,
ਸੱਭਿਆਚਾਰ ਇਨ੍ਹਾਂ 'ਚੋਂ ਜਣਿਆ,
ਸੰਸਕ੍ਰਿਤੀ ਦਾ ਆਗਾਜ਼ ਪਰਿੰਦੇ।
'ਬਾਲਮ' ਸੁਖ ਨੂੰ ਵੰਡਦੇ ਜਾਂਦੇ,
ਆਫ਼ਤ ਵਿੱਚ ਵੀ ਨ੍ਹੀਂ ਘਬਰਾਂਦੇ,
ਦੁੱਖ ਦਾ ਰੱਖਣ ਰਾਜ਼ ਪਰਿੰਦੇ,
ਅੰਬਰ ਦੇ ਸਿਰਤਾਜ ਪਰਿੰਦੇ।

## ਚਰਚੇ

ਦੀਪਿਕਾ ਅਰੋੜਾ

ਵਧੇਰੇ ਹੋਣ ਲੱਗੇ ਨੇ ਮੇਰੀ ਸਰਕਾਰ ਦੇ ਚਰਚੇ,
ਕਦੇ ਇਕਰਾਰ ਦੇ ਚਰਚੇ, ਕਦੇ ਇਨਕਾਰ ਦੇ ਚਰਚੇ।
ਸ਼ਹਿਰ ਨੂੰ ਸਾਫ਼ ਰੱਖਣ ਦੇ ਅਹਿਦ ਦਾ ਹਿੱਸਾ ਹੀ ਤੇ ਨੇ,
ਨਿਮਾਣੀ ਕੁੱਲੀਆਂ 'ਤੇ ਇਹ ਸਿਆਸੀ ਵਾਰ ਦੇ ਚਰਚੇ।
ਅਸਾਂ ਨੇ ਜਰ ਲਈਆਂ ਪੀੜਾਂ ਜ਼ੁਲਮ ਤੋਂ ਈਨ ਮੰਨੀ ਨਾ,
ਤੇਰੀ ਵਹਿਸ਼ਤ ਉਸਾਰੇ ਨੇ ਮੇਰੇ ਕਿਰਦਾਰ ਦੇ ਚਰਚੇ।
ਕਟਾਇਆ ਸੀਸ ਹੈ ਆਪਣਾ ਮੁਖੋਂ ਪਰ ਸੀ ਉਚਾਰੀ ਨਾ,
ਘਰੋ-ਘਰ ਹੋਂਵਦੇ ਅੱਜ ਤੱਕ ਤੇਰੀ ਦਸਤਾਰ ਦੇ ਚਰਚੇ।
ਜਦੋਂ ਡੁੱਬਦੀ ਹੈ ਬੇੜੀ ਤਾਂ ਮੱਲਾਹ ਵੀ ਸਾਥ ਛੱਡ ਜਾਂਦੇ,
ਖ਼ਿਜ਼ਾ ਵਿੱਚ ਕੌਣ ਕਰਦਾ ਹੈ ਭਲਾ ਗੁਲਜ਼ਾਰ ਦੇ ਚਰਚੇ।
ਨਮੋਸ਼ੀ ਵਿੱਚ ਗੁਜ਼ਾਰੀ ਜੋ ਉਹ ਜਿੰਦੜੀ ਲਾਹਨਤਾਂ ਵਰਗੀ,
ਰਹਿਬਰ ਬਣ ਗਏ ਅਕਸਰ ਕਿਸੇ ਖ਼ੁਦਦਾਰ ਦੇ ਚਰਚੇ।
ਤੇਰੀ ਤੌਹੀਨ ਨੇ ਸੂਰਜ ਬਣਾਇਆ ਦੀਪ ਇਸ ਕਾਬਿਲ,
ਹਨੇਰੇ ਵਿੰਨ੍ਹ ਕੇ ਰੱਖ ਦਿੱਤੇ ਓਹਦੇ ਇਕਰਾਰ ਦੇ ਚਰਚੇ।

## ਗ਼ਜ਼ਲ

ਮਨਿੰਦਰ ਕੌਰ ਬਸੀ



ਚਾਨਣ ਬੂਹਾ ਢੋਵਣ ਨੂੰ,
ਮੈਂ ਹੱਸਿਆ ਸਾਂ ਰੋਵਣ ਨੂੰ।
ਉਸ ਦੇ ਪੈਰੀਂ ਝਾਂਜਰ ਵੀ,
ਖਣਕ ਰਹੀ ਚੁੱਪ ਹੋਵਣ ਨੂੰ।
ਕਲਮਾਂ ਹੰਝੂ ਕੇਰੇ ਨੇ,
ਨ੍ਹੇਰੇ ਬੂਹਾ ਢੋਵਣ ਨੂੰ।
ਉਸ ਬਸਤੀ ਵਿੱਚ ਚੋਰ ਬੜੇ,
ਫਿਰਦੇ ਹਸਤੀ ਖੋਹਵਣ ਨੂੰ।
ਸਦਕੇ ਤੇਰੀ ਉਲਫ਼ਤ ਤੋਂ,
ਦਿਲ ਕਰਦਾ ਮਰ ਹੋਵਣ ਨੂੰ।
ਹਾਲੇ ਤੇਰੀ ਮਹਿਕ ਪਈ,
ਰੂਹ ਦੇ ਵਿੱਚ ਸਮੋਵਣ ਨੂੰ।
ਪਰਛਾਵੇਂ ਹੀ ਪਰਛਾਵੇਂ,
ਉਮਰਾਂ ਨਾਲ ਖਲੋਵਣ ਨੂੰ।

# ਯੋਗਤਾ ’ਤੇ ਸ਼ੱਕ ਹੋਣ ਕਾਰਨ ਲਿਆ ਸੰਨਿਆਸ: ਯੁਵਰਾਜ ਸਿੰਘ

ਕ੍ਰਿਕਟ ਦਾ ਦਿੱਗਜ ਬਣਨ ਦੇ ਬਾਵਜੂਦ ਯੁਵਰਾਜ ਨੇ ਇੱਕ ਇੰਟਰਵਿਊ ਦੌਰਾਨ ਯਾਦ ਕੀਤਾ ਕਿ ਇੱਕ ਸਮਾਂ ਅਜਿਹਾ ਸੀ ਜਦੋਂ ਉਨ੍ਹਾਂ ਦੀ ਪ੍ਰਤਿਭਾ ’ਤੇ ਸਵਾਲ ਚੁੱਕੇ ਗਏ ਸਨ। ਸਾਬਕਾ ਕ੍ਰਿਕਟਰ ਯੁਵਰਾਜ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਨੇ ਆਪਣੇ ਪੇਸ਼ੇਵਰ ਕੈਰੀਅਰ ਦੇ ਅੰਤਿਮ ਪੜਾਅ ਦੌਰਾਨ ਕ੍ਰਿਕਟ ਦਾ ਆਨੰਦ ਲੈਣਾ ਬੰਦ ਕਰ ਦਿੱਤਾ ਸੀ, ਇੱਥੋਂ ਤੱਕ ਕਿ ਉਨ੍ਹਾਂ ਨੇ ਆਪਣੇ ਆਪ ਤੋਂ ਇਹ ਸਵਾਲ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਉਹ ਖੇਡਣਾ ਕਿਉਂ ਜਾਰੀ ਰੱਖ ਰਹੇ ਹਨ।

ਭਾਰਤ ਦੇ ਮਹਾਨ ਵਾਈਟ-ਬਾਲ ਕ੍ਰਿਕਟਰਾਂ ਵਿੱਚੋਂ ਇੱਕ ਮੰਨੇ ਜਾਣ ਵਾਲੇ ਯੁਵਰਾਜ ਨੇ 2007 ਆਈਸੀਸੀ ਵਿਸ਼ਵ ਟੀ-20 ਅਤੇ 2011 ਓਡੀਆਈ ਵਿਸ਼ਵ ਕੱਪ ਵਿੱਚ ਭਾਰਤ ਦੀਆਂ ਜਿੱਤਾਂ ਵਿੱਚ ਅਹਿਮ ਭੂਮਿਕਾ ਨਿਭਾਈ ਸੀ। 2011 ਦੇ ਵਿਸ਼ਵ ਕੱਪ ਵਿੱਚ ਉਨ੍ਹਾਂ ਦਾ ਯੋਗਦਾਨ ਖਾਸ ਤੌਰ ’ਤੇ ਯਾਦਗਾਰ ਸੀ, ਕਿਉਂਕਿ ਉਨ੍ਹਾਂ ਨੇ ‘ਪਲੇਅਰ ਆਫ ਦ ਟੂਰਨਾਮੈਂਟ’ ਦਾ ਐਵਾਰਡ ਜਿੱਤਿਆ ਅਤੇ ਭਾਰਤ ਨੂੰ ਘਰੇਲੂ ਮੈਦਾਨ ’ਤੇ ਵਿਸ਼ਵ ਕੱਪ ਜਿੱਤਣ ਵਾਲੀ ਪਹਿਲੀ ਟੀਮ ਬਣਾਉਣ ਵਿੱਚ ਮਦਦ ਕੀਤੀ। ਇਸ ਪ੍ਰਾਪਤੀ ਨੂੰ ਹੋਰ ਵੀ ਕਮਾਲ ਦੀ ਗੱਲ ਇਹ ਸੀ ਕਿ ਬਾਅਦ ਵਿੱਚ ਖੁਲਾਸਾ ਹੋਇਆ ਕਿ ਯੁਵਰਾਜ ਪੂਰੇ ਟੂਰਨਾਮੈਂਟ ਦੌਰਾਨ ਕੈਂਸਰ ਨਾਲ ਜੂਝ ਰਹੇ ਸਨ।

ਹਾਲਾਂਕਿ, ਜਿਵੇਂ-ਜਿਵੇਂ ਉਮਰ ਵਧਦੀ ਗਈ ਅਤੇ ਉਨ੍ਹਾਂ ਦੇ ਸਿਖਰ ਦੌਰ ਦੁਆਰਾ ਨਿਰਧਾਰਤ ਕੀਤੇ ਗਏ ਮਾਪਦੰਡਾਂ ਕਾਰਨ ਉਮੀਦਾਂ ਅਸਮਾਨ ਨੂੰ ਛੂਹ ਰਹੀਆਂ ਸਨ, ਆਲੋਚਨਾ ਵਧਣੀ ਸ਼ੁਰੂ ਹੋ ਗਈ। ਯੁਵਰਾਜ ਨੇ ਸਮਰਥਨ ਅਤੇ ਸਤਿਕਾਰ ਦੀ ਕਮੀ ਮਹਿਸੂਸ ਕੀਤੀ, ਜਿਸ ਨੇ ਅੰਤ ਵਿੱਚ ਉਨ੍ਹਾਂ



ਨੂੰ ਸੰਨਿਆਸ ਵੱਲ ਧੱਕ ਦਿੱਤਾ।

ਯੁਵਰਾਜ ਨੇ ਸਾਨੀਆ ਮਿਰਜ਼ਾ ਦੇ ਯੂਟਿਊਬ ਚੈਨਲ ’ਤੇ ਗੱਲਬਾਤ ਕਰਦਿਆਂ ਕਿਹਾ, “ਮੈਂ ਆਪਣੀ ਖੇਡ ਦਾ ਆਨੰਦ ਨਹੀਂ ਲੈ ਰਿਹਾ ਸੀ। ਮੈਂ ਸੋਚਦਾ ਰਿਹਾ -ਜਦੋਂ ਮੈਂ ਆਨੰਦ ਹੀ ਨਹੀਂ ਲੈ ਰਿਹਾ ਤਾਂ ਮੈਂ ਕ੍ਰਿਕਟ ਕਿਉਂ ਖੇਡ ਰਿਹਾ ਹਾਂ? ਮੈਂ ਸਮਰਥਨ ਮਹਿਸੂਸ ਨਹੀਂ ਕਰ ਰਿਹਾ ਸੀ। ਮੈਂ ਸਤਿਕਾਰ ਮਹਿਸੂਸ ਨਹੀਂ ਕਰ ਰਿਹਾ ਸੀ। ਖੇਡ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ, ਅਤੇ ਮੈਂ ਆਪਣਾ ਸਰਬਉੱਤਮ ਦਿੱਤਾ ਹੈ।”

ਉਨ੍ਹਾਂ ਅੱਗੇ ਕਿਹਾ, ‘ਮੈਂ ਉਸ ਚੀਜ਼ ਨਾਲ ਕਿਉਂ ਜੁੜਿਆ ਹੋਇਆ ਹਾਂ ਜਿਸ ਦਾ ਮੈਂ ਆਨੰਦ ਨਹੀਂ ਲੈ ਰਿਹਾ? ਕੀ ਸਾਬਤ ਕਰਨ ਲਈ? ਮੈਂ ਮਾਨਸਿਕ ਜਾਂ ਸਰੀਰਕ ਤੌਰ ’ਤੇ ਹੋਰ ਨਹੀਂ ਦੇ ਸਕਦਾ ਸੀ ਅਤੇ ਇਹ ਮੈਨੂੰ ਦੁਖੀ ਕਰ ਰਿਹਾ ਸੀ। ਜਿਸ ਦਿਨ ਮੈਂ ਰੁਕਿਆ(ਸੰਨਿਆਸ ਲਿਆ), ਮੈਂ ਫਿਰ ਤੋਂ ਆਪਣੇ ਆਪ ਨੂੰ ਮਹਿਸੂਸ ਕੀਤਾ।’

ਯੁਵਰਾਜ ਨੇ ਯਾਦ ਕੀਤਾ ਕਿ ਇੱਕ ਸਮਾਂ ਅਜਿਹਾ ਸੀ ਜਦੋਂ ਉਨ੍ਹਾਂ ਦੀ ਪ੍ਰਤਿਭਾ ’ਤੇ ਸ਼ੱਕ ਜਤਾਇਆ ਗਿਆ ਸੀ। ਭਾਰਤ ਦੇ ਸਾਬਕਾ ਬੱਲੇਬਾਜ਼ ਨਵਜੋਤ ਸਿੰਘ ਸਿੱਧੂ ਨੇ ਇੱਕ ਵਾਰ ਉਨ੍ਹਾਂ ਨੂੰ ਨਕਾਰ ਦਿੱਤਾ ਸੀ ਜਦੋਂ ਉਹ (ਯੁਵਰਾਜ) ਅਜੇ ਕਿਸ਼ੋਰ ਸਨ।

ਖਿਡਾਰੀ ਨੇ ਕਿਹਾ ਕਿ, ‘ਮੈਨੂੰ ਲੱਗਦਾ ਹੈ ਕਿ ਉਨ੍ਹਾਂ ਕੋਲ ਮੈਨੂੰ ਸੱਚਮੁੱਚ ਦੇਖਣ ਦਾ ਸਮਾਂ ਨਹੀਂ ਸੀ। ਉਹ ਸ਼ਾਇਦ ਮੇਰੇ ਪਿਤਾ ਜੀ ਨਾਲ ਸਿਰਫ਼ ਨਿਮਰਤਾ ਨਾਲ ਪੇਸ਼ ਆ ਰਹੇ ਸਨ। ਮੈਂ ਸਿਰਫ਼ 13 ਜਾਂ 14 ਸਾਲ ਦਾ ਸੀ, ਅਜੇ ਵੀ ਖੇਡ ਨੂੰ ਸਮਝ ਰਿਹਾ ਸੀ।’

ਹਾਲਾਂਕਿ, ਯੁਵਰਾਜ ਦੇ ਪਿਤਾ ਯੋਗਰਾਜ ਸਿੰਘ ਨੇ ਇਸ ਟਿੱਪਣੀ ਨੂੰ ਨਿੱਜੀ ਤੌਰ ’ਤੇ ਲਿਆ। ਯੁਵਰਾਜ ਨੇ ਯਾਦ ਕਰਦਿਆਂ ਦੱਸਿਆ, ਉਨ੍ਹਾਂ ਨੇ ਮੈਨੂੰ ਕਿਹਾ, ‘ਚੱਲ ਬੇਟਾ, ਮੈਂ ਤੈਨੂੰ ਦੱਸਦਾ ਹਾਂ ਕ੍ਰਿਕਟ ਕਿਵੇਂ ਖੇਡਦੇ ਹਨ।’



# ਉਭਰਦੀਆਂ ਖਿਡਾਰਨਾਂ ਲਈ ਪ੍ਰੇਰਨਾ ਸਰੋਤ ਬਣੀ ਹਰਮਨਪ੍ਰੀਤ ਕੌਰ

ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਅਤੇ ਅੰਤਰਰਾਸ਼ਟਰੀ ਪੱਧਰ ਦੀ ਪ੍ਰਸਿੱਧ ਕ੍ਰਿਕਟਰ ਹਰਮਨਪ੍ਰੀਤ ਕੌਰ ਨੂੰ ਦੇਸ਼ ਦੇ ਪ੍ਰਤਿਸ਼ਠਿਤ ਪਦਮ ਸ਼੍ਰੀ ਐਵਾਰਡ ਨਾਲ ਸਨਮਾਨਿਤ ਕਰਨ ਦੇ ਐਲਾਨ ਤੋਂ ਬਾਅਦ ਖੇਡ ਜਗਤ ਸਮੇਤ ਪੂਰੇ ਦੇਸ਼ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਇਤਿਹਾਸਿਕ ਮੌਕੇ ’ਤੇ ਹਰਮਨਪ੍ਰੀਤ ਕੌਰ ਦੇ ਪਿਤਾ ਹਰਿਮੰਦਰ ਸਿੰਘ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਉਨ੍ਹਾਂ ਦੀ ਧੀ ਨੂੰ ਇੰਨੇ ਵੱਡੇ ਅਤੇ ਮਾਣਯੋਗ ਐਵਾਰਡ ਨਾਲ ਨਿਵਾਜਿਆ ਜਾਵੇਗਾ।

**ਮਿਹਨਤ ਅਤੇ ਲਗਨ ਦਾ ਨਤੀਜਾ**

ਇਸ ਮੌਕੇ ਗੱਲਬਾਤ ਕਰਦਿਆਂ ਹਰਿਮੰਦਰ ਸਿੰਘ ਨੇ ਕਿਹਾ ਕਿ ‘ਹਰਮਨਪ੍ਰੀਤ ਕੌਰ ਨੇ ਬਹੁਤ ਘੱਟ ਸਾਧਨਾਂ ਨਾਲ ਆਪਣਾ ਕ੍ਰਿਕਟ ਕਰੀਅਰ ਸ਼ੁਰੂ ਕੀਤਾ ਸੀ। ਉਸ ਨੇ ਛੋਟੀ ਉਮਰ ਤੋਂ ਹੀ ਕ੍ਰਿਕਟ ਪ੍ਰਤੀ ਆਪਣਾ ਜਨੂੰਨ ਦਿਖਾਇਆ ਅਤੇ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਲਗਨ ਨਾਲ ਅੱਜ ਉਹ ਇਸ ਮੁਕਾਮ ਤੱਕ ਪਹੁੰਚੀ ਹੈ। ਪਦਮ ਸ਼੍ਰੀ ਐਵਾਰਡ ਸਿਰਫ਼ ਹਰਮਨਪ੍ਰੀਤ ਲਈ ਨਹੀਂ, ਸਗੋਂ ਪੂਰੇ ਪੰਜਾਬ ਅਤੇ ਦੇਸ਼ ਦੀਆਂ ਧੀਆਂ ਲਈ ਮਾਣ ਦੀ ਗੱਲ ਹੈ।’

**ਦੇਸ਼ ਦਾ ਨਾਮ ਰੌਸ਼ਨ ਕੀਤਾ**

ਉਨ੍ਹਾਂ ਅੱਗੇ ਕਿਹਾ ਕਿ ‘ਇਸ ਤੋਂ ਪਹਿਲਾਂ ਵੀ ਹਰਮਨਪ੍ਰੀਤ ਕੌਰ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨੀ ਕਰਦਿਆਂ ਕਈ ਵੱਡੀਆਂ ਉਪਲਬਧੀਆਂ ਹਾਸਲ ਕੀਤੀਆਂ ਹਨ। ਭਾਰਤੀ ਮਹਿਲਾ ਟੀਮ ਨੇ ਉਸ ਦੀ ਅਗਵਾਈ ਹੇਠ ਵਿਸ਼ਵ ਪੱਧਰ ’ਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਵਿਸ਼ਵ ਕੱਪ



ਸਮੇਤ ਕਈ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਉਸ ਦੀ ਆਕਰਮਕ ਬੱਲੇਬਾਜ਼ੀ ਅਤੇ ਨਿਡਰ ਅਗਵਾਈ ਨੇ ਭਾਰਤ ਨੂੰ ਨਵੀਂ ਪਹਿਚਾਣ ਦਿੱਤੀ ਹੈ।’

**ਦੇਸ਼ ਦੀਆਂ ਨੌਜਵਾਨ ਲੜਕੀਆਂ ਲਈ ਪ੍ਰੇਰਣਾ**

ਹਰਿਮੰਦਰ ਸਿੰਘ ਨੇ ਕਿਹਾ ਕਿ ਹਰਮਨਪ੍ਰੀਤ ਦੀ ਇਹ ਸਫਲਤਾ ਦੇਸ਼ ਦੀਆਂ ਨੌਜਵਾਨ ਲੜਕੀਆਂ ਲਈ ਇੱਕ ਪ੍ਰੇਰਣਾ ਹੈ। ਅੱਜ ਦੀ ਧੀ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਅਤੇ ਜੇ ਉਸ ਨੂੰ ਸਹੀ ਮੌਕਾ ਅਤੇ ਸਹਾਰਾ ਮਿਲੇ ਤਾਂ ਉਹ ਹਰ ਉੱਚਾਈ ਨੂੰ ਛੂਹ ਸਕਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦਿੱਤਾ ਗਿਆ ਪਦਮ ਸ਼੍ਰੀ ਐਵਾਰਡ ਖਿਡਾਰੀਆਂ ਦੀ ਮਿਹਨਤ ਅਤੇ ਸਮਰਪਣ ਨੂੰ ਮਾਨਤਾ ਦੇਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

**ਸਦਾ ਲਈ ਯਾਦਗਾਰ ਰਹੇਗਾ ਪਲ**

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅੱਜ ਪਰਿਵਾਰ ਨੂੰ ਬੇਹੱਦ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਹਰਮਨਪ੍ਰੀਤ ਕੌਰ ਨੂੰ ਪਦਮ ਸ਼੍ਰੀ ਵਰਗੇ ਵੱਡੇ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹ ਪਲ ਸਦਾ ਲਈ ਯਾਦਗਾਰ ਰਹੇਗਾ।

# ਹਾਕੀ ਖਿਡਾਰਨ ਸਵਿਤਾ ਪੂਨੀਆ ਅਤੇ ਕੋਚ ਬਲਦੇਵ ਸਿੰਘ ਦੀਆਂ ਖੇਡ ਪ੍ਰਾਪਤੀਆਂ ’ਤੇ ਦੇਸ਼ ਨੂੰ ਹੈ ਮਾਣ

ਨਵੀਂ ਦਿੱਲੀ/ਏ.ਟੀ.ਨਿਊਜ਼ : ਕੇਂਦਰ ਸਰਕਾਰ ਨੇ ਭਾਰਤੀ ਮਹਿਲਾ ਹਾਕੀ ਟੀਮ ਦੀ ਸਾਬਕਾ ਕਪਤਾਨ ਅਤੇ ਦਿੱਗਜ ਗੋਲਕੀਪਰ ਸਵਿਤਾ ਪੂਨੀਆ ਅਤੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਤੇ ਕੋਚ ਬਲਦੇਵ ਸਿੰਘ ਨੂੰ ਵੱਕਾਰੀ ‘ਪਦਮ ਸ਼੍ਰੀ’ ਪੁਰਸਕਾਰ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਹੈ। ਹਾਕੀ ਇੰਡੀਆ ਦੇ ਪ੍ਰਧਾਨ ਦਿਲੀਪ ਟਿਰਕੀ ਅਤੇ ਜਨਰਲ ਸਕੱਤਰ ਭੋਲਾ ਨਾਥ ਸਿੰਘ ਨੇ ਦੋਵਾਂ ਸ਼ਖ਼ਸੀਅਤਾਂ ਨੂੰ ਇਸ ਮਾਣਮੱਤੀ ਉਪਲਬਧੀ ਲਈ ਹਾਰਦਿਕ ਵਧਾਈ ਦਿੱਤੀ ਹੈ।





**ਸਵਿਤਾ ਪੂਨੀਆ**

ਗੋਲਪੋਸਟ ਦੀ ਅਜੇਤੂ ਦੀਵਾਰ ਸਵਿਤਾ ਪੂਨੀਆ ਨੇ 20 ਸਾਲ ਦੀ ਉਮਰ ਵਿੱਚ ਆਪਣਾ ਅੰਤਰਰਾਸ਼ਟਰੀ ਸਫ਼ਰ ਸ਼ੁਰੂ ਕੀਤਾ ਸੀ ਅਤੇ ਅੱਜ ਉਹ ਵਿਸ਼ਵ ਦੀਆਂ ਬਿਹਤਰੀਨ ਗੋਲਕੀਪਰਾਂ ਵਿੱਚੋਂ ਇੱਕ ਹੈ। ਸਾਲ 2025 ਵਿੱਚ, ਉਹ ਪੀ.ਆਰ. ਸ਼੍ਰੀਜੇਸ਼ ਤੋਂ ਬਾਅਦ 300 ਅੰਤਰਰਾਸ਼ਟਰੀ ਮੈਚ ਪੂਰੇ ਕਰਨ ਵਾਲੀ ਦੂਜੀ ਭਾਰਤੀ ਗੋਲਕੀਪਰ ਬਣ ਗਈ ਹੈ।

**ਸਵਿਤਾ ਦੀਆਂ ਪ੍ਰਮੁੱਖ ਉਪਲਬਧੀਆਂ**

ਉਨ੍ਹਾਂ ਦੀ ਅਗਵਾਈ ਵਿੱਚ ਭਾਰਤ ਨੇ 2022 ਰਾਸ਼ਟਰਮੰਡਲ ਖੇਡਾਂ ਵਿੱਚ ਕਾਂਸੀ ਦਾ ਤਗਮਾ, ਐਫਆਈਐਚ (698) ਨੇਸ਼ਨਜ਼ ਕੱਪ ਦਾ ਖਿਤਾਬ ਅਤੇ 2023-24 ਵਿੱਚ ਲਗਾਤਾਰ ਏਸ਼ੀਆਈ ਚੈਂਪੀਅਨਜ਼ ਟਰਾਫੀ ਵਿੱਚ ਸੋਨ ਤਗਮੇ ਜਿੱਤੇ ਹਨ।

**ਸਵਿਤਾ ਨੂੰ ਮਿਲੇ ਸਨਮਾਨ**

ਸਵਿਤਾ ਨੂੰ ਲਗਾਤਾਰ ਤਿੰਨ ਸੀਜ਼ਨਾਂ (2020-21, 2021-22, 2022-23) ਲਈ ‘ਐਫ਼.ਆਈ.ਐਚ. ਗੋਲਕੀਪਰ ਆਫ ਦਿ ਯੀਅਰ’ ਚੁਣਿਆ ਗਿਆ ਸੀ ਅਤੇ ਉਹ ਦੋ ਵਾਰ ‘ਹਾਕੀ ਇੰਡੀਆ ਬਲਬੀਰ ਸਿੰਘ ਸੀਨੀਅਰ ਪਲੇਅਰ ਆਫ ਦਿ ਯੀਅਰ’ ਵੀ ਰਹਿ ਚੁੱਕੀ ਹੈ।

**ਬਲਦੇਵ ਸਿੰਘ ਦੀਆਂ ਉਪਲੱਬਧੀਆਂ**

ਖੇਡ ਪ੍ਰਤੀ ਨਿਸ਼ਕਾਮ ਸੇਵਾ ਪਦਮ ਸ਼੍ਰੀ ਨਾਲ ਸਨਮਾਨਿਤ ਬਲਦੇਵ ਸਿੰਘ ਨੇ ਇੱਕ ਖਿਡਾਰੀ ਅਤੇ ਕੋਚ ਵਜੋਂ ਹਾਕੀ ਨੂੰ ਆਪਣਾ ਜੀਵਨ ਸਮਰਪਿਤ ਕੀਤਾ ਹੈ। ਉਨ੍ਹਾਂ ਨੇ 1976 ਦੇ ਮਾਂਟਰੀਅਲ ਉਲੰਪਿਕ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਅਤੇ ਤਿੰਨ ਵਿਸ਼ਵ ਕੱਪ ਖੇਡੇ, ਜਿਨ੍ਹਾਂ ਵਿੱਚ 1971 ਦਾ ਕਾਂਸੀ ਅਤੇ 1973 ਦਾ ਚਾਂਦੀ ਦਾ ਤਗਮਾ ਸ਼ਾਮਲ ਹੈ। ਉਨ੍ਹਾਂ ਨੇ 1970 ਅਤੇ 1974 ਦੀਆਂ ਏਸ਼ੀਆਈ ਖੇਡਾਂ ਵਿੱਚ ਵੀ ਚਾਂਦੀ ਦੇ ਤਗਮੇ ਜਿੱਤੇ ਸਨ। ਹਾਕੀ ਇੰਡੀਆ ਅਨੁਸਾਰ, ਉਨ੍ਹਾਂ ਦੇ ਅਨੁਸ਼ਾਸਨ ਅਤੇ ਦੂਰਦਰਸ਼ੀ ਕੋਚਿੰਗ ਦਾ ਲਾਭ ਭਾਰਤੀ ਹਾਕੀ ਦੀਆਂ ਕਈ ਪੀੜ੍ਹੀਆਂ ਨੂੰ ਮਿਲਿਆ ਹੈ।

# 9 ਖਿਡਾਰੀਆਂ ਨੂੰ ‘ਪਦਮ ਪੁਰਸਕਾਰਾਂ’ ਲਈ ਚੁਣਿਆ



ਨਵੀਂ ਦਿੱਲੀ/ਏ.ਟੀ.ਨਿਊਜ਼: ਪਦਮ ਪੁਰਸਕਾਰਾਂ ਵਿੱਚ ਖੇਡ ਜਗਤ ਦਾ ਦਬਦਬਾ ਦੇਖਣ ਨੂੰ ਮਿਲਿਆ ਹੈ। ਭਾਰਤ ਦੇ ਵਿਸ਼ਵ ਜੇਤੂ ਕਪਤਾਨ ਰੋਹਿਤ ਸ਼ਰਮਾ ਤੇ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੂੰ ਕ੍ਰਿਕਟ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨਾਂ ਵਿੱਚੋਂ ਇੱਕ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਜਾਵੇਗਾ।

ਇਸ ਵਾਰ ਰੋਹਿਤ ਸ਼ਰਮਾ ਅਤੇ ਹਰਮਨਪ੍ਰੀਤ ਕੌਰ ਸਮੇਤ ਕੁੱਲ 9 ਖਿਡਾਰੀਆਂ ਨੂੰ ਪਦਮ ਪੁਰਸਕਾਰਾਂ ਲਈ ਚੁਣਿਆ ਗਿਆ ਹੈ। ਭਾਰਤ ਦੇ ਦਿੱਗਜ ਟੈਨਿਸ ਖਿਡਾਰੀ ਵਿਜੇ ਅੰਮ੍ਰਿਤਰਾਜ ਨੂੰ ਪਦਮ ਭੂਸ਼ਣ ਨਾਲ ਨਿਵਾਜਿਆ ਜਾਵੇਗਾ। ਕ੍ਰਿਕਟ ਸਿਤਾਰਿਆਂ ਤੋਂ ਇਲਾਵਾ ਹੋਰਨਾਂ ਖੇਡਾਂ ਦੇ ਨਾਮੀ ਚਿਹਰਿਆਂ ਨੂੰ ਵੀ ਪਦਮ ਸ਼੍ਰੀ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਹਾਕੀ ਖਿਡਾਰਨ ਸਵਿਤਾ ਪੂਨੀਆ, ਪ੍ਰਵੀਨ ਕੁਮਾਰ, ਬਲਦੇਵ ਸਿੰਘ, ਭਗਵਾਨ ਦਾਸ ਰਾਇਕਵਾਰ ਅਤੇ ਕੇ. ਪਜਨੀਵੈਲ ਦੇ ਨਾਂਅ ਸ਼ਾਮਲ ਹਨ।

**ਵਿਦੇਸ਼ੀ ਕੋਚ ਨੂੰ ਮਰਨ ਉਪਰੰਤ ਸਨਮਾਨ**

ਭਾਰਤੀ ਕੁਸ਼ਤੀ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਜਾਰਜੀਆ ਦੇ ਵਲਾਦੀਮੀਰ ਮੇਸਟਵਿਰੀਸ਼ਵਿਲੀ ਨੂੰ ਮਰਨ ਉਪਰੰਤ ਪਦਮ ਸ਼੍ਰੀ ਦਿੱਤਾ ਜਾਵੇਗਾ। ਉਨ੍ਹਾਂ ਦੀ ਅਗਵਾਈ ਹੇਠ ਭਾਰਤੀ ਪਹਿਲਵਾਨਾਂ ਸੁਸ਼ੀਲ ਕੁਮਾਰ ਤੇ ਯੋਗੇਸ਼ਵਰ ਦੱਤ ਨੇ ਉਲੰਪਿਕ ਵਿੱਚ ਇਤਿਹਾਸਕ ਪ੍ਰਦਰਸ਼ਨ ਕੀਤਾ ਸੀ।

# ਆਧੁਨਿਕ ਗਾਇਕੀ ਨੇ 'ਅਖਾੜਾ ਸੱਭਿਆਚਾਰ' ਨੂੰ ਲਾਈ ਢਾਹ

## ਕਦੇ ਪੰਜਾਬ ਦੇ ਪਿੰਡਾਂ 'ਚ ਅਖਾੜਾ-ਸ਼ੈਲੀ ਦੀ ਬੋਲਦੀ ਸੀ ਤੂਤੀ

**ਭੋਲਾ ਸਿੰਘ ਸ਼ਮੀਰੀਆ**



ਤਿੰਨ-ਚਾਰ ਦਹਾਕੇ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਅਖਾੜਾ-ਸ਼ੈਲੀ ਦੀ ਤੂਤੀ ਬੋਲਦੀ ਸੀ। ਜਿਸ ਘਰ ਦੇ ਵਿਆਹ ਵਿੱਚ ਅਖਾੜਾ ਲੱਗਣਾ ਹੁੰਦਾ ਸੀ, ਉਸ ਘਰ ਦੀ ਗਿਣਤੀ ਪਿੰਡ ਦੇ ਰੱਜੇ-ਪੁੱਜੇ ਘਰਾਂ ਵਿੱਚ ਹੋਣੀ ਸ਼ੁਰੂ ਹੋ ਜਾਂਦੀ ਸੀ। ਜਾਂ ਇੰਝ ਕਹਿ ਲਵੋ ਕਿ ਉਸ ਘਰ ਦੀ ਪਿੰਡ ਵਿੱਚ ਪੂਰੀ ਟੌਹਰ ਹੁੰਦੀ ਸੀ। ਉਸ ਘਰ ਦੀ ਚਰਚਾ ਪਿੰਡ ਦੀਆਂ ਸੱਥਾਂ, ਖੁੰਢਾਂ, ਖੂਹਾਂ ਆਦਿ 'ਤੇ ਆਮ ਹੁੰਦੀ ਸੀ। ਅਖਾੜਾ ਦੇਖਣ ਦੇ ਸ਼ੌਕੀਨ ਅਖਾੜਾ ਲੱਗਣ ਤੋਂ ਕਈ ਦਿਨ ਪਹਿਲਾਂ ਹੀ ਤਿਆਰੀ ਕਰਨ ਲੱਗ ਜਾਂਦੇ ਸਨ। ਆਪਣੇ ਖੇਤੀ ਦੇ ਕੰਮਾਂ ਨੂੰ ਪਹਿਲਾਂ ਹੀ ਸਮੇਟ ਲੈਂਦੇ ਸਨ। ਪਸ਼ੂਆਂ ਲਈ ਪੱਠੇ ਇੱਕ ਦਿਨ ਪਹਿਲਾਂ ਹੀ ਲੈ ਆਉਂਦੇ ਸਨ। ਇੱਥੋਂ ਤੀਕ ਕਿ ਆਪਣੇ ਰਿਸ਼ਤੇਦਾਰਾਂ ਨੂੰ ਵੀ ਸੱਦਾ ਦੇ ਦਿੰਦੇ ਸਨ ਕਿ ਸਾਡੇ ਪਿੰਡ ਫਲਾਣੇ ਦਿਨ ਅਖਾੜਾ ਲੱਗਣਾ ਹੈ ਤੁਸੀਂ ਇੱਕ ਦਿਨ ਪਹਿਲਾਂ ਹੀ ਆ ਜਾਣਾ।

ਆਸੇ-ਪਾਸੇ ਦੇ ਪਿੰਡਾਂ ਵਾਲੇ ਸਾਈਕਲਾਂ, ਮੋਟਰ-ਸਾਈਕਲਾਂ ਰਾਹੀਂ ਜਾਂ ਪੈਦਲ ਹੀ ਮੇਲੇ ਜਾਣ ਵਾਲਿਆਂ ਵਾਂਗ ਧੂੜਾਂ ਪੱਟੀ ਜਾਂਦੇ ਦਿਸਦੇ। ਜੇ ਰਸਤਾ ਕੱਚਾ ਜਾਂ ਟਿੱਬਿਆਂ ਵਾਲਾ ਹੁੰਦਾ ਤਾਂ ਜੁੱਤੀਆਂ ਲਾਹ ਕੇ ਹੱਥਾਂ ਵਿੱਚ ਫੜ ਲੈਣੀਆਂ ਤੇ ਸਾਹੋ-ਸਾਹ ਹੁੰਦੇ ਹੋਏ ਭੱਜੇ ਜਾਂਦੇ ਦਿਸਦੇ। ਅਖਾੜਾ ਦੇਖਣ ਦੀ ਤੀਬਰਤਾ ਇੰਨੀ ਹੁੰਦੀ ਸੀ ਕਿ ਕਈ ਵਾਰ ਬਹੁਤ ਜ਼ਰੂਰੀ ਕੰਮ ਵੀ ਲੋਕ ਛੱਡ ਦਿੰਦੇ ਸਨ। ਮੈਨੂੰ ਯਾਦ ਹੈ ਕਿ ਮੈਂ ਵੀ 1982 ਵਿੱਚ ਆਪਣਾ ਬੀ.ਏ. ਫਾਈਨਲ ਦਾ ਪੇਪਰ ਛੱਡ ਕੇ ਮੁਹੰਮਦ ਸਦੀਕ ਤੇ ਰਣਜੀਤ ਕੌਰ ਦਾ ਅਖਾੜਾ ਦੇਖਣ ਨੂੰ ਪਹਿਲ ਦਿੱਤੀ ਸੀ। ਇਸ ਬਦਲੇ ਭਾਵੇਂ ਮੈਨੂੰ ਘਰੋਂ ਕਾਫ਼ੀ ਝਿੜਕਾਂ ਸਹਿਣੀਆਂ ਪਈਆਂ, ਪਰ ਇਹ ਖਿੱਚ ਮੇਰੇ ਵੱਸ ਤੋਂ ਬਾਹਰ ਦੀ ਗੱਲ ਸੀ।

ਚਾਂਦੀ ਰਾਮ ਤੋਂ ਸ਼ੁਰੂ ਹੋ ਕੇ ਜਗਤ ਸਿੰਘ ਜੱਗਾ, ਨਰਿੰਦਰ ਬੀਬਾ, ਦੀਦਾਰ ਸੰਧੂ, ਹਰਚਰਨ ਗਰੇਵਾਲ, ਕਰਨੈਲ ਗਿੱਲ, ਮੁਹੰਮਦ ਸਦੀਕ ਤੇ ਰਣਜੀਤ ਕੌਰ, ਜਗਮੋਹਣ ਕੌਰ ਤੇ ਕੇ. ਦੀਪ, ਜਸਵੰਤ ਸੰਦੀਲਾ, ਪਰਮਿੰਦਰ ਸੰਧੂ, ਸੁਦੇਸ਼ ਕਪੂਰ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਸੁਰਿੰਦਰ ਕੌਰ, ਰਾਜਿੰਦਰ ਰਾਜਨ, ਸੁਚੇਤ ਬਾਲਾ, ਗੁਲਸ਼ਨ ਕੋਮਲ, ਹਾਕਮ ਬਖਤੜੀ ਵਾਲਾ, ਅਮਰ ਸਿੰਘ ਚਮਕੀਲਾ ਤੇ ਅਮਰ ਜੋਤ ਆਦਿ ਗਾਇਕ ਜੋੜੀਆਂ ਨੇ ਆਪੋ ਆਪਣੇ ਇਤਿਹਾਸ ਰਚੇ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਗਾਇਕ ਜੋੜੀਆਂ ਸਨ ਜਿਨ੍ਹਾਂ ਦੇ ਨਾਮ ਦਰਜ ਕੀਤੇ ਜਾ ਸਕਦੇ ਹਨ। ਜਦੋਂ ਵੀ ਕੋਈ ਗਾਇਕ ਜੋੜੀ ਸਟੇਜ 'ਤੇ ਚੜ੍ਹ ਜਾਂਦੀ ਸੀ ਤਾਂ ਲੋਕਾਂ ਦੀ ਰੂਹ ਨਸ਼ਿਆ ਜਾਂਦੀ ਸੀ। ਛੜਿਆਂ ਬਾਰੇ ਸੰਵਾਦੀ ਗੀਤ ਸੁਣ ਕੇ ਬਹੁਤ ਸਾਰੇ ਛੜਿਆਂ ਦੀ ਕਈ ਕਈ ਰਾਤਾਂ ਦੀ ਨੀਂਦ ਖਰਾਬ ਹੋ ਜਾਂਦੀ ਸੀ। ਨਸ਼ੇ ਦੀ ਤੋਟ ਵਾਲੇ ਅਮਲੀ ਕਿਸਮ ਦੇ ਆਦਮੀ ਮਜ਼ਾਕ ਦੇ ਪਾਤਰ ਬਣ ਜਾਂਦੇ ਸਨ।

ਅਖਾੜਾ ਸੱਭਿਆਚਾਰ ਦੀ ਖਿੱਚ ਇੰਨੀ ਹੁੰਦੀ ਸੀ ਕਿ ਸਮਾਜਿਕ ਬੰਧਨਾਂ ਦੀਆਂ ਬੇੜੀਆਂ ਵਿੱਚ ਜਕੜੀਆਂ ਔਰਤਾਂ ਕੋਠਿਆਂ 'ਤੇ ਬੈਠ ਕੇ ਆਪਣੇ ਘਰਦਿਆਂ ਤੋਂ ਚੋਰੀਉਂ ਅਖਾੜੇ ਦੇਖਿਆ ਕਰਦੀਆਂ ਸਨ। ਕਈ ਘਰਾਂ ਦੇ ਮੁੰਡੇ ਤਾਂ ਵਿਆਹ ਦੀ ਤਰੀਕ ਕਲਾਕਾਰਾਂ ਨੂੰ ਪੁੱਛ ਕੇ ਰੱਖਦੇ ਸਨ ਕਿ ਵਿਆਹ ਵਾਲੇ ਦਿਨ ਉਹ ਕਲਾਕਾਰ ਕਿਤੇ ਬੁੱਕ ਤਾਂ ਨਹੀਂ? ਜੋ ਦਿਨ ਕਲਾਕਾਰ ਕੋਲ ਵਿਹਲਾ ਹੁੰਦਾ ਸੀ, ਉਸ ਦਿਨ ਨੂੰ ਉਹ ਵਿਆਹ ਰੱਖਦੇ ਸਨ। ਇਹ ਅਖਾੜਾ-ਸੱਭਿਆਚਾਰ ਦੀ ਸਿਖਰ ਦੇ ਦਿਨ ਮੰਨੇ ਜਾਂਦੇ ਹਨ।

ਫਿਰ ਹੌਲੀ-ਹੌਲੀ ਅਖਾੜਿਆਂ ਦੀ ਪ੍ਰਸਿੱਧੀ ਘਟਦੀ ਗਈ। ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਹੁਣ ਲੋਕ ਅਖਾੜਾ ਬਿਲਕੁਲ ਹੀ ਨਹੀਂ ਦੇਖਣਾ ਚਾਹੁੰਦੇ। ਅਜੇ ਵੀ ਪੁਰਾਣੀ ਪੀੜ੍ਹੀ ਦੇ ਲੋਕਾਂ ਵਿੱਚ ਕੁਝ ਕਲਾਕਾਰਾਂ ਪ੍ਰਤੀ ਮੋਹ ਤੇ ਸਤਿਕਾਰ ਜਿਉਂ ਦਾ ਤਿਉਂ ਬਰਕਰਾਰ ਹੈ। ਸ਼ੁਰੂ-ਸ਼ੁਰੂ ਵਿੱਚ ਸਟੇਜੀ ਕਲਾਕਾਰ ਸਿਰਫ਼ ਖੜ੍ਹ ਕੇ ਹੀ ਆਪਣੀ ਸਰੋਦ-ਰਸੀ ਭਾਵਨਾ ਨਾਲ ਲੋਕਾਂ ਦਾ ਮਨੋਰੰਜਨ ਕਰਦੇ ਸਨ, ਪ੍ਰੰਤੂ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਜੋੜੀ ਨੇ ਇਸ ਸ਼ੈਲੀ ਨੂੰ ਕੁਝ 'ਨਾਟਕ-ਅੰਦਾਜ਼ੀ ਵਿਧਾ' ਦੇ ਰੂਪ ਵਿੱਚ ਪੇਸ਼ ਕਰਕੇ ਇਸ ਨੂੰ ਹੋਰ ਦਿਲਚਸਪ ਬਣਾ ਦਿੱਤਾ ਤੇ ਅੱਜਕੱਲ੍ਹ ਵੀ ਇਸ ਅੰਦਾਜ਼ ਨੂੰ ਲੋਕ ਬੜੇ ਅਨੰਦ ਨਾਲ ਸੁਣਦੇ ਹਨ। ਅਸਲ ਵਿੱਚ ਮੁਹੰਮਦ ਸਦੀਕ ਲੋਕ-ਸੰਪਰਕ ਵਿਭਾਗ ਵਿੱਚ ਡਰਾਮਾ ਕਲਾਕਾਰ ਰਿਹਾ ਹੋਣ ਕਰਕੇ ਅਤੇ ਵਧੀਆ ਸੰਗੀਤਕਾਰ ਹੋਣ ਕਰਕੇ ਹਾਲਾਤ ਅਨੁਸਾਰ ਸਥਿਤੀ ਤੇ ਸ਼ਬਦਾਂ ਨੂੰ ਰਸ-ਮਈ ਬਣਾਉਣ ਦਾ ਮਾਹਿਰ ਹੈ। ਆਪਣੀ ਸੁਚੱਜੀ ਪੇਸ਼ਕਾਰੀ ਸਦਕਾ ਮੁਹੰਮਦ ਸਦੀਕ ਨੇ ਅਖਾੜਾ-ਸ਼ੈਲੀ ਨੂੰ ਕਾਫ਼ੀ ਸਮਾਂ ਡੋਲਣ ਨਹੀਂ ਦਿੱਤਾ। ਪਿੰਡਾਂ ਵਿੱਚ ਇਹ ਵਿਧਾ ਅਜੇ ਵੀ ਕੁਝ ਕੁ ਸਾਹ ਭਰਦੀ ਦਿਖਾਈ ਦੇ ਰਹੀ ਹੈ, ਪ੍ਰੰਤੂ ਇਸ ਸ਼ੈਲੀ ਦੀ ਹੁਣ ਉਹ ਖਿੱਚ ਨਹੀਂ ਰਹੀ ਜੋ ਤਿੰਨ-ਚਾਰ ਦਹਾਕੇ ਪਹਿਲਾਂ ਸੀ।

ਅਸਲ ਵਿੱਚ ਤਿੰਨ ਚਾਰ ਦਹਾਕੇ ਪਹਿਲਾਂ ਮੀਡੀਆ ਦਾ ਇੰਨਾ ਪ੍ਰਸਾਰ ਨਹੀਂ ਸੀ ਹੋਇਆ। ਲੋਕ ਸਿਰਫ਼ ਰੇਡੀਓ 'ਤੇ ਵੱਜਦੇ ਗੀਤ ਸੁਣ ਕੇ ਹੀ ਅਨੰਦ ਮਾਣ ਲਿਆ ਕਰਦੇ ਸਨ। ਸਟੇਜ ਉੱਪਰ ਔਰਤ ਦੀਆਂ ਬੇਬਾਕ ਭਾਵਨਾਵਾਂ ਪੁਰਸ਼ਾਂ ਨੂੰ ਦੇਖਣ ਲਈ ਮਿਲਦੀਆਂ ਸਨ। ਸਟੇਜ ਉੱਪਰ ਔਰਤ ਦੀਆਂ ਘੁੰਡ ਕੱਢ ਕੇ ਨਖਰੇ ਕਰਨ ਦੀਆਂ ਮੁਦਰਾਵਾਂ ਮਰਦਾਂ ਨੇ ਕਦੇ ਦੇਖੀਆਂ ਨਹੀਂ ਸਨ ਹੁੰਦੀਆਂ। ਮੀਡੀਆ ਦਾ ਇੰਨਾ ਫੈਲਾਅ ਨਾ ਹੋਣ ਕਾਰਨ ਇਹ ਕ੍ਰਾਂਤੀ ਅਜੇ ਸਿਰਫ਼ ਸ਼ਹਿਰਾਂ ਤੀਕ ਹੀ ਸੀਮਤ ਸੀ। ਲਿੰਗ-ਅਨੁਪਾਤ ਦੀ ਗੜਬੜੀ ਕਰਕੇ ਆਮ ਘਰਾਂ ਵਿੱਚ ਤਿੰਨ-ਚਾਰ ਭਰਾਵਾਂ ਵਿੱਚੋਂ ਇੱਕ ਜਾਂ ਦੋ ਹੀ ਵਿਆਹੇ ਜਾਂਦੇ ਸਨ। ਛੜੇ ਰਹਿ ਗਏ ਭਰਾਵਾਂ ਦੀ ਵੇਦਨਾ ਜਾਂ ਵਿਆਹਾਂ ਲਈ ਤਰਲੇ ਤੇ ਤਾਅਨੇ ਇਨ੍ਹਾਂ ਅਖਾੜਿਆਂ ਦਾ ਮੁੱਖ ਵਿਸ਼ਾ ਬਣਦੇ ਸਨ।

ਲੋਕਾਂ ਦੇ ਘਰਾਂ ਦੀਆਂ ਕਹਾਣੀਆਂ ਅਤੇ ਦਿਉਰਾਂ-ਜੇਠਾਂ ਦੇ ਰੁਮਾਂਟਿਕ ਕਾਰਨਾਮੇ ਅਖਾੜਾ-ਸ਼ੈਲੀ ਦੇ ਆਮ ਵਿਸ਼ੇ ਹੁੰਦੇ ਸਨ। ਲੋਕਾਂ ਦੇ ਆਮ ਘਰਾਂ ਦੀਆਂ ਕਹਾਣੀਆਂ ਹੋਣ ਕਰਕੇ ਇਹ ਵਿਧਾ ਲੋਕਾਂ ਵਿੱਚ ਹਰਮਨ ਪਿਆਰੀ ਹੋ ਗਈ ਕਿਉਂਕਿ ਅਖਾੜਿਆਂ ਵਿੱਚ ਉਨ੍ਹਾਂ ਲੋਕਾਂ ਦੀਆਂ ਹੀ ਗੱਲਾਂ ਜਾਂ ਕਹਾਣੀਆਂ ਹੁੰਦੀਆਂ ਸਨ, ਜੋ ਇਸ ਨੂੰ ਦੇਖ ਜਾਂ ਸੁਣ ਰਹੇ ਹੁੰਦੇ ਸਨ। ਇਸ ਦੌਰ ਦੇ ਗੀਤਕਾਰ ਵੀ ਇਨ੍ਹਾਂ ਰਮਜ਼ਾਂ ਨੂੰ ਪਛਾਨਣ ਵਾਲੇ, ਇਨ੍ਹਾਂ ਲੋਕਾਂ ਦੇ ਵਿੱਚੋਂ ਹੀ ਹੁੰਦੇ ਸਨ। ਬਾਬੂ ਸਿੰਘ ਮਾਨ, ਚਤਰ ਸਿੰਘ ਪਰਵਾਨਾ, ਇੰਦਰਜੀਤ ਹਸਨਪੁਰੀ, ਗੁਰਦੇਵ ਸਿੰਘ ਮਾਨ, ਹਰਦੇਵ ਦਿਲਗੀਰ ਥਰੀਕੇ ਵਾਲਾ ਆਦਿ ਗੀਤਕਾਰ ਇਨ੍ਹਾਂ ਲੋਕਾਂ ਦੀਆਂ ਪੀੜਾਂ ਤੇ ਚਸਕਾਂ ਨੂੰ ਜਾਣਦੇ ਪਛਾਣਦੇ ਸਨ। ਫਿਰ ਟੈਲੀਵਿਜ਼ਨ ਯੁੱਗ ਦੇ ਆ ਜਾਣ ਕਰਕੇ ਲੋਕਾਂ ਦਾ ਮਨੋਰੰਜਨ ਅਖਾੜਿਆਂ ਤੋਂ ਤਿਲ੍ਹਕ ਕੇ ਟੈਲੀਵਿਜ਼ਨ 'ਤੇ ਕੇਂਦਰਿਤ ਹੋ ਗਿਆ। ਟੈਲੀਵਿਜ਼ਨ ਦੇ ਦੌਰ ਜ਼ਰੀਏ ਸੋਲੋ ਗਾਇਕੀ ਕਾਫ਼ੀ ਵਧੀ-ਫੁੱਲੀ। ਸੋਲੋ-ਗਾਇਕੀ ਦੀ ਪੇਸ਼ਕਾਰੀ ਅਤੇ ਗੀਤਕਾਰੀ ਨੇ ਕਈ ਨਵੇਂ ਮੀਲ ਪੱਥਰ ਅਜਿਹੇ ਗੱਡੇ ਕਿ ਉਹ ਨਵੇਂ ਦੌਰ ਦੇ ਝੰਡਾ-ਬਰਦਾਰ ਬਣ ਗਏ। ਇਸ ਨਵੇਂ ਯੁੱਗ ਦੀ ਗੀਤਕਾਰੀ ਵਿੱਚ ਭਾਵੇਂ ਪੁਰਾਣੇ ਗੀਤਕਾਰ (ਜਿਵੇਂ ਮਾਨ ਮਰਾੜ੍ਹਾਂ ਵਾਲਾ, ਦੇਵ ਥਰੀਕੇ ਵਾਲਾ) ਵੀ ਆਪਣਾ ਤਿਲ-ਫੁੱਲ ਪਾਉਂਦੇ ਰਹੇ, ਪ੍ਰੰਤੂ ਸ਼ਮਸ਼ੇਰ ਸੰਧੂ, ਬਚਨ ਬੇਦਿਲ, ਅਮਰਦੀਪ ਗਿੱਲ, ਗੁਣਾਚੌਰੀਆ, ਗੁਰਦਾਸ ਮਾਨ ਆਦਿ ਦੀ ਕਲਮ ਨੇ ਇਸ ਨੂੰ ਨਵੇਂ ਦੌਰ ਵਿੱਚ ਪੇਸ਼ ਕਰਕੇ ਨਵੀਂ ਪਰੰਪਰਾ ਦੀ ਸ਼ੁਰੂਆਤ ਕੀਤੀ। ਇਹ ਤਬਦੀਲੀ ਟੈਲੀਵਿਜ਼ਨ ਦੀ ਹੋਂਦ ਕਰਕੇ ਆਈ। ਸਿੱਟੇ ਵਜੋਂ ਹਰਭਜਨ ਮਾਨ, ਸੁਰਜੀਤ ਬਿੰਦਰੱਖੀਆ, ਦੇਬੀ ਮਖਸੂਸਪੁਰੀ, ਬਲਕਾਰ ਸਿੱਧੂ, ਹੰਸ ਰਾਜ ਹੰਸ, ਸਰਦੂਲ ਸਿਕੰਦਰ, ਇੰਦਰਜੀਤ ਨਿੱਕੂ, ਰਵਿੰਦਰ ਗਰੇਵਾਲ, ਹਰਿੰਦਰ ਸੰਧੂ, ਅੰਮ੍ਰਿਤਾ ਵਿਰਕ, ਮਨਪ੍ਰੀਤ ਅਖ਼ਤਰ, ਸਾਬਰਕੋਟੀ, ਪਾਲੀ ਦੇਤਵਾਲੀਆ ਆਦਿ ਕਲਾਕਾਰਾਂ ਨੇ ਸੋਲੋ ਗਾਇਕੀ ਵਿੱਚ ਨਵੀਆਂ ਪਿਰਤਾਂ ਪਾਈਆਂ।

ਸਿੱਕੇ ਦੇ ਦੂਜੇ ਪਾਸੇ ਦੇਖੀਏ ਤਾਂ ਟੀ.ਵੀ. ਨੇ ਅਖਾੜਿਆਂ ਦੇ ਰਸ ਨੂੰ ਵਿਸਾਰ ਕੇ ਇਸ ਨੂੰ ਸੁਣਨ ਦੀ ਬਜਾਏ ਦੇਖਣ ਜਾਂ ਨੱਚਣ ਦੀ ਕਲਾ ਬਣਾ ਦਿੱਤਾ। ਜਿਸ ਕਰਕੇ ਗੀਤਕਾਰ ਦੀ ਬੌਧਿਕ-ਸ਼ੈਲੀ ਦੀ ਥਾਂ ਹਲਕੀ-ਫੁਲਕੀ ਗੀਤਕਾਰੀ ਵੀ ਇਸ ਵਿੱਚ ਸ਼ਾਮਲ ਹੋ ਗਈ। ਇਨ੍ਹਾਂ ਵਿੱਚੋਂ ਕੁਝ ਗੀਤਾਂ ਦੇ ਕੋਈ ਸ਼ਾਬਦਿਕ ਅਰਥ ਨਹੀਂ ਹਨ, ਪਰ ਨੱਚਣ ਟੱਪਣ ਕਰਕੇ ਚਰਚਿਤ ਹੋ ਗਏ। ਫਿਰ ਕੰਪਿਊਟਰ ਯੁੱਗ ਨੇ ਚੰਗੇ ਸੰਗੀਤਕਾਰਾਂ ਦੀਆਂ ਉਂਗਲਾਂ ਵੀ ਬੰਨ੍ਹ ਦਿੱਤੀਆਂ। ਇਸ ਤਰ੍ਹਾਂ ਇਸ ਸਮੇਂ ਗਧੇ-ਘੋੜੇ ਦਾ ਇੱਕੋ ਮੁੱਲ ਹੋ ਗਿਆ। ਕੰਪਿਊਟਰ ਜ਼ਰੀਏ ਕਈ ਨਵੇਂ ਕਲਾਕਾਰ ਵੀ ਰਾਤੋ-ਰਾਤ ਸਟਾਰ ਬਣਦੇ ਦੇਖੇ ਗਏ। ਮੋਬਾਈਲ ਯੁੱਗ ਅਤੇ ਇੰਟਰਨੈੱਟ ਨੇ ਦੁਨੀਆ ਨੂੰ ਗਲੋਬਲ ਪਿੰਡ ਬਣਾ ਦਿੱਤਾ। ਜੋ ਮਰਦ ਕਦੇ ਅਖਾੜੇ ਰਾਹੀਂ ਔਰਤ ਦੇ ਨਵੇਂ ਅੰਦਾਜ਼ ਨੂੰ ਦੇਖਣ ਲਈ ਜਾਂਦੇ ਸਨ, ਉਹ ਹੁਣ ਇੰਟਰਨੈੱਟ ਨੇ ਪੂਰੀ ਕਰ ਦਿੱਤੀ। ਨਵੀਂ ਪੀੜ੍ਹੀ ਦਾ ਰੁਝਾਨ ਹਲਕੇ-ਫੁਲਕੇ ਨੱਚਣ-ਟੱਪਣ ਵਾਲੇ ਗੀਤਾਂ ਵੱਲ ਹੋ ਗਿਆ।

ਪੇਂਡੂ ਜੁਆਨੀ ਉੱਪਰ ਸ਼ਹਿਰੀ ਪੋਚ ਚੜ੍ਹਨੀ ਸ਼ੁਰੂ ਹੋ ਗਈ। ਅਖਾੜਾ-ਸ਼ੈਲੀ ਦਾ ਧਰਾਤਲ ਪੇਂਡੂ ਲਹਿਜਾ ਹੈ ਜਦੋਂ ਕਿ ਨਵੀਂ ਪੀੜ੍ਹੀ ਦੇ ਚੇਤਿਆਂ ਵਿੱਚ ਸ਼ਹਿਰੀ-ਟੱਚ ਵਾਸ ਕਰ ਰਿਹਾ ਹੈ। ਇਸ ਕਰਕੇ ਬੌਧਿਕਤਾ ਵਾਲੀ ਗੀਤਕਾਰੀ ਵੀ ਉਨ੍ਹਾਂ ਦੀ ਸਮਝ ਤੋਂ ਬਾਹਰ ਹੁੰਦੀ ਜਾ ਰਹੀ ਹੈ।

ਚੰਨ ਹੋ ਬਦਲੀ ਦੇ ਓਹਲੇ, ਕੰਨੀਆਂ ਨੂੰ ਇੰਝ ਰੁਸ਼ਨਾਵੇ
ਕੋਈ ਗੋਟੇ ਵਾਲੀ ਚੁੰਨੀ ਅੰਬਰ ਤੇ ਸੁੱਟ ਸੁਕਾਵੇ
**
ਮੈਨੂੰ ਪਤੈ ਕਾਹਤੋਂ 'ਮਾਨ' ਮੇਰੇ ਕੋਲ ਨਾ ਖਲੋਵੇ।
ਉਹਦੇ ਲਾਜਵਰ ਲਾ-ਲਾ ਕਾਹਤੋਂ ਸੱਸ ਲੀੜੇ ਧੋਵੇ।

ਉਪਰੋਕਤ ਅਰਥ-ਭਰਪੂਰ ਸ਼ੈਲੀ ਨਵੀਂ ਪੀੜ੍ਹੀ ਦੀ ਸਮਝ ਤੋਂ ਦੂਰ ਹੋ ਗਈ। ਆਧੁਨਿਕ ਪੀੜ੍ਹੀ ਦੀ ਚੇਤੰਨਤਾ ਸ਼ਾਬਦਿਕ-ਰਸ ਤੋਂ ਖਿਸਕ ਕੇ ਪੈਰਾਂ ਦੀ ਤਾਲ ਤੇ ਲੱਕ ਦੇ ਹੁਲਾਰਿਆਂ ਵਿੱਚ ਗੁਆਚ ਗਈ।

(**ਬਾਕੀ ਸਫ਼ਾ** 27 'ਤੇ)

## ਕਿਰਦਾਰਾਂ 'ਚ ਵੱਖਰੇ ਰੰਗ ਭਰਨ ਵਾਲਾ

# ਬੀ.ਐਨ. ਸ਼ਰਮਾ

**ਰਜਨੀ ਭਗਾਣੀਆ**



ਬੀ.ਐੱਨ. ਸ਼ਰਮਾ ਉਰਫ਼ ਬਦਰੀ ਨਾਥ ਸ਼ਰਮਾ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਸ ਨੇ ਪੰਜਾਬੀ ਸਿਨੇਮਾ ਵਿੱਚ ਆਪਣੀ ਖ਼ੂਬਸੂਰਤ ਅਦਾਕਾਰੀ ਨਾਲ ਉਮਦਾ ਮੁਕਾਮ ਹਾਸਲ ਕੀਤਾ ਹੈ। ਕਾਮੇਡੀ, ਨਕਾਰਾਤਮਕ ਤੇ ਸਕਾਰਾਤਮਕ ਕਿਰਦਾਰਾਂ ਨਾਲ ਜਾਣੇ ਜਾਂਦੇ ਬੀ.ਐੱਨ. ਸ਼ਰਮਾ ਦਾ ਪਿਛੋਕੜ ਪਿੰਡ ਭਰਤਗੜ੍ਹ, ਜ਼ਿਲ੍ਹਾ ਰੋਪੜ ਦਾ ਹੈ। ਉਸ ਦਾ ਜਨਮ 23 ਅਗਸਤ 1965 ਨੂੰ ਦਿੱਲੀ ਵਿੱਚ ਹੋਇਆ ਸੀ। ਉਸ ਦੇ ਪਿਤਾ ਦੀ ਨੌਕਰੀ ਕਾਰਨ ਉਨ੍ਹਾਂ ਦਾ ਪਰਿਵਾਰ ਦਿੱਲੀ ਜਾ ਵੱਸਿਆ ਸੀ।

ਉਸ ਨੂੰ ਬਚਪਨ ਤੋਂ ਹੀ ਅਦਾਕਾਰੀ ਦਾ ਸ਼ੌਕ ਰਿਹਾ ਹੈ ਪਰ ਉਸ ਦਾ ਪਰਿਵਾਰ ਇਸ ਦੇ ਖ਼ਿਲਾਫ਼ ਸੀ। ਉਸ ਦੇ ਪਿਤਾ ਉਸ ਨੂੰ ਇੰਜੀਨੀਅਰ ਬਣਾਉਣਾ ਚਾਹੁੰਦੇ ਸਨ ਪਰ ਉਸ ਦਾ ਰੁਝਾਨ ਅਦਾਕਾਰੀ ਵੱਲ ਹੀ ਰਿਹਾ। ਇਸੇ ਤਰ੍ਹਾਂ ਜਦੋਂ ਉਹ ਸਕੂਲ ਵਿੱਚ ਪੜ੍ਹਦਾ ਸੀ ਤਾਂ ਉਸ ਨੇ ਆਪਣੇ ਜੀਵਨ ਦਾ ਪਹਿਲਾ ਨਾਟਕ 'ਲਵ ਕੁਸ਼' ਖੇਡਿਆ। ਸਕੂਲ ਵੱਲੋਂ ਕਰਵਾਏ ਇਸ ਨਾਟਕ ਵਿੱਚ ਉਸ ਨੂੰ ਪੁਰਸਕਾਰ ਵੀ ਮਿਲਿਆ। ਫਿਰ ਉਹ ਇਸੇ ਤਰ੍ਹਾਂ ਨਾਟਕ ਖੇਡਣ ਲੱਗਿਆ ਜਿਸ ਕਾਰਨ ਉਸ ਨੂੰ ਪਿਤਾ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈਂਦਾ ਸੀ। ਜਵਾਨ ਹੁੰਦਿਆਂ ਅਦਾਕਾਰੀ ਦਾ ਸ਼ੌਕ ਹੋਰ ਗਹਿਰਾ ਹੋਣ ਲੱਗਾ ਤੇ 1972 ਵਿੱਚ ਉਸ ਨੇ ਘਰ ਛੱਡ ਦਿੱਤਾ ਤੇ ਚੰਡੀਗੜ੍ਹ ਆਪਣੇ ਮਾਮੇ ਕੋਲ ਆ ਗਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੜ੍ਹਾਈ ਦੇ ਨਾਲ ਥੀਏਟਰ ਵੀ ਕੀਤਾ ਜਿੱਥੇ ਉਸ ਨੇ ਬਿਹਤਰੀਨ ਅਦਾਕਾਰ ਦਾ ਐਵਾਰਡ ਵੀ ਹਾਸਲ ਕੀਤਾ।

ਇਸ ਤੋਂ ਬਾਅਦ ਉਹ ਪੁਲਿਸ ਮਹਿਕਮੇ ਵਿੱਚ ਬਤੌਰ ਵਾਇਰਲੈੱਸ ਅਪਰੇਟਰ ਭਾਰਤੀ ਹੋਇਆ। ਘਰਦਿਆਂ ਦੇ ਕਹਿਣ 'ਤੇ ਉਹ ਪੁਲਿਸ ਵਿਭਾਗ ਵਿੱਚ ਨੌਕਰੀ ਤਾਂ ਕਰ ਰਿਹਾ ਸੀ ਪਰ ਅਦਾਕਾਰੀ ਦਾ ਜਨੂੰਨ ਅਜੇ ਵੀ ਉਸ ਨੂੰ ਆਪਣੇ ਵੱਲ ਖਿੱਚ ਰਿਹਾ ਸੀ। ਇਸੇ ਦੌਰਾਨ ਦਿੱਲੀ ਵਿੱਚ 'ਹਾਜ਼ੀ ਪੀਰ ਕੀ ਮਜ਼ਾਰ' ਨਾਟਕ ਵੀ ਖੇਡਿਆ ਜਿਸ ਵਿੱਚ ਸ਼ਰਮਾ ਦੀ ਅਦਾਕਾਰੀ ਨੂੰ ਬਹੁਤ ਪਸੰਦ ਕੀਤਾ ਗਿਆ ਤੇ ਉਸ ਨੂੰ ਗੋਲਡ ਮੈਡਲ ਵੀ ਮਿਲਿਆ। ਇਸ ਤੋਂ ਮਿਲੀ ਹੌਸਲਾ-ਅਫਜ਼ਾਈ ਨਾਲ ਉਹ ਅੱਗੇ ਵਧਿਆ ਤੇ ਪਹਿਲੀ ਵਾਰ 1985 ਵਿੱਚ ਜਲੰਧਰ ਦੂਰਦਰਸ਼ਨ ਦੇ ਲੜੀਵਾਰ 'ਜੇਬ ਕਤਰੇ' ਵਿੱਚ ਨਕਾਰਾਤਮਕ ਕਿਰਦਾਰ ਨਾਲ ਪੇਸ਼ੇਵਰ ਅਦਾਕਾਰੀ ਦੀ ਸ਼ੁਰੂਆਤ ਕੀਤੀ। ਇਸ ਨਾਲ ਉਸ ਨੂੰ ਅਦਾਕਾਰੀ ਦੇ ਹੋਰ ਮੌਕੇ ਮਿਲਣੇ ਸ਼ੁਰੂ ਹੋ ਗਏ। ਉਸ ਤੋਂ ਬਾਅਦ ਜਸਪਾਲ ਭੱਟੀ ਨਾਲ 'ਉਲਟਾ ਪੁਲਟਾ' ਤੇ 'ਫੁੱਲ ਟੈਨਸ਼ਨ' ਸ਼ੋਅ ਵਿੱਚ ਕੰਮ ਕੀਤਾ। ਉਸ ਨੇ ਆਪਣੇ ਫਿਲਮੀ ਸਫ਼ਰ ਦਾ ਆਗਾਜ਼ 'ਵਿਸਾਖੀ' (1987) ਫਿਲਮ ਤੋਂ ਕੀਤਾ। ਇਸ ਤੋਂ ਬਾਅਦ ਚੱਲ ਸੋ ਚੱਲ। ਉਸ ਨੇ ਪੰਜਾਬੀ ਤੋਂ ਇਲਾਵਾ ਹਿੰਦੀ ਫਿਲਮਾਂ 'ਗ਼ਦਰ', 'ਅਬ ਤੁਮ੍ਹਾਰੇ ਹਵਾਲੇ ਵਤਨ ਸਾਥੀਓ' ਅਤੇ 'ਲੇਡੀ ਡਕੈਤ' ਵਿੱਚ ਵੀ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ ਹਨ। ਉਸ ਨੇ ਪੁਲਿਸ ਮਹਿਕਮੇ ਦੀ ਨੌਕਰੀ ਦੌਰਾਨ ਹੀ 45 ਦੇ ਕਰੀਬ ਫਿਲਮਾਂ ਕੀਤੀਆਂ ਅਤੇ ਉਸ ਨੂੰ ਮਹਿਕਮੇ ਦਾ ਪੂਰਾ ਸਹਿਯੋਗ ਵੀ ਮਿਲਦਾ ਰਿਹਾ।





ਉਸ ਦੀ ਅਦਾਕਾਰੀ ਨਾਲ ਸਜੀਆਂ ਕੁਝ ਅਹਿਮ ਫਿਲਮਾਂ ਹਨ 'ਮਾਹੌਲ ਠੀਕ ਹੈ', 'ਜੱਟ ਐਂਡ ਜੂਲੀਅਟ', 'ਕੈਰੀ ਆਨ ਜੱਟਾ', 'ਜੱਟ ਐਂਡ ਜੂਲੀਅਟ 2', 'ਮੰਜੇ ਬਿਸਤਰੇ', 'ਊੜਾ ਐੜਾ', 'ਅਰਦਾਸ', 'ਅੜਬ ਮੁਟਿਆਰਾਂ', 'ਰੱਬ ਦਾ ਰੇਡੀਓ', 'ਕੈਰੀ ਆਨ ਜੱਟਾ 3' ਅਤੇ 'ਮੁਕਲਾਵਾ' ਆਦਿ। ਬੀ.ਐੱਨ. ਸ਼ਰਮਾ ਨੂੰ ਆਪਣੀ ਵਧੀਆ ਅਦਾਕਾਰੀ ਲਈ ਬਹੁਤ ਸਾਰੇ ਮਾਣ-ਸਨਮਾਨ ਵੀ ਪ੍ਰਾਪਤ ਹੋਏ, ਜਿਨ੍ਹਾਂ ਵਿੱਚ 'ਪੀ.ਟੀ.ਸੀ. ਪੰਜਾਬੀ' ਫਿਲਮ ਐਵਾਰਡ ਵਿੱਚ ਸਰਵੋਤਮ ਅਦਾਕਾਰ ਦਾ ਐਵਾਰਡ ਸ਼ਾਮਲ ਹੈ। 90 ਦੇ ਕਰੀਬ ਫਿਲਮਾਂ ਵਿੱਚ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਦਿਲ ਜਿੱਤਣ ਵਾਲੇ ਇਸ ਅਦਾਕਾਰ ਦੀਆਂ ਜਲਦੀ ਹੀ ਹੋਰ ਫਿਲਮਾਂ ਵੀ ਦੇਖਣ ਨੂੰ ਮਿਲਣਗੀਆਂ।

## ਕੀ ਬਿਕਰਮ ਮਜੀਠੀਆ ਦੀ ਜ਼ਮਾਨਤ 'ਚ ਭਾਜਪਾ ਤੇ

**ਰਾਧਾ ਸਵਾਮੀ ਬਾਬੇ ਦੀ ਭੂਮਿਕਾ:** ਰਾਧਾ ਸਵਾਮੀ ਸਤਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਜ਼ਮਾਨਤ ਮਿਲਣ ਤੋਂ ਇੱਕ ਦਿਨ ਪਹਿਲਾਂ ਨਾਭਾ ਜੇਲ੍ਹ ਵਿੱਚ ਮਜੀਠੀਆ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਉਨ੍ਹਾਂ ਉੱਤੇ ਲੱਗੇ ਸਾਰੇ ਦੋਸ਼ ਝੂਠੇ ਅਤੇ ਬੇਬੁਨਿਆਦ ਹਨ। ਬਾਬਾ ਨੇ ਕਿਹਾ, 'ਬਿਕਰਮ ਮੇਰਾ ਰਿਸ਼ਤੇਦਾਰ ਹੈ ਅਤੇ ਉਸ ਉਪਰ ਦੋਸ਼ ਗਲਤ ਹਨ।' ਇਹ ਮੁਲਾਕਾਤ ਬਾਬੇ ਦੀ ਮਜੀਠੀਆ ਨਾਲ ਦੂਜੀ ਮੁਲਾਕਾਤ ਸੀ ਅਤੇ ਇਸ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਬਾਬਾ ਢਿੱਲੋਂ ਲੱਖਾਂ ਪੈਰੋਕਾਰਾਂ ਦੇ ਆਗੂ ਹਨ ਅਤੇ ਪੰਜਾਬ ਵਿੱਚ ਡੇਰੇ ਦੀ ਵੋਟ ਬੈਂਕ ਬਹੁਤ ਮਜ਼ਬੂਤ ਹੈ, ਖਾਸ ਕਰ ਮਾਝੇ ਅਤੇ ਮਾਲਵੇ ਵਿੱਚ। ਇਹ ਮੁਲਾਕਾਤ ਜ਼ਮਾਨਤ ਵਿੱਚ ਭੂਮਿਕਾ ਵਜੋਂ ਵੇਖੀ ਜਾ ਰਹੀ ਹੈ, ਕਿਉਂਕਿ ਇਸ ਤੋਂ ਬਾਅਦ ਹੀ ਅਦਾਲਤ ਨੇ ਜ਼ਮਾਨਤ ਦਿੱਤੀ ਹੈ। ਹਾਲਾਂ ਕਿ ਬਾਬੇ ਨੇ ਇਸ ਨੂੰ ਨਿੱਜੀ ਰਿਸ਼ਤੇਦਾਰੀ ਦੱਸਿਆ ਹੈ, ਪਰ ਆਪ ਨੇ ਇਸ ਉੱਤੇ ਇਤਰਾਜ਼ ਜਤਾਇਆ ਹੈ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ, 'ਜ਼ਮਾਨਤ ਮਿਲਣ ਨਾਲ ਉਹ ਮੁਕਤ ਨਹੀਂ ਹੋ ਗਏ, ਅਸੀਂ ਰੀਵਿਊ ਪਟੀਸ਼ਨ ਪਾਵਾਂਗੇ ਅਤੇ ਟ੍ਰਾਇਲ ਵਿੱਚ ਸਜ਼ਾ ਮਿਲੇਗੀ।' ਮੁੱਖ ਮੰਤਰੀ ਮਾਨ ਨੇ ਟਵੀਟ ਕਰ ਕੇ ਤਨਜ਼ ਕੱਸਿਆ ਕਿ 'ਅਦਾਲਤਾਂ ਦਾ ਰੱਬ ਰਾਖਾ, ਜਿੱਥੇ ਮੁਲਾਕਾਤੀ ਹੀ ਜੱਜ ਬਣ ਜਾਣ।'

ਸਿਆਸੀ ਵਿਸ਼ਲੇਸ਼ਕਾਂ ਅਨੁਸਾਰ, ਡੇਰਾ ਬਿਆਸ,ਭਾਜਪਾ- ਅਕਾਲੀ ਗੱਠਜੋੜ 'ਆਪ' ਲਈ ਨੁਕਸਾਨਦੇਹ ਹੋ ਸਕਦਾ ਹੈ, ਖਾਸ ਕਰ ਅਗਲੀਆਂ ਚੋਣਾਂ ਵਿੱਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਡੇਰਾ ਬਿਆਸ ਦਾ ਦੌਰਾ ਕਰ ਚੁੱਕੇ ਹਨ ਅਤੇ ਆਰਐੱਸਐੱਸ ਮੁਖੀ ਮੋਹਨ ਭਾਗਵਤ ਨਾਲ ਬਾਬੇ ਦੀਆਂ ਮੁਲਾਕਾਤਾਂ ਹੋਈਆਂ ਸਨ, ਜੋ ਭਾਜਪਾ ਨਾਲ ਨੇੜਤਾ ਨੂੰ ਦਰਸਾਉਂਦੀਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜਗਰੂਪ ਸਿੰਘ ਸੇਖੋਂ ਨੇ ਕਿਹਾ ਕਿ ਡੇਰਾ ਬਿਆਸ ਕਾਫੀ ਤਾਕਤ ਰੱਖਦਾ ਹੈ ਅਤੇ ਇਹ 'ਕਿੰਗ ਮੇਕਰ' ਵਜੋਂ ਕੰਮ ਕਰ ਸਕਦਾ ਹੈ।

'ਆਪ' ਨੂੰ ਰਾਜਨੀਤਿਕ ਝਟਕਾ:

'ਆਪ' ਨੂੰ ਇਸ ਘਟਨਾ ਨਾਲ ਵੱਡਾ ਝਟਕਾ ਲੱਗਿਆ ਹੈ ਕਿਉਂਕਿ ਮਜੀਠੀਆ 'ਆਪ' ਦੇ ਵੱਡੇ ਵਿਰੋਧੀ ਹਨ। ਆਪ ਨੇ 2022 ਵਿੱਚ ਨਸ਼ੀਲੇ ਪਦਾਰਥਾਂ ਵਿਰੁੱਧ ਮੁਹਿੰਮ ਚਲਾ ਕੇ ਸੱਤਾ ਹਾਸਲ ਕੀਤੀ ਸੀ ਅਤੇ ਮਜੀਠੀਆ ਨੂੰ ਨਿਸ਼ਾਨਾ ਬਣਾਇਆ ਸੀ। ਹੁਣ ਉਨ੍ਹਾਂ ਦੀ ਰਿਹਾਈ ਨਾਲ 'ਆਪ' ਦੀ ਮੁਹਿੰਮ ਨੂੰ ਝਟਕਾ ਲੱਗਾ ਹੈ। 'ਆਪ' ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਜ਼ਮਾਨਤ ਨੂੰ ਦੋਸ਼-ਮੁਕਤੀ ਵਜੋਂ ਨਹੀਂ ਵੇਖਣਾ ਚਾਹੀਦਾ ਅਤੇ ਕੇਸ ਬਰਕਰਾਰ ਹੈ। 'ਆਪ' ਮੀਡੀਆ ਇਨਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਮਜੀਠੀਆ ਨੂੰ ਅਕਾਲੀ ਲੀਡਰਸ਼ਿਪ ਨੇ ਇਕੱਲਾ ਛੱਡ ਦਿੱਤਾ ਹੈ।

**ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ:**

ਮਜੀਠਿਆ ਦੀ ਰਿਹਾਈ ਨਾਲ ਪੰਜਾਬ ਦੀ ਸਿਆਸਤ 'ਆਪ' ਵਿਰੁੱਧ ਅਕਾਲੀ-ਭਾਜਪਾ ਗਠਜੋੜ ਵੱਲ ਜਾ ਰਹੀ ਹੈ। ਮਜੀਠੀਆ ਨੂੰ ਅਕਾਲੀ ਵਿੱਚ ਤਬਦੀਲੀ ਲਿਆਉਣ ਵਾਲਾ ਮੰਨਿਆ ਜਾ ਰਿਹਾ ਹੈ। ਅਕਾਲੀ ਦਲ ਬਾਦਲ ਨੇ ਇਸ ਨੂੰ ਸੱਚਾਈ ਦੀ ਜਿੱਤ ਦੱਸਿਆ ਹੈ। ਅਗਲੀਆਂ ਚੋਣਾਂ ਵਿੱਚ ਡੇਰੇ ਦੀ ਵੋਟ ਅਹਿਮ ਹੋਵੇਗੀ। ਡਾਕਟਰ ਪਰਮਜੀਤ ਸਿੰਘ ਨੇ ਕਿਹਾ ਕਿ ਮਜੀਠੀਆ ਦੀ ਵਾਪਸੀ ਨਾਲ ਅਕਾਲੀ ਨੂੰ ਬੂਸਟ ਮਿਲੇਗਾ ਅਤੇ ਭਾਜਪਾ ਪੰਜਾਬ ਵਿੱਚ ਵਧੇਗੀ। ਉਨ੍ਹਾਂ ਨੇ ਡੇਰਾ ਮੁਖੀ ਦੇ ਦਖਲ ਉੱਤੇ ਚਿੰਤਾ ਜਤਾਈ ਕਿ ਇਹ ਜਮਹੂਰੀਅਤ ਲਈ ਚੰਗਾ ਨਹੀਂ ਹੈ। ਡਾਕਟਰ ਖੁਸ਼ਹਾਲ ਸਿੰਘ ਨੇ ਇਸ ਨੂੰ ਆਪ ਦੀ ਨਾਕਾਮੀ ਵਜੋਂ ਵੇਖਿਆ। ਗੁਰੂ ਨਾਨਕ ਯੂਨੀਵਰਸਿਟੀ ਦੇ ਪ੍ਰੋਫੈਸਰ ਪਰਮਜੀਤ ਸਿੰਘ ਨੇ ਕਿਹਾ ਕਿ ਗੁਰਿੰਦਰ ਢਿੱਲੋਂ ਸਿਆਸਤ ਵਿੱਚ ਆ ਸਕਦੇ ਹਨ ਪਰ ਡੇਰੇ ਦਾ ਪ੍ਰਭਾਵ ਸੀਮਤ ਹੈ।

ਇਸ ਘਟਨਾ ਨੇ ਪੰਜਾਬ ਵਿੱਚ ਵਿਸ਼ਲੇਸ਼ਣ ਨੂੰ ਗਰਮਾ ਦਿੱਤਾ ਹੈ। ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਡੇਰਾ ਮੁਖੀ ਦੇ ਸਮਰਥਨ ਅਤੇ ਜ਼ਮਾਨਤ ਦਾ ਇੱਕੋ ਦਿਨ ਹੋਣਾ ਨਿੱਜੀ ਅਤੇ ਸਿਆਸੀ ਨੈੱਕਸ ਨੂੰ ਉਜਾਗਰ ਕਰਦਾ ਹੈ। ਇਸ ਤਰ੍ਹਾਂ, ਮਜੀਠੀਆ ਦੀ ਰਿਹਾਈ ਨਾਲ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨ ਬਣ ਰਹੇ ਹਨ। ਅਕਾਲੀ ਦਲ ਵਿੱਚ ਤਬਦੀਲੀ ਆਉਣ ਦੀ ਸੰਭਾਵਨਾ ਹੈ ਅਤੇ ਆਪ ਨੂੰ ਰੱਖਿਆਤਮਕ ਰੁੱਖ ਅਪਣਾਉਣਾ ਪਵੇਗਾ। ਭਾਜਪਾ ਅਤੇ ਡੇਰੇ ਦੀ ਭੂਮਿਕਾ ਨੇ ਰਾਜਨੀਤੀ ਵਿੱਚ ਆਪਣਾ ਸਿੱਕਾ ਜਮਾਇਆ ਹੈ, ਜੋ ਅਗਲੀਆਂ ਚੋਣਾਂ ਨੂੰ ਪ੍ਰਭਾਵਿਤ ਕਰੇਗਾ।

ਡੇਰਾ ਰਾਧਾ ਸੁਆਮੀ ਬਿਆਸ ਪੰਜਾਬ ਵਿੱਚ ਬਹੁਤ ਵੱਡੀ ਫਾਲੋਇੰਗ ਵਾਲਾ ਹੈ ਅਤੇ ਚੋਣਾਂ ਵਿੱਚ ਇਸ ਦਾ ਪ੍ਰਭਾਵ ਪੈਂਦਾ ਹੈ। ਪਹਿਲੇ ਡੇਰਾ ਮੁਖੀ ਸਥਾਨਕ ਰਾਜਨੀਤੀ ਵਿੱਚ ਘੱਟ ਦਖਲ ਦਿੰਦੇ ਸਨ, ਪਰ ਗੁਰਿੰਦਰ ਢਿੱਲੋਂ ਨੇ ਹਾਲ ਹੀ ਵਿੱਚ ਵੱਧ ਜਨਤਕ ਰੂਪ ਵਿੱਚ ਦਿਖਾਈ ਦੇਣਾ ਸ਼ੁਰੂ ਕੀਤਾ ਹੈ।

***

## ਪ੍ਰਧਾਨ ਮੰਤਰੀ ਮੋਦੀ ਦੇ ਡੇਰਾ ਸਚਖੰਡ ਬੱਲਾਂ ਦੌਰੇ

ਬੀਜੇਪੀ ਦੇ ਇੱਕ ਸੀਨੀਅਰ ਲੀਡਰ ਨੇ ਕਿਹਾ ਕਿ ਬੀਜੇਪੀ ਨੂੰ ਅਜੇ ਬਹੁਤ ਮਿਹਨਤ ਕਰਨੀ ਪਵੇਗੀ। ਪਰ ਮਜ਼ਹਬੀ ਸਿੱਖ ਬੀਜੇਪੀ ਵੱਲ ਆ ਰਹੇ ਹਨ। ਡੇਰਾ ਬੱਲਾਂ ਦਾ ਪ੍ਰਭਾਵ ਦੋਆਬਾ ਵਿੱਚ ਜ਼ਿਆਦਾ ਹੈ ਜਿੱਥੇ ਦਲਿਤਾਂ ਦੀ ਗਿਣਤੀ 37 ਪ੍ਰਤੀਸ਼ਤ ਹੈ ਅਤੇ ਉਨ੍ਹਾਂ ਵਿੱਚੋਂ 61 ਪ੍ਰਤੀਸ਼ਤ ਰਵਿਦਾਸੀਆ ਹਨ। ਡੇਰੇ ਨੇ ਕਦੇ ਵੀ ਖੁੱਲ੍ਹ ਕੇ ਕਿਸੇ ਪਾਰਟੀ ਨੂੰ ਸਮਰਥਨ ਨਹੀਂ ਦਿੱਤਾ ਪਰ ਇਥੇ ਨੇਤਾ ਅਕਸਰ ਆਉਂਦੇ ਰਹਿੰਦੇ ਹਨ। ਬੀਜੇਪੀ ਨੇ ਅਕਾਲੀ ਦਲ ਨਾਲ ਗਠਜੋੜ ਟੁੱਟਣ ਬਾਅਦ ਆਪਣਾ ਆਧਾਰ ਪੰਜਾਬ ਵਿੱਚ ਵਧਾਉਣਾ ਸ਼ੁਰੂ ਕੀਤਾ ਹੋਇਆ ਹੈ।

ਯਾਦ ਰਹੇ ਕਿ ਡੇਰੇ ਨੇ 2010 ਵਿੱਚ ਵਾਰਾਣਸੀ ਵਿੱਚ ਨਵਾਂ ਧਰਮ ਐਲਾਨ ਕੀਤਾ ਸੀ ਅਤੇ 2020 ਵਿੱਚ ਜਨਗਣਨਾ ਵਿੱਚ ਸ਼ਾਮਲ ਕਰਨ ਲਈ ਚਿੱਠੀ ਲਿਖੀ ਸੀ।

ਇਸ ਦੌਰੇ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬੀਜੇਪੀ ਪ੍ਰਧਾਨ ਸੁਨੀਲ ਜਾਖੜ,ਅਵਿਨਾਸ਼ ਚੰਦਰ ਵੀ ਮੌਜੂਦ ਸਨ। ਰਾਜਨੀਤਿਕ ਮਾਹਿਰਾਂ ਅਨੁਸਾਰ ਬੀਜੇਪੀ ਪੰਜਾਬ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਗੈਰ-ਜੱਟ ਵੋਟਾਂ 'ਤੇ ਫੋਕਸ ਕਰ ਰਹੀ ਹੈ, ਜਿਵੇਂ ਹਰਿਆਣਾ ਵਿੱਚ ਕੀਤਾ ਗਿਆ ਸੀ। ਹਰਿਆਣਾ ਵਿੱਚ ਬੀਜੇਪੀ ਨੇ ਗੈਰ-ਜੱਟ ਵੋਟਾਂ ਨੂੰ ਇਕਜੁੱਟ ਕਰਕੇ ਸੱਤਾ ਹਾਸਲ ਕੀਤੀ ਸੀ। ਉੱਥੇ ਜੱਟ ਵੋਟਾਂ ਨੂੰ ਨਜ਼ਰਅੰਦਾਜ਼ ਕਰਕੇ ਓਬੀਸੀ, ਦਲਿਤ ਅਤੇ ਸ਼ਹਿਰੀ ਵੋਟਰਾਂ ਨੂੰ ਆਕਰਸ਼ਿਤ ਕੀਤਾ ਗਿਆ ਸੀ। ਪੰਜਾਬ ਵਿੱਚ ਵੀ ਬੀਜੇਪੀ ਇਸੇ ਰਣਨੀਤੀ ਨੂੰ ਅਪਣਾ ਰਹੀ ਹੈ। ਪੰਜਾਬ ਵਿੱਚ ਜੱਟ ਵੋਟਾਂ ਰਵਾਇਤੀ ਤੌਰ 'ਤੇ ਅਕਾਲੀ ਦਲ ਅਤੇ ਕਾਂਗਰਸ ਵੱਲ ਝੁਕੇ ਰਹੇ ਹਨ ਪਰ ਬੀਜੇਪੀ ਹੁਣ ਦਲਿਤ,ਹਿੰਦੂ ਅਤੇ ਗੈਰ-ਜੱਟ ਵੋਟਾਂ ਨੂੰ ਟਾਰਗੇਟ ਕਰ ਰਹੀ ਹੈ। ਇਸ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਨਵਾਂ ਮੋੜ ਆ ਸਕਦਾ ਹੈ।ਰਾਜਨੀਤਕ ਮਾਹਿਰਾਂ ਅਨੁਸਾਰ, ਬੀਜੇਪੀ ਪੰਜਾਬ ਵਿੱਚ ਗੈਰ-ਜੱਟ ਵੋਟਾਂ ਨੂੰ ਪ੍ਰਮੋਟ ਕਰ ਰਹੀ ਹੈ ਤਾਂ ਜੋ ਰਵਾਇਤੀ ਜੱਟ-ਆਧਾਰਿਤ ਸਿਆਸਤ ਨੂੰ ਚੁਣੌਤੀ ਦਿੱਤੀ ਜਾ ਸਕੇ।

ਬੀਜੇਪੀ ਦੀ ਰਣਨੀਤੀ ਕਿੰਨੀ ਕਾਮਯਾਬ ਹੋਵੇਗੀ, ਇਹ ਵੇਖਣ ਵਾਲੀ ਗੱਲ ਹੈ। ਦਲਿਤ ਵੋਟਾਂ ਸਥਾਨਕ ਮੁੱਦਿਆਂ ਅਤੇ ਉਮੀਦਵਾਰਾਂ 'ਤੇ ਨਿਰਭਰ ਕਰਦੀਆਂ ਹਨ ਤਾਂ ਜਟਿਲਤਾਵਾਂ ਵੀ ਬਹੁਤ ਹਨ। ਪੰਜਾਬ ਵਿੱਚ ਬੀਜੇਪੀ ਨੂੰ ਅਜੇ ਵੀ ਬਹੁਤ ਮਿਹਨਤ ਕਰਨੀ ਪਵੇਗੀ ਕਿਉਂਕਿ ਇੱਥੇ ਰਵਾਇਤੀ ਸਿੱਖ ਅਤੇ ਜੱਟ ਵੋਟਾਂ ਦਾ ਅਸਰ ਵੱਡਾ ਹੈ। ਪਰ ਬੀਜੇਪੀ ਦੀ ਗੈਰ-ਜੱਟ ਰਣਨੀਤੀ ਨਾਲ ਪੰਜਾਬ ਦੀ ਸਿਆਸੀ ਤਸਵੀਰ ਬਦਲ ਸਕਦੀ ਹੈ।

**ਕੀ ਸਿੱਖ ਸਿਆਸਤ ਦਾ ਆਧਾਰ ਖੁਰ ਰਿਹਾ ਹੈ ?**

ਅਕਾਲੀ ਦਲ ਦੇ ਰਾਜਨੀਤਿਕ ਨਿਘਾਰ ਕਾਰਨ ਇਹ ਗੱਲ ਸੱਚ ਹੈ ਕਿ ਪੰਜਾਬ ਵਿੱਚ ਸਿੱਖ ਸਿਆਸਤ ਦਾ ਆਧਾਰ ਕਮਜ਼ੋਰ ਹੋ ਰਿਹਾ ਹੈ। ਰਵਾਇਤੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਲੀਡਰਸ਼ਿਪ ਦੀ ਕਮੀ ਅਤੇ ਪਰਿਵਾਰਵਾਦ ਕਾਰਨ ਪਾਰਟੀ ਦਾ ਆਧਾਰ ਘਟ ਰਿਹਾ ਹੈ। ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਵੱਲੋਂ ਤਨਖ਼ਾਹੀਆ ਐਲਾਨ ਕੀਤੇ ਜਾਣ ਨਾਲ ਪਾਰਟੀ ਦੀ ਸਾਖ ਨੂੰ ਝਟਕਾ ਲੱਗਾ ਹੈ। ਪੰਜਾਬ ਵਿੱਚ ਸਿੱਖਾਂ ਦੀ ਆਬਾਦੀ ਵੀ ਘਟ ਰਹੀ ਹੈ, ਕਿਉਂਕਿ ਵਿਦੇਸ਼ਾਂ ਵੱਲ ਪ੍ਰਵਾਸ ਵਧ ਰਿਹਾ ਹੈ ਅਤੇ ਜਨਮ ਦਰ ਘੱਟ ਹੈ। 2011 ਜਨਗਣਨਾ ਅਨੁਸਾਰ ਸਿੱਖਾਂ ਦੀ ਆਬਾਦੀ 57.69 ਪ੍ਰਤੀਸ਼ਤ ਹੈ ਪਰ ਹੁਣ ਇਹ ਹੋਰ ਘਟ ਰਹੀ ਹੈ।

ਸਿੱਖ ਸਿਆਸਤ ਵਿੱਚ ਅਕਾਲੀ ਦਲ ਦਾ ਘਟਦਾ ਅਸਰ ਵੇਖਿਆ ਜਾ ਰਿਹਾ ਹੈ। ਪਹਿਲਾਂ ਅਕਾਲੀ ਦਲ ਜਟ ਸਿੱਖ ਵੋਟਾਂ 'ਤੇ ਨਿਰਭਰ ਸੀ ਪਰ ਹੁਣ ਆਪ ਅਤੇ ਕਾਂਗਰਸ ਵੀ ਇਸ ਵੋਟ ਬੈਂਕ ਵਿੱਚ ਸੰਨ੍ਹ ਲਗਾ ਰਹੀਆਂ ਹਨ। ਨਵਾਂ ਅਕਾਲੀ ਦਲ ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਬਾਦਲ ਅਕਾਲੀ ਦਲ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਅਕਾਲੀ ਦਲ ਦੀ ਫੁੱਟ ਕਾਰਨ ਆਪ ਅਤੇ ਕਾਂਗਰਸ ਨੂੰ ਫਾਇਦਾ ਹੋ ਰਿਹਾ ਹੈ। ਪਰ ਸਿੱਖ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਅਤੇ ਨਸ਼ਿਆਂ ਵਰਗੇ ਮੁੱਦੇ ਵੱਡੇ ਹਨ ਜੋ ਰਾਜਨੀਤਕ ਪਾਰਟੀਆਂ ਨੂੰ ਚੁਣੌਤੀ ਦੇ ਰਹੇ ਹਨ। ਖਾਲਿਸਤਾਨ ਵਰਗੇ ਵਿਚਾਰ ਅਜੇ ਵੀ ਕੁਝ ਲੋਕਾਂ ਵਿੱਚ ਜਿਉਂਦੇ ਹਨ ਪਰ ਕਈ ਸਿੱਖ ਇਨਸਾਫ਼, ਖੁਦਮੁਖਤਿਆਰੀ ,ਸ਼ਾਂਤੀ ਅਤੇ ਵਿਕਾਸ ਚਾਹੁੰਦੇ ਹਨ। ਪਰ ਭਾਰਤ ਸਰਕਾਰ ਪੰਜਾਬ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਧਿਆਨ ਨਹੀ ਦੇ ਰਹੀ।

ਪੰਜਾਬ ਦੀ ਰਾਜਨੀਤੀ ਵਿੱਚ ਨਵੇਂ ਵਿਚਾਰ ਅਤੇ ਰਣਨੀਤੀਆਂ ਆ ਰਹੀਆਂ ਹਨ। ਬੀਜੇਪੀ ਦੀ ਇਹ ਕੋਸ਼ਿਸ਼ ਕਿੰਨੀ ਸਫਲ ਹੁੰਦੀ ਹੈ, ਇਹ 2027 ਚੋਣਾਂ ਵਿੱਚ ਪਤਾ ਲੱਗੇਗਾ। ਪਰ ਇੱਕ ਗੱਲ ਸਾਫ ਹੈ ਕਿ ਪੰਜਾਬ ਵਿੱਚ ਰਾਜਨੀਤਕ ਬਦਲਾਅ ਆ ਰਿਹਾ ਹੈ ਅਤੇ ਗੈਰ-ਜਟ ਵੋਟਾਂ ਵੱਡਾ ਰੋਲ ਨਿਭਾਉਣਗੀਆਂ। ਸਿੱਖ ਸਿਆਸਤ ਨੂੰ ਵੀ ਨਵੇਂ ਨੇਤਾਵਾਂ ਅਤੇ ਵਿਚਾਰਾਂ ਦੀ ਲੋੜ ਹੈ ਤਾਂ ਜੋ ਇਸ ਦਾ ਆਧਾਰ ਮਜ਼ਬੂਤ ਰਹੇ।

ਜਲੰਧਰ ਵਿੱਚ ਡੇਰਾ ਸਚਖੰਡ ਬੱਲਾਂ ਅਤੇ ਕਈ ਸਕੂਲਾਂ ਨੂੰ ਬੰਬ ਧਮਕੀਆਂ ਕਿਉਂ ਮਿਲੀਆਂ ?

ਇਹ ਧਮਕੀਆਂ 31 ਜਨਵਰੀ 2026 ਨੂੰ ਮਿਲੀਆਂ ਸਨ, ਜੋ ਪੀਐੱਮ ਮੋਦੀ ਦੇ ਦੌਰੇ ਤੋਂ ਠੀਕ ਇੱਕ ਦਿਨ ਪਹਿਲਾਂ ਸਨ। ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੇ ਜਾਂਚ ਕੀਤੀ ਅਤੇ ਧਮਕੀਆਂ ਝੂਠੀਆਂ ਸਾਬਤ ਹੋਈਆਂ। ਕੋਈ ਬੰਬ ਜਾਂ ਸ਼ੱਕੀ ਵਸਤੂ ਨਹੀਂ ਮਿਲੀ। ਧਮਕੀ ਵਿੱਚ ਕਿਹਾ ਗਿਆ ਸੀ ਕਿ ਜਲੰਧਰ ਦੇ ਚਾਰ-ਪੰਜ ਸਕੂਲਾਂ ਅਤੇ ਡੇਰੇ ਵਿੱਚ ਬੰਬ ਧਮਾਕੇ ਕੀਤੇ ਜਾਣਗੇ। ਈਮੇਲ ਵਿੱਚ ਪੀ.ਐੱਮ. ਮੋਦੀ ਨੂੰ 'ਖ਼ਾਲਿਸਤਾਨੀਆਂ ਦਾ ਦੁਸ਼ਮਣ' ਵੀ ਕਿਹਾ ਗਿਆ ਸੀ।

ਧਮਕੀਆਂ ਤੋਂ ਬਾਅਦ ਹੋਰ ਵਧੇਰੇ ਅਲਰਟ ਰੱਖਿਆ ਗਿਆ ਪਰ ਪ੍ਰਧਾਨ ਮੰਤਰੀ ਦਾ ਦੌਰਾ ਬਿਨਾਂ ਕਿਸੇ ਰੁਕਾਵਟ ਦੇ ਸਫਲ ਰਿਹਾ। ਪੁਲਿਸ ਅਜੇ ਵੀ ਈਮੇਲਾਂ ਦੇ ਭੇਜਣ ਵਾਲੇ ਦੀ ਟਰੇਸਿੰਗ ਕਰ ਰਹੀ ਹੈ ਪਰ ਅਜੇ ਤੱਕ ਕੋਈ ਗ੍ਰਿਫਤਾਰੀ ਜਾਂ ਪੱਕੀ ਜਾਣਕਾਰੀ ਨਹੀਂ ਆਈ।

ਪੀਐੱਮ ਦਾ ਦੌਰਾ ਸਫਲ ਰਿਹਾ ਅਤੇ ਭਾਈਚਾਰੇ ਨੂੰ ਵੱਡਾ ਸੰਦੇਸ਼ ਮਿਲਿਆ। ਇਹ ਘਟਨਾ ਦਿਖਾਉਂਦੀ ਹੈ ਕਿ ਵੱਡੇ ਰਾਜਨੀਤਕ/ਧਾਰਮਿਕ ਪ੍ਰੋਗਰਾਮਾਂ ਸਮੇਂ ਅਜਿਹੀਆਂ ਝੂਠੀਆਂ ਧਮਕੀਆਂ ਆਮ ਹੋ ਗਈਆਂ ਹਨ ਜੋ ਮੁੱਖ ਤੌਰ 'ਤੇ ਪੈਨਿਕ ਪੈਦਾ ਕਰਨ ਲਈ ਹੁੰਦੀਆਂ ਹਨ।


***

## ਭਾਜਪਾ ਦਾ 'ਮਿਸ਼ਨ ਪੰਜਾਬ': ਡੇਰਿਆਂ ਰਾਹੀਂ ਸਿਆਸੀ ਖੇਡ

ਭਾਜਪਾ ਦਾ ਵਧਦਾ ਪ੍ਰਭਾਵ ਅਕਾਲੀ ਨੂੰ ਪੰਥਕ ਵੋਟਾਂ ਤੋਂ ਵਾਂਝਾ ਕਰ ਸਕਦਾ ਹੈ।

ਹੁਣ ਸਵਾਲ ਅਕਾਲੀ ਦਲ ਦੀ ਨੀਤੀ ਦਾ ਹੈ। ਸਿੱਖ ਰਾਜਨੀਤੀ ਨੂੰ ਜਿਉਂਦਾ ਰੱਖਣ ਲਈ ਅਕਾਲੀ ਨੂੰ ਏਕਤਾ ਅਪਣਾਉਣੀ ਚਾਹੀਦੀ ਹੈ। ਪਹਿਲਾਂ ਤਾਂ ਧੜੇਬੰਦੀ ਖਤਮ ਕਰਨੀ ਪਵੇਗੀ। ਨਵੇਂ ਧੜੇ ਵਰਗੇ ਗਿਆਨੀ ਹਰਪ੍ਰੀਤ ਸਿੰਘ ਵਾਲੇ ਗਰੁੱਪ ਨੇ ਅਕਾਲੀ ਨੂੰ ਹੋਰ ਕਮਜ਼ੋਰ ਕੀਤਾ ਹੈ। ਅਕਾਲੀ ਦਲ ਨੂੰ ਪੂਨਰ ਏਕਤਾ ਦੀ ਲੋੜ ਹੈ। ਅਕਾਲੀ ਦਲ ਨੂੰ ਸੋਸ਼ਲ ਮੀਡੀਆ 'ਤੇ ਮਜ਼ਬੂਤੀ, ਕਿਸਾਨ ਵੋਟਾਂ ਵੱਲ ਵਾਪਸੀ ਕਰਨ ਲਈ , ਅਤੇ ਸ਼ਹਿਰੀ ਸਿੱਖ-ਹਿੰਦੂ ਵੋਟਾਂ ਨੂੰ ਟਾਰਗੈਟ ਕਰਨ ਲਈ ਕਦਮ ਕਰਨਾ ਪਵੇਗਾ। ਧਰਮ ਨੂੰ ਸਿਆਸਤ ਤੋਂ ਅਲੱਗ ਰੱਖਣਾ ਜ਼ਰੂਰੀ ਹੈ, ਕਿਉਂਕਿ ਡੇਰਾ ਸਿਆਸਤ ਨੇ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਇਆ ਹੈ। ਅਕਾਲੀ ਦਲ ਨੂੰ ਬੂਥ ਮੈਨੇਜਮੈਂਟ ਮਜ਼ਬੂਤ ਕਰਨ ਅਤੇ 'ਪੰਜਾਬ ਦੇ ਮਾਣ ਨੂੰ ਵਾਪਸ ਲਿਆਉਣ' ਵਰਗਾ ਨੈਰੇਟਿਵ ਬਣਾਉਣਾ ਪਵੇਗਾ। ਪੰਜਾਬ ਦੀ ਸਿਆਸਤ ਵਿੱਚ ਡੇਰਾਵਾਦ ਦੀ ਭੂਮਿਕਾ ਚਿੰਤਾਜਨਕ ਹੈ। ਇਹ ਨਾ ਸਿਰਫ਼ ਜਮਹੂਰੀਅਤ ਲਈ ਖ਼ਤਰਨਾਕ ਹੈ, ਬਲਕਿ ਪੰਜਾਬ ਦੀ ਵੱਖਰੀ ਤਾਸੀਰ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਸੂਝਵਾਨ ਵਰਗ ਇਸ ਤੋਂ ਨਾਖੁਸ਼ ਹੈ ਅਤੇ ਸਿਆਸੀ ਪਾਰਟੀਆਂ ਨੂੰ ਵੋਟ ਬੈਂਕ ਤੋਂ ਉੱਪਰ ਉੱਠ ਕੇ ਸੋਚਣਾ ਚਾਹੀਦਾ ਹੈ। ਭਾਜਪਾ ਦਾ ਮਿਸ਼ਨ ਪੰਜਾਬ ਨੂੰ ਨਵਾਂ ਮੋੜ ਦੇ ਸਕਦਾ ਹੈ, ਪਰ ਅਕਾਲੀ ਦਲ ਨੇ ਜੇਕਰ ਏਕਤਾ, ਅਕਾਲੀ ਕਿਰਦਾਰ ਪੰਜਾਬ ਪੱਖੀ ਖੁਦਮੁਖਤਿਆਰ ਰਣਨੀਤੀ ਅਪਣਾਈ, ਤਾਂ ਸਿੱਖ ਰਾਜਨੀਤੀ ਨੂੰ ਜਿਉਂਦਾ ਰੱਖ ਸਕਦਾ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ-ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**



## ਬਨਸਪਤਿ ਮਉਲੀ ਚੜਿਆ ਬਸੰਤੁ

ਦੇਸ਼ ਭਗਤ ਸਨ। ਜਿਹਨਾਂ ਨੇ ਰਾਜਨੀਤੀ ਦੇ ਖੇਤਰ ਵਿੱਚ ਕਾਫੀ ਨਾਮਣਾ ਖੱਟਿਆ। ਪਰ ਉਨ੍ਹਾਂ ਮੋਹਨ ਮਾਲਵੀਆ ਜੀ ਦੇ ਜੀਵਨ ਦਾ ਸਭ ਤੋਂ ਅਹਿਮ ਕੰਮ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਸਥਾਪਨਾ ਸੀ। ਉਹਨਾਂ 4 ਫ਼ਰਵਰੀ, 1916 ਨੂੰ ਬਸੰਤ ਪੰਚਮੀ ਵਾਲੇ ਦਿਨ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਤੋਂ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਨੀਂਹ ਰਖਵਾਈ। ਬਨਾਰਸ ਹਿੰਦੂ ਯੂਨੀਵਰਸਿਟੀ ਨੂੰ ਦੇਸ਼ ਦੀ ਪਹਿਲੀ ਭਾਰਤੀ ਸੰਸਕ੍ਰਿਤੀ ਵਾਲੀ ਯੂਨੀਵਰਸਟੀ ਹੋਣ ਦਾ ਮਾਣ ਜਾਂਦਾ ਹੈ। ਚਿਸ਼ਤੀ ਵੰਸ਼ ਦੇ ਸੂਫੀ ਫਕੀਰ ਹਜ਼ਰਤ ਨਿਜ਼ਾਮੁਦੀਨ ਔਲੀਆ ਦੇ ਮਕਬਰੇ ਉੱਪਰ ਦਿੱਲੀ ਵਿਖੇ ਬਸੰਤ ਪੰਚਮੀ ਦਾ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਪੀਲੇ ਕੱਪੜੇ ਪਹਿਨ ਕੇ ਅਤੇ ਹੱਥਾਂ ਵਿੱਚ ਪੀਲੇ ਫੁੱਲਾਂ ਦੇ ਗੁਲਦਸਤੇ ਲੈ ਕੇ ਮਕਬਰੇ 'ਤੇ ਸਜਦਾ ਕਰਨ ਲਈ ਪਹੁੰਚਦੇ ਹਨ।

ਇਸ ਤਰ੍ਹਾਂ ਬਸੰਤ ਪੰਚਮੀ ਦੇ ਦਿਨ ਨਾਲ ਬਹੁਤ ਸਾਰੀਆਂ ਅਹਿਮ ਇਤਿਹਾਸਿਕ ਘਟਨਾਵਾਂ ਜੁੜੀਆਂ ਹੋਈਆਂ ਹਨ। ਇਸ ਦਿਨ ਲੋਕ ਘਰਾਂ ਵਿੱਚ ਪੀਲੇ ਚੌਲ, ਅਤੇ ਕੇਸਰੀ ਖੀਰਾਂ ਬਣਾ ਕੇ ਬੜੇ ਚਾਅ ਨਾਲ ਖਾਂਦੇ ਹਨ। ਪਟਿਆਲੇ ਅਤੇ ਛੇਹਰਟਾ ਸਾਹਿਬ ਦੀ ਬਸੰਤ ਪੰਚਮੀ ਬਹੁਤ ਪ੍ਰਸਿੱਧ ਹੈ। ਇਸ ਤੋਂ ਇਲਾਵਾ ਇਸ ਦਿਨ ਥਾਂ-ਥਾਂ ਮੇਲੇ ਭਰਦੇ ਹਨ। ਮੇਲਿਆਂ ਵਿੱਚ ਮੁਟਿਆਰਾਂ ਬਸੰਤੀ ਚੁੰਨੀਆਂ ਅਤੇ ਗੱਭਰੂ ਬਸੰਤੀ ਪੱਗਾਂ ਬੰਨ੍ਹ ਕੇ ਆਉਂਦੇ ਹਨ।

ਬਸੰਤ ਦੇ ਤਿਉਹਾਰ ਨਾਲ ਪਤੰਗਬਾਜ਼ੀ ਦਾ ਕੋਈ ਸਿੱਧਾ ਸਬੰਧ ਨਹੀਂ ਹੈ। ਪਤੰਗਬਾਜ਼ੀ ਦਾ ਰਿਵਾਜ ਹਜ਼ਾਰਾਂ ਸਾਲ ਪਹਿਲਾਂ ਚੀਨ ਵਿੱਚ ਸ਼ੁਰੂ ਹੋਇਆ ਸੀ ਅਤੇ ਉੱਥੋਂ ਕੋਰੀਆ ਅਤੇ ਜਪਾਨ ਵਿੱਚ ਪ੍ਰਚਲਤ ਹੋਣ ਪਿੱਛੋਂ ਭਾਰਤ ਵਿੱਚ ਵੀ ਪ੍ਰਚੱਲਿਤ ਹੋ ਗਿਆ। ਹੁਣ ਦੇਸ਼ ਦੇ ਹੋਰ ਹਿੱਸਿਆਂ ਵਾਂਗ ਪਤੰਗਬਾਜ਼ੀ ਦਾ ਰਿਵਾਜ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਆਮ ਹੈ। ਬਸੰਤ ਪੰਚਮੀ ਵਾਲੇ ਦਿਨ ਸਵੇਰ ਤੋਂ ਹੀ ਨੌਜਵਾਨ ਪਤੰਗਬਾਜ਼ੀ ਸ਼ੁਰੂ ਕਰ ਦਿੰਦੇ ਹਨ। ਸਾਰਾ ਆਸਮਾਨ ਰੰਗ ਬਿਰੰਗੇ ਪਤੰਗਾਂ ਨਾਲ ਭਰਿਆ ਹੋਇਆ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਇਸ ਦਾ ਸਹੀ ਲੁਤਫ਼ ਉਠਾਉਣ ਲਈ ਇਸ ਦਿਹਾੜੇ ਨਾਲ ਸਬੰਧਤ ਘਟਨਾਵਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਕਾਦਰ ਦੀ ਕੁਦਰਤ ਦੀ ਬਹਾਰ ਦਾ ਅਨੰਦ ਮਾਨਣਾ ਚਾਹੀਦਾ ਹੈ।

***

## ਲਾਟ ਸਾਹਿਬ ਦੀ ਭੂਮਿਕਾ 'ਤੇ ਉੱਠਦੇ ਸਵਾਲ

ਪਿਛਲੇ ਦਿਨਾਂ ਵਿੱਚ ਰਾਜਪਾਲਾਂ ਵੱਲੋਂ ਸੂਬਾ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਮਨਜ਼ੂਰੀ ਨਾ ਦੇਣਾ ਜਾਂ ਰੋਕ ਕੇ ਰੱਖਣਾ ਉਨ੍ਹਾਂ ਦੇ ਪੱਖਪਾਤੀ ਰਵੱਈਏ ਦੇ ਸਬੂਤ ਵਜੋਂ ਵੇਖਿਆ ਗਿਆ। ਰਾਜਪਾਲਾਂ ਵੱਲੋਂ ਤ੍ਰਿਸ਼ੰਕੂ ਵਿਧਾਨ ਸਭਾਵਾਂ ਬਣਨ ਵੇਲੇ ਵੀ ਕਈ ਵਾਰ ਕੇਂਦਰ ਦੀਆਂ ਹਾਕਮ ਪਾਰਟੀਆਂ ਨੂੰ ਤਰਜੀਹ ਦਿੱਤੀ ਗਈ -ਜਿਵੇਂ 2018 ਵਿੱਚ ਕਰਨਾਟਕ ਅਤੇ 2019 ਵਿੱਚ ਮਹਾਰਾਸ਼ਟਰ ਵੱਡੀ ਮਿਸਾਲ ਬਣੇ ਹਨ।

ਯੂਨੀਵਰਸਿਟੀਆਂ ਵਿੱਚ ਨਿਯੁਕਤੀਆਂ ਨੂੰ ਲੈ ਕੇ ਵੀ ਰਾਜਪਾਲਾਂ ਵੱਲੋਂ ਮਨਮਾਨੀਆਂ ਕੀਤੀਆਂ ਗਈਆਂ। 2023 ਵਿੱਚ ਪੱਛਮੀ ਬੰਗਾਲ ਵਿੱਚ ਰਾਜਪਾਲ ਵੱਲੋਂ ਇੱਕਤਰਫ਼ਾ ਕੁੱਲਪਤੀਆਂ ਦੀ ਨਿਯੁਕਤੀ ਕੀਤੀ ਗਈ।

ਰਾਜਪਾਲ ਦੀ ਭੂਮਿਕਾ ਮਹੱਤਵਪੂਰਨ ਹੈ, ਪਰ ਸਿਆਸੀ ਪਿਛੋਕੜ ਅਤੇ ਮਨਮਾਨੀਆਂ ਕਾਰਨ ਇਹ 'ਲਾਟ ਸਾਹਿਬ' ਦੀ ਕੁਰਸੀ ਲਗਾਤਾਰ ਵਿਵਾਦਾਂ ਵਿੱਚ ਘਿਰਦੀ ਜਾ ਰਹੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਸੰਵਿਧਾਨਕ ਸਿਧਾਂਤਾਂ ਅਤੇ ਲੋਕਤੰਤਰੀ ਮਾਪਦੰਡਾਂ ਦੀ ਪਾਲਣਾ 'ਤੇ ਜ਼ੋਰ ਦਿੱਤਾ ਹੈ ਅਤੇ ਸਮਾਂ-ਬੱਧ ਫੈਸਲੇ ਕਰਨ ਲਈ ਦਿਸ਼ਾ-ਨਿਰਦੇਸ਼ ਵੀ ਦਿੱਤੇ ਹਨ।

ਅਸਲ ਵਿੱਚ ਵਿਵਾਦਾਂ ਦੀ ਜੜ੍ਹ ਰਾਜਪਾਲ ਦੀ ਨਿਯੁਕਤੀ ਦਾ ਤਰੀਕਾ, ਉਸਦੀ ਯੋਗਤਾ ਅਤੇ ਉਸਦਾ ਕੰਮ ਕਰਨ ਦਾ ਢੰਗ-ਤਰੀਕਾ ਹੈ। ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਰਾਜਪਾਲ ਨੂੰ ਨਾ ਤਾਂ ਆਮ ਲੋਕ ਚੁਣਦੇ ਹਨ ਅਤੇ ਨਾ ਹੀ ਕੋਈ ਵਿਸ਼ੇਸ਼ ਰੂਪ ਵਿੱਚ ਗਠਿਤ ਕਮੇਟੀ ਜਾਂ ਮੰਡਲ ਉਸਦੀ ਨਿਯੁਕਤੀ ਕਰਦਾ ਹੈ। ਰਾਜਪਾਲ ਨੂੰ ਰਾਸ਼ਟਰਪਤੀ ਨਿਯੁਕਤ ਕਰਦਾ ਹੈ ਅਤੇ ਇਸ ਲਈ ਉਸਨੂੰ ਮੌਜੂਦਾ ਕੇਂਦਰੀ ਹਾਕਮਾਂ ਦਾ ਨੁਮਾਇੰਦਾ ਕਿਹਾ ਜਾਂਦਾ ਹੈ।

***

## ਕੈਨੇਡਾ ਵਿੱਚ ਹੁੰਦੀ ਹੈ ਸਿਆਸੀ ਦਲਬਦਲੀ

ਸਭ ਤੋਂ ਪਹਿਲਾਂ 1868 ਵਿਚ ਨੋਵਾ ਸਕੋਸ਼ੀਆ ਨਾਲ ਸਬੰਧਤ ਸਾਂਸਦ ਸਟੀਵਰਡ ਕੈਂਪਬੈਲ ਨੇ ਦਲ ਬਦਲੀ ਕਰ ਕੇ ਸਰ ਜੌਹਨ ਮੈਕਡੋਨਾਲਡ ਦੀ ਲਿਬਰਲ ਕੰਜ਼ਰਵੇਟਿਵ ਵਿੱਚ ਕਨਫਡਰੇਟਾਂ ਨੂੰ ਛੱਡ ਕੇ ਸ਼ਮੂਲੀਅਤ ਕੀਤੀ। ਇਤਿਹਾਸ ਦੱਸਦਾ ਹੈ ਕਿ ਲੋਕਾਂ ਨੇ ਉਸ ਦੇ ਇਸ ਘਟੀਆ ਕਾਰਨਾਮੇ ਤੋਂ ਨਾਰਾਜ਼ ਹੋ ਕੇ ਉਸ 'ਤੇ ਆਂਡਿਆਂ ਦੀ ਵਰਖਾ ਕਰ ਕੇ ਬੇਇੱਜ਼ਤ ਕੀਤਾ ਸੀ। ਸੰਨ 1917 ਵਿੱਚ ਪਹਿਲੀ ਵਿਸ਼ਵ ਜੰਗ ਕਰਕੇ ਜਬਰੀ ਭਰਤੀ ਦੇ ਸਵਾਲ 'ਤੇ ਵਿਲਫਰਡ ਲਾਰੀਅਰ ਦੀ ਪੂਰੀ ਲਿਬਰਲ ਪਾਰਟੀ ਨੇ ਦਲ ਬਦਲੀ ਕਰ ਲਈ ਸੀ।

ਸਤੰਬਰ 2000 ਵਿੱਚ ਕਿਊਬਿਕ ਪ੍ਰਾਂਤ ਦੇ ਦੋ ਸਾਂਸਦ ਡੇਵਿਡ ਪ੍ਰਾਈਸ ਅਤੇ ਡਾਇਨਾ ਜੈਕਸ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਛੱਡ ਕੇ ਲਿਬਰਲ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਇਵੇਂ ਹੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਾਂਸਦ ਐਂਡਰੇ ਹਾਰਵੇ ਨੇ ਪਾਰਟੀ ਛੱਡ ਕੇ ਕੁਝ ਸਮਾਂ ਆਜ਼ਾਦ ਮੈਂਬਰ ਬਣੇ ਰਹਿਣ ਤੋਂ ਬਾਅਦ ਲਿਬਰਲ ਪਾਰਟੀ ਵਿੱਚ ਸ਼ਮੂਲੀਅਤ ਕਰ ਲਈ ਸੀ।

ਸੰਨ 2003 ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਸਾਂਸਦ ਸਕਾਟ ਬ੍ਰਿਸ਼ਨ ਨੇ ਲਿਬਰਲ ਪਾਰਟੀ ਦਾ ਪੱਲਾ ਫੜ ਲਿਆ। ਬਲਿੰਡਾ ਸਟਰੋਨਚ ਜਿਸ ਨੇ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਲਈ 2004 ਵਿੱਚ ਚੋਣ ਲੜੀ ਸੀ, ਉਨ੍ਹਾਂ ਨੇ 2005 ਵਿੱਚ ਲਿਬਰਲ ਪਾਰਟੀ ਦਾ ਪੱਲਾ ਫੜ ਲਿਆ ਸੀ। ਸੰਨ 2006 ਵਿੱਚ ਚੋਣ ਜਿੱਤਣ ਦੇ ਦੋ ਹਫ਼ਤਿਆਂ ਬਾਅਦ ਹੀ ਡੇਵਿਡ ਐਮਰਸਨ ਲਿਬਰਲ ਪਾਰਟੀ ਛੱਡ ਕੇ ਕੰਜ਼ਰਵੇਟਿਵ ਪਾਰਟੀ ਵਿੱਚ ਚਲਾ ਗਿਆ ਜਿਸ ਨੂੰ ਸਟੀਫਨ ਹਾਰਪਰ ਦੀ ਪਹਿਲੀ ਸਰਕਾਰ ਵਿਚ ਇਨਾਮ ਵਜੋਂ ਮੰਤਰੀ ਬਣਾਇਆ ਗਿਆ। ਸੰਨ 2018 ਵਿੱਚ ਲਿਓਨਾ ਲੈਸਲੇਵ ਨੇ ਲਿਬਰਲ ਪਾਰਟੀ ਛੱਡ ਕੇ ਕੰਜ਼ਰਵੇਟਿਵ ਪਾਰਟੀ ਦਾ ਪੱਲਾ ਫੜ ਲਿਆ। ਸੰਨ 2021 ਵਿੱਚ ਐਟਲਾਂਟਿਕ ਕੈਨੇਡਾ ਵਿਚ ਪਹਿਲੀ ਵਾਰ ਜਿੱਤੇ ਫਰੈਡਰਿਕਨ ਤੋਂ ਗਰੀਨ ਪਾਰਟੀ ਆਗੂ ਜੈਨਿਕ ਐਟਵਿਨ ਲਿਬਰਲ ਪਾਰਟੀ 'ਚ ਸ਼ਾਮਲ ਹੋ ਗਏ ਸਨ।

ਕੈਨੇਡਾ 'ਚ ਅਜੋਕੇ ਸਮੇਂ ਲੋਕ ਰਾਜਨੀਤਕ ਪਾਰਟੀਆਂ ਨੂੰ ਸਰਕਾਰ ਗਠਿਤ ਕਰਨ ਲਈ ਨਹੀਂ ਬਲਕਿ ਪ੍ਰਧਾਨ ਮੰਤਰੀ ਨੂੰ ਚੁਣਦੇ ਹਨ। ਅੰਦਰੂਨੀ ਲੋਕਤੰਤਰ ਰਾਹੀਂ ਸਥਾਨਕ ਪੱਧਰ 'ਤੇ ਹਲਕਿਆਂ 'ਚ ਸਾਂਸਦ ਜਾਂ ਵਿਧਾਨਕਾਰ ਚੁਣੇ ਜਾਂਦੇ ਹਨ। ਜਦੋਂ ਕੈਨੇਡੀਅਨ ਇੱਕ ਸਾਂਸਦ ਚੁਣਦੇ ਹਨ ਤਾਂ ਉਸ ਵਿੱਚ ਪੂਰਾ ਭਰੋਸਾ ਜਤਾਉਂਦੇ ਹੋਏ ਉਸ ਨੂੰ ਅਧਿਕਾਰਤ ਕਰਦੇ ਹਨ ਕਿ ਉਹ ਉਨ੍ਹਾਂ ਦੀ ਬੇਹਤਰੀ ਲਈ ਆਪਣੀ ਅੰਤਰ ਆਤਮਾ ਅਨੁਸਾਰ ਜੋ ਵਧੀਆ ਸਮਝੇ, ਕਰ ਸਕਦਾ ਹੈ। ਜੇ ਕੋਈ ਸੰਸਦ ਮੈਂਬਰ ਜ਼ਰੂਰੀ ਸਮਝੇ ਕਿ ਉਹ ਜਿਸ ਪਾਰਟੀ ਦੀ ਟਿਕਟ 'ਤੇ ਜਿੱਤਦਾ ਹੈ, ਉਸ ਦੀ ਥਾਂ ਦੂਸਰੀ ਪਾਰਟੀ ਵਿੱਚ ਜਾਣ ਨਾਲ ਆਪਣੇ ਹਲਕੇ ਦੀ ਵਧੀਆ ਪ੍ਰਤੀਨਿਧਤਾ ਕਰ ਸਕਦਾ ਹੈ ਤਾਂ ਪਾਲਾ ਬਦਲ ਸਕਦਾ ਹੈ ਜਾਂ ਆਜ਼ਾਦ ਸਾਂਸਦ ਦੇ ਤੌਰ 'ਤੇ ਸਦਨ ਵਿੱਚ ਬੈਠ ਸਕਦਾ ਹੈ। ਇਸ ਲਈ ਕੈਨੇਡਾ ਨੂੰ ਦਲ ਬਦਲੀ ਸਬੰਧੀ ਕੋਈ ਕਾਨੂੰਨ ਬਣਾਉਣ ਦੀ ਲੋੜ ਨਹੀਂ ਪਈ।

***

## ਕੀ ਹੋਵੇ ਲੋਕਤੰਤਰ ਦੇ ਹਿਤ 'ਚ ਭਾਜਪਾ ਵਿਰੋਧੀ

ਇਸ ਗੱਠਜੋੜ ਦੇ ਕੌਮੀ ਪੱਧਰ 'ਤੇ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਬੁਲਾਰੇ ਵੀ ਨਿਯੁਕਤ ਨਹੀਂ ਕੀਤੇ ਗਏ। ਗੱਠਜੋੜ ਵਿਚ ਸ਼ਾਮਿਲ ਪਾਰਟੀਆਂ ਵੱਲੋਂ ਸਮੇਂ ਸਿਰ ਸਾਂਝਾ ਰਾਜਨੀਤਕ ਪ੍ਰੋਗਰਾਮ ਬਣਾ ਕੇ ਵੀ ਦੇਸ਼ ਦੇ ਲੋਕਾਂ ਅੱਗੇ ਨਹੀਂ ਰੱਖਿਆ ਗਿਆ ਅਤੇ ਨਾ ਹੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਨਿਰੰਤਰ ਕੋਈ ਵੱਡੀਆਂ ਰੈਲੀਆਂ ਜਾਂ ਮੀਟਿੰਗਾਂ ਕੀਤੀਆਂ ਗਈਆਂ। ਸੀਟਾਂ ਦੀ ਵੰਡ-ਵੰਡਾਈ ਵੀ ਇਸ ਗੱਠਜੋੜ ਵਿਚ ਸ਼ਾਮਿਲ ਪਾਰਟੀਆਂ ਵਲੋਂ ਅੱਧੀ-ਅਧੂਰੀ ਹੀ ਕੀਤੀ ਗਈ। ਇਸ ਦੇ ਬਾਵਜੂਦ ਇਹ ਗੱਠਜੋੜ ਭਾਜਪਾ ਨੂੰ ਆਪਣੇ ਤੌਰ 'ਤੇ ਬਹੁਮਤ ਹਾਸਿਲ ਕਰਨ ਤੋਂ ਰੋਕਣ ਵਿੱਚ ਸਫ਼ਲ ਰਿਹਾ। ਜੇਕਰ ਇਸ ਗੱਠਜੋੜ ਦੀ ਆਪਸੀ ਏਕਤਾ ਅਤੇ ਇਕਸੁਰਤਾ ਹੋਰ ਪ੍ਰਭਾਵੀ ਹੁੰਦੀ ਤਾਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਵੱਲੋਂ ਭਾਜਪਾ ਨੂੰ ਹੋਰ ਵੀ ਵੱਡੀ ਰਾਜਨੀਤਕ ਚੁਣੌਤੀ ਦਿੱਤੀ ਜਾ ਸਕਦੀ ਸੀ। ਲੋਕ ਸਭਾ ਦੀਆਂ ਚੋਣਾਂ ਤੋਂ ਬਾਅਦ ਦੇਸ਼ ਵਿੱਚ ਜਿੰਨੇ ਵੀ ਰਾਜਾਂ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ, ਉਨ੍ਹਾਂ ਵਿੱਚ ਵੀ ਇਸ ਗੱਠਜੋੜ ਦੀਆਂ ਭਾਈਵਾਲ ਪਾਰਟੀਆਂ ਵਧੇਰੇ ਤਾਲਮੇਲ ਬਣਾ ਕੇ ਭਾਜਪਾ ਨੂੰ ਵੱਡੀ ਚੁਣੌਤੀ ਨਹੀਂ ਦੇ ਸਕੀਆਂ, ਜਿਸ ਕਾਰਨ ਇਸ ਗੱਠਜੋੜ ਵਿੱਚ ਸ਼ਾਮਿਲ ਪਾਰਟੀਆਂ ਨੂੰ ਕਈਆਂ ਚੋਣਾਂ ਵਿੱਚ ਹਾਰ ਦਾ ਮੂੰਹ ਦੇਖਣਾ ਪਿਆ। ਕਿਹਾ ਜਾ ਸਕਦਾ ਹੈ ਕਿ ਜੋ ਪ੍ਰਭਾਵ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇੰਡੀਆ ਗੱਠਜੋੜ ਨੇ ਬਣਾਇਆ ਸੀ, ਉਹ 2025 ਵਿੱਚ ਕਾਫੀ ਹੱਦ ਤੱਕ ਕਮਜ਼ੋਰ ਹੁੰਦਾ ਨਜ਼ਰ ਆਇਆ। ਵਿਰੋਧੀ ਪਾਰਟੀਆਂ ਵੱਲੋਂ ਇਸ ਗੱਠਜੋੜ ਨੂੰ ਸਿਰਫ਼ ਚੋਣ ਗੱਠਜੋੜ ਨਹੀਂ ਸਮਝਿਆ ਜਾਣਾ ਚਾਹੀਦਾ, ਸਗੋਂ ਇਸ ਨੂੰ ਵਿਰੋਧੀ ਪਾਰਟੀਆਂ ਦੀ ਰਾਜਨੀਤੀ ਤੇ ਰਣਨੀਤੀ ਦਾ ਸਥਾਈ ਮੰਚ ਬਣਾਉਣਾ ਪਵੇਗਾ।

ਜੇਕਰ ਭਾਜਪਾ ਵਿਰੋਧੀ ਪਾਰਟੀਆਂ ਵਾਕਈ ਇਹ ਮਹਿਸੂਸ ਕਰਦੀਆਂ ਹਨ ਕਿ ਭਾਜਪਾ ਦੀ ਫਿਰਕੂ ਧਰੂਵੀਕਰਨ ਦੀ ਰਾਜਨੀਤੀ ਤੋਂ ਦੇਸ਼ ਦੀ ਜਮਹੂਰੀਅਤ, ਧਰਮ ਨਿਰਪੱਖਤਾ, ਸੰਘੀ ਢਾਂਚੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਵੱਡੇ ਖ਼ਤਰੇ ਦਰਪੇਸ਼ ਹਨ ਜਾਂ ਇਸ ਦੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਲੋਕਾਂ ਦੇ ਰੋਟੀ ਰੋਜ਼ੀ ਦੇ ਸਾਧਨ ਖੋਹ ਰਹੀਆਂ ਹਨ ਅਤੇ ਦੇਸ਼ ਵਿਚ ਆਰਥਿਕ ਅਸਮਾਨਤਾਵਾਂ ਵਿੱਚ ਵੀ ਵਾਧਾ ਕਰ ਰਹੀਆਂ ਹਨ ਤਾਂ ਉਨ੍ਹਾਂ ਨੂੰ ਜਿਥੇ ਰਾਜਨੀਤਕ ਤੌਰ 'ਤੇ ਇਕਜੁਟਤਾ ਹਾਸਿਲ ਕਰਨੀ ਪਵੇਗੀ, ਉਥੇ ਹੇਠਾਂ ਤੱਕ ਆਪਣੇ ਸੰਗਠਨਾਂ ਨੂੰ ਵੀ ਮਜ਼ਬੂਤ ਬਣਾਉਣਾ ਪਵੇਗਾ, ਨਹੀਂ ਤਾਂ ਉਹ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਜਪਾ ਦੀ ਦੇਸ਼ ਦੀ ਰਾਜਨੀਤੀ 'ਤੇ ਜੋ ਮਜ਼ਬੂਤ ਪਕੜ ਬਣ ਚੁੱਕੀ ਹੈ, ਉਸ ਨੂੰ ਤੋੜਨ ਵਿਚ ਸਫ਼ਲ ਨਹੀਂ ਹੋ ਸਕਣਗੀਆਂ। ਕੰਧ 'ਤੇ ਲਿਖੀ ਇਹ ਇਬਾਰਤ ਉਨ੍ਹਾਂ ਨੂੰ ਚੰਗੀ ਤਰ੍ਹਾਂ ਪੜ੍ਹ ਲੈਣੀ ਚਾਹੀਦੀ ਹੈ।

***

## ਆਧੁਨਿਕ ਗਾਇਕੀ ਨੇ ਅਖਾੜਾ ਸੱਭਿਆਚਾਰ

ਨਵੀਂ ਪੀੜ੍ਹੀ ਦੀਆਂ ਸਮੱਸਿਆਵਾਂ ਤੇ ਰੀਝਾਂ ਨਵੇਂ ਯੁੱਗ ਅਨੁਸਾਰ ਨਵੀਆਂ ਹੋਣ ਕਰਕੇ ਅਖਾੜਾ ਸੱਭਿਆਚਾਰ ਉਨ੍ਹਾਂ ਦੀ ਦਿਲਚਸਪੀ ਦਾ ਸਾਧਨ ਨਹੀਂ ਰਿਹਾ। ਨਵੀਂ ਤੇ ਪੁਰਾਣੀ ਪੀੜ੍ਹੀ ਦੇ ਵਰਗ-ਅੰਤਰਾਲ ਨੇ ਅਖਾੜਾ ਸੱਭਿਆਚਾਰ ਨੂੰ ਕਾਫ਼ੀ ਢਾਹ ਲਾਈ। ਤੁਰਲੇ ਵਾਲੀ ਪੱਗ ਤੇ ਚਾਦਰਾ ਪੁਰਾਣੀ ਪੀੜ੍ਹੀ ਦਾ ਹਰਮਨ ਪਿਆਰਾ ਪਹਿਰਾਵਾ ਸੀ। ਜਦੋਂ ਕਿ ਨਵੀਂ ਪੀੜ੍ਹੀ ਲਈ ਇਹ ਅਨਪੜ੍ਹਾਂ ਦਾ ਪਹਿਰਾਵਾ ਬਣ ਕੇ ਰਹਿ ਗਿਆ। ਨਵੀਂ ਪੀੜ੍ਹੀ ਨੂੰ ਆਧੁਨਿਕ ਪਹਿਰਾਵੇ ਵਿੱਚ ਕਲਾਕਾਰ ਵੀ ਆਧੁਨਿਕ ਜਾਪਣ ਲੱਗੇ। ਇਸ ਤਰ੍ਹਾਂ ਅਖਾੜਾ ਸੱਭਿਆਚਾਰ ਨਵੀਂ ਪੀੜ੍ਹੀ ਦੇ ਚੇਤਿਆਂ ਵਿੱਚੋਂ ਗਾਇਬ ਹੁੰਦਾ ਜਾ ਰਿਹਾ ਹੈ। ਜਿਉਂ-ਜਿਉਂ ਅਸੀਂ ਪੈਂਤੀ ਅੱਖਰੀ ਵਰਣਮਾਲਾ ਤੋਂ ਦੂਰ ਹੁੰਦੇ ਜਾ ਰਹੇ ਹਾਂ, ਤਿਉਂ-ਤਿਉਂ ਅਸੀਂ ਮੁਹਾਵਰਿਆਂ ਤੇ ਅਖਾਣਾਂ ਦੇ ਬੋਧ ਨੂੰ ਗੁਆਈ ਜਾ ਰਹੇ ਹਾਂ। ਆਧੁਨਿਕਤਾ ਦੀ ਦੌੜ ਵਿੱਚ ਕਹਾਵਤਾਂ ਤੇ ਅਲੰਕਾਰਾਂ 'ਤੇ ਸਾਡੀ ਪਕੜ ਢਿੱਲੀ ਪੈ ਰਹੀ ਹੈ, ਜਿਸ ਕਰਕੇ ਅਸੀਂ ਰਵਾਇਤੀ ਗੀਤਕਾਰੀ ਤੇ ਗਾਇਕੀ ਤੋਂ ਵੀ ਦੂਰ ਹੁੰਦੇ ਜਾ ਰਹੇ ਹਾਂ। ਇਸ ਰੁਝਾਨ ਨੇ ਅਖਾੜਾ ਸੱਭਿਆਚਾਰ ਨੂੰ ਕਾਫ਼ੀ ਢਾਹ ਲਾਈ ਹੈ।

***

## ਪਹਿਲੀ ਨਜ਼ਰੇ ਲੋਕ-ਪੱਖੀ ਅਤੇ ਲੁਭਾਉਣਾ

ਭਾਰਤ ਦੇ ਸੰਦਰਭ ਵਿੱਚ, ਕੇਂਦਰ ਅਤੇ ਰਾਜ ਸਰਕਾਰਾਂ ਵਿਚਾਲੇ ਤਣਾਅ ਵਧ ਰਿਹਾ ਹੈ। ਕੇਂਦਰ ਵੱਲੋਂ ਸੈੱਸ ਆਮਦਨ ਨੂੰ ਰਾਜਾਂ ਨਾਲ ਨਾ ਸਾਂਝਾ ਕਰਨਾ, ਰਾਜਾਂ ਨਾਲ ਚੱਲਣ ਵਾਲੀਆਂ ਯੋਜਨਾਵਾਂ ਵਿੱਚ ਯੋਗਦਾਨ ਘਟਾਉਣਾ ਅਤੇ ਬੈਂਕਾਂ ਦਾ ਵਿਆਜ ਕਟੌਤੀਆਂ ਦਾ ਲਾਭ ਲੋਕਾਂ ਤੱਕ ਨਾ ਪਹੁੰਚਾਉਣਾ, ਭਾਰਤ ਵਿੱਚ ਨਾ ਸਿਰਫ ਵਿਕਾਸ ਦੀ ਗਤੀ ਰੋਕ ਰਿਹਾ ਹੈ, ਸਗੋਂ ਆਰਥਿਕ ਅਸਮਾਨਤਾ ਨੂੰ ਵਧਾ ਕੇ ਵਿਰੋਧੀ ਸਿਆਸੀ ਮਾਹੌਲ ਵੀ ਬਣਾ ਰਿਹਾ ਹੈ।

ਕਨੇਡਾ ਵਿੱਚ ਰੂਫ਼ ਦੇ ਅਸਤੀਫੇ ਦਾ ਮਾਮਲਾ ਦਰਸਾਉਂਦਾ ਹੈ ਕਿ ਜਦੋਂ ਮਹਿੰਗਾਈ ਅਤੇ ਰਹਿਣ-ਸਹਿਣ ਦੀ ਲਾਗਤ ਤੇਜੀ ਨਾਲ ਵਧਦੀ ਹੈ, ਤਾਂ ਆਮ ਲੋਕਾਂ ਦੀ ਖਰੀਦ ਸ਼ਕਤੀ ਪ੍ਰਭਾਵਿਤ ਹੁੰਦੀ ਹੈ, ਜਨਤਕ ਅਸੰਤੋਸ਼ ਵਧਦਾ ਹੈ ਅਤੇ ਲੋਕਾਂ ਵਲੋਂ ਸਿਆਸੀ ਸਮਰਥਨ ਘਟ ਜਾਂਦਾ ਹੈ। 6 ਜਨਵਰੀ 2015 ਨੂੰ ਟਰੂਡੋ ਨੇ ਅਸਤੀਫ਼ਾ ਦਿੱਤਾ, ਜਿਸ ਦੇ ਪਿੱਛੋਂ ਵਧਦਾ ਕਰਜ਼ਾ ਅਤੇ ਕਰਨ, ਕਾਲ ਤੋਂ ਬਾਅਦ ਘਰਾਂ ਦੀਆ ਕੀਮਤਾ ਵਿੱਚ 30-6 ਫ਼ੀਸਦੀ ਵਾਧਾ ਮੁੱਖ ਕਾਰਕ ਸਨ। ਭਾਰਤ ਵਿਚ ਵੀ ਚਿਤਾਵਨੀ ਵਾਲੇ ਸੰਕਤ ਲਗਾਤਾਰ ਆ ਰਹੇ ਹਨ। ਤਿਉਹਾਰਾਂ ਵਾਲੀ ਤਿਮਾਹੀ ਦੇ ਬਾਵਜੂਦ ਕਾਰਪੋਰਟਾਂ ਦੇ ਮੁਨਾਫਿਆਂ ਵਿੱਚ ਕਮਜ਼ਰੀ ਮੰਦੀ ਦੇ ਸੰਕੇਤ ਦਿੰਦੀ ਹੈ। ਜੇਕਰ ਖਪਤ ਨੂੰ ਤਸ਼ਾਹਿਤ ਕਰਨ ਵਾਲ ਉਪਾਅ ਬਿਨਾ ਮਜ਼ਬੂਤ ਮਾਲੀਆ ਅਧਾਰ ਦੇ ਕੇਵਲ ਅਸਥਾਈ ਰਾਹਤ ਦਿੰਦੇ ਹਨ ਅਤੇ ਜਨਤਕ ਇਕਾਈਆਂ ਦਾ ਉਧਾਰ ਕਰਜਿਆਂ ਵਾਲ ਪੱਖ ਤੇ ਗੁੰਝਲਤਾ ਵਧਾਉਂਦਾ ਹੈ, ਤਾਂ ਲੋਕਾਂ ਦੁਆਰਾ ਸਰਕਾਰ ਤੇ ਕੁਪ੍ਰਬੰਧਨ ਦੇ ਦੋਸ਼ ਲੱਗ ਸਕਦੇ ਹਨ।

ਇਹ ਅੰਤਰਰਾਸ਼ਟਰੀ ਉਦਾਹਰਨ ਸਾਵਧਾਨ ਕਰਦੇ ਹਨ, ਭਾਵੇਂ ਭਾਰਤ ਵਿੱਚ ਅੱਜ ਜੀ ਡੀ ਪੀ ਦੀ ਵਿਕਾਸ ਦਰ 775 ਫ਼ੀਸਦੀ ਹੈ, ਕਰਜ਼ਾ ਸੰਭਾਲਣਯੋਗ (ਜੀ.ਡੀ.ਪੀ ਦਾ 12.85 ਫ਼ੀਸਦੀ) ਸਥਿਤੀ ਵਿੱਚ ਹੈ ਅਤੇ ਸੰਸਥਾਗਤ ਮਜ਼ਬੂਤੀ ਮੌਜੂਦ ਹੈ। ਪਰ ਮਾਲੀਏ ਦੇ ਦਬਾਅ, ਅਚਾਨਕ ਛੋਟਾਂ, ਜਨਤਕ ਖਰਚ ਵਿੱਚ ਕਟੌਤੀ ਅਤੇ ਵਧਦੇ ਕਰਜ਼ਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਾਰਤ ਦਾ ਬਜਟ ਕੋਈ ਇਕੱਲਾ ਘਟਨਾ-ਕ੍ਰਮ ਨਹੀਂ, ਸਗੋਂ ਉਸ ਵਿਸ਼ਵਵਿਆਪੀ ਰੁਝਾਨ ਦਾ ਹਿੱਸਾ ਹੈ ਜਿਥੇ ਬਿਨਾਂ ਮਾਲੀਆ ਅਧਾਰ ਦੇ ਖਪਤ ਨੂੰ ਉਤਸ਼ਾਹਿਤ ਕਰਨਾ ਆਖ਼ਰਕਾਰ ਸਿਆਸੀ ਅਸਥਿਰਤਾ ਨੂੰ ਜਨਮ ਦਿੰਦਾ ਹੈ।

***

## ਯੂ.ਐੱਸ.-ਚਾਈਨਾ ਇਕਨਾਮਿਕ ਐਂਡ ਸਕਿਓਰਿਟੀ ਰਿਵਿਊ ਕਮਿਸ਼ਨ

2020 ਵਿੱਚ ਗਲਵਾਨ ਘਾਟੀ ਸਰਹੱਦੀ ਸੰਘਰਸ਼ ਤੋਂ ਬਾਅਦ ਚਾਰ ਸਾਲਾਂ ਤੱਕ ਤਣਾਅਪੂਰਨ ਰਹੇ ਇਨ੍ਹਾਂ ਦੋਵਾਂ ਦੱਖਣੀ ਏਸ਼ੀਆਈ ਗੁਆਂਢੀਆਂ ਵਿਚਕਾਰ ਸਬੰਧ, ਉੱਚ-ਪੱਧਰੀ ਦੁਵੱਲੇ ਦੌਰਿਆਂ ਤੋਂ ਬਾਅਦ ਬਿਹਤਰ ਹੋਣ ਲੱਗੇ ਹਨ।

ਯੂਨਾਈਟਿਡ ਸਟੇਟਸ-ਚਾਈਨਾ ਇਕਨਾਮਿਕ ਐਂਡ ਸਕਿਓਰਿਟੀ ਰਿਵਿਊ ਕਮਿਸ਼ਨ ਇੱਕ ਦੋ-ਪੱਖੀ ਵਿਧਾਨਕ ਸ਼ਾਖਾ ਕਮਿਸ਼ਨ ਹੈ, ਜਿਸ ਨੂੰ ਅਕਤੂਬਰ 2000 ਵਿੱਚ ਅਮਰੀਕੀ ਕਾਂਗਰਸ ਨੇ ਅਮਰੀਕਾ ਅਤੇ ਚੀਨ ਵਿਚਕਾਰ ਦੁਵੱਲੇ ਵਪਾਰ ਅਤੇ ਆਰਥਿਕ ਸਬੰਧਾਂ ਦੇ ਰਾਸ਼ਟਰੀ ਸੁਰੱਖਿਆ ਪ੍ਰਭਾਵਾਂ ਦੀ ਨਿਗਰਾਨੀ, ਜਾਂਚ ਅਤੇ ਰਿਪੋਰਟ ਕਰਨ ਲਈ ਬਣਾਇਆ ਸੀ।

ਪਿਛਲੇ ਦਹਾਕੇ ਵਿੱਚ ਵਾਸ਼ਿੰਗਟਨ ਨੇ ਇੰਡੋ-ਪੈਸੀਫਿਕ ਵਿੱਚ ਚੀਨ ਦੇ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਭਾਰਤ ਵਿੱਚ ਵੱਡਾ ਨਿਵੇਸ਼ ਕੀਤਾ ਹੈ। ਭਾਰਤ ਦੀ ਰਣਨੀਤਕ ਸਥਿਤੀ ਅਤੇ ਫੌਜੀ ਸਮਰੱਥਾਵਾਂ ਇਸ ਨੂੰ ਪੂਰੇ ਏਸ਼ੀਆ ਵਿੱਚ ਚੀਨ ਦੇ ਪ੍ਰਭਾਵ ਨੂੰ ਸੀਮਤ ਕਰਨ ਦੀਆਂ ਅਮਰੀਕੀ ਕੋਸ਼ਿਸ਼ਾਂ ਲਈ ਬਹੁਤ ਜ਼ਰੂਰੀ ਬਣਾਉਂਦੀਆਂ ਹਨ।

***

## ਦਲਾਈ ਲਾਮਾ ਨੂੰ ਮਿਲਿਆ

ਉਹ ਤਿੱਬਤੀ ਅਧਿਆਤਮਕ ਆਗੂ ਵੱਲੋਂ 'ਚੀਨ ਵਿਰੋਧੀ ਸਰਗਰਮੀਆਂ' ਨੂੰ ਅੰਜਾਮ ਦੇਣ ਲਈ ਇਸ ਮੰਚ ਦੀ ਵਰਤੋਂ ਕਰਨ ਦਾ ਸਖ਼ਤ ਵਿਰੋਧ ਕਰਦਾ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਇਹ ਦਾਅਵਾ ਦੁਹਰਾਇਆ ਕਿ 90 ਸਾਲਾ ਅਧਿਆਤਮਕ ਆਗੂ ਧਰਮ ਦੇ ਨਾਂ 'ਤੇ ਵੱਖਵਾਦੀ ਸਰਗਰਮੀਆਂ ਨੂੰ ਅੰਜਾਮ ਦੇ ਰਿਹਾ ਹੈ।

**ਗ੍ਰੈਮੀ ਵਿੱਚ ਭਾਰਤੀਆਂ ਦੀ ਝੋਲੀ ਖਾਲੀ**

ਸਿਤਾਰਵਾਦਕ ਅਨੁਸ਼ਕਾ ਸ਼ੰਕਰ, ਫਿਊਜ਼ਨ ਬੈਂਡ ਸ਼ਕਤੀ ਤੇ ਐਲਬਮ 'ਸਾਊਂਡਜ਼ ਆਫ ਕੁੰਭਾ' ਵੱਖ-ਵੱਖ ਵਰਗਾਂ ਵਿੱਚ ਗ੍ਰੈਮੀ ਪੁਰਸਕਾਰ ਜਿੱਤਣ ਵਿਚ ਨਾਕਾਮ ਰਹੇ। ਸ਼ੰਕਰ ਗਲੋਬਲ ਮਿਊਜ਼ਿਕ ਐਲਬਮ ਵਰਗ ਵਿੱਚ ਭਾਰਤੀ ਸੰਗੀਤਕਾਰ ਸਿਧਾਂਤ ਭਾਟੀਆ (ਸਾਊਂਡਜ਼ ਆਫ ਕੁੰਭਾ) ਤੇ ਸ਼ਕਤੀ (ਮਾਈਂਡ ਐਕਸਪਲੋਜ਼ਨ) ਲਈ ਨਾਮਜ਼ਦ ਸੀ। ਇਸ ਵਰਗ ਦਾ ਗ੍ਰੈਮੀ ਕਾਏਟਾਨੋ ਵੈਲੋਸ ਤੇ ਮਾਰੀਆ ਬੇਥਾਨੀਆ ਦੀ ਝੋਲੀ ਪਿਆ। ਉੱਘੇ ਸਿਤਾਰਵਾਦਕ ਰਵੀ ਸ਼ੰਕਰ ਦੀ ਧੀ ਅਨੁਸ਼ਕਾ ਨੇ ਹੁਣ ਤੱਕ 13 ਗ੍ਰੈਮੀ ਨਾਮਜ਼ਦਗੀਆਂ ਹਾਸਲ ਕੀਤੀਆਂ ਹਨ।

***

## ਤਾਮਿਲਨਾਡੂ ਵਿੱਚ ਸਿੱਖ ਵਿਆਹਾਂ ਦੀ

ਮੈਮੋਰੰਡਮ ਅਤੇ ਦਸਤਾਵੇਜ਼ਾਂ ਦੀ ਤਸਦੀਕ ਅਤੇ ਜਾਂਚ ਤੋਂ ਬਾਅਦ, ਰਜਿਸਟਰਾਰ ਵਿਆਹ ਦੇ ਵੇਰਵੇ ਰਜਿਸਟਰ ਵਿੱਚ ਦਰਜ ਕਰੇਗਾ ਅਤੇ ਆਨੰਦ ਮੈਰਿਜ ਸਰਟੀਫਿਕੇਟ ਜਾਰੀ ਕਰੇਗਾ। ਜੇਕਰ ਇਹ ਮੰਨਣ ਦੇ ਕਾਰਨ ਹਨ ਕਿ ਵਿਆਹ ਆਨੰਦ ਮੈਰਿਜ ਐਕਟ ਦੇ ਅਨੁਸਾਰ ਨਹੀਂ ਹੋਇਆ ਸੀ, ਤਾਂ ਸਬੰਧਿਤ ਧਿਰਾਂ ਨੂੰ ਹੋਰ ਜਾਣਕਾਰੀ ਦੇਣ ਲਈ ਕਿਹਾ ਜਾ ਸਕਦਾ ਹੈ। ਨਿਯਮਾਂ ਦੇ ਅਨੁਸਾਰ, 'ਰਜਿਸਟਰਾਰ, ਲਿਖਤੀ ਰੂਪ ਵਿੱਚ ਦਰਜ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਵਿਆਹ ਰਜਿਸਟਰ ਕਰਨ ਤੋਂ ਇਨਕਾਰ ਕਰ ਸਕਦਾ ਹੈ ਜੇਕਰ ਵਿਆਹ ਕਰਵਾਉਣ ਵਾਲੀਆਂ ਦੋਵੇਂ ਧਿਰਾਂ ਉਸਦੇ ਦੁਆਰਾ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੀਆਂ ਹਨ।'

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home